
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 7
May 30, 2018
Postal Address
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com


ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਮਹਾਨ ਕੁਰਬਾਨੀ ਦੇ ਪੁੰਜ, ਧਰਮ ਲਈ ਹਰ ਜ਼ੁਲਮ-ਸਿਤਮ ਮੂਹਰੇ ਡੱਟ ਕੇ ਖੜ੍ਹੇ ਹੋਣ ਵਾਲੇ ਪੰਜਵੇਂ ਪਾਤਸ਼ਾਹ ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਅਤੇ ਪਵਿੱਤਰ ਸ਼ਹਾਦਤ ’ਤੇ ਅਦਾਰਾ ‘ਦੇਸ਼ ਦੁਆਬਾ’ ਕੋਟਿ-ਕੋਟਿ ਪ੍ਰਣਾਮ ਕਰਦਾ ਹੈ। ਸ਼ਹਾਦਤ ਨਾਲ ਸਬੰਧਤ **ਲੇਖਕ ਅਵਤਾਰ ਸਿੰਘ ਮਿਸ਼ਨਰੀ** ਦਾ ਵਿਸ਼ੇਸ਼ ਲੇਖ **(ਦੇਖੋ ਸਫਾ 6 ’ਤੇ)**

## ਗੁਰੂ ਨਾਨਕ ਦੇਵ ਦੇ 550ਵੇਂ ਜਨਮ ਦਿਹਾੜੇ ਮੌਕੇ ਲਾਏ ਜਾਣਗੇ ਦਸ ਲੱਖ ਬੂਟੇ

**ਵਾਸ਼ਿੰਗਟਨ (ਬਿਊਰੋ)–** ਅਮਰੀਕਾ ਦੀ ਇਕ ਸਿੱਖ ਜਥੇਬੰਦੀ ਨੇ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਦੇ 550ਵੇਂ ਜਨਮ ਦਿਹਾੜੇ ਮੌਕੇ ਦਸ ਲੱਖ ਬੂਟੇ ਲਾਉਣ ਦਾ ਫ਼ੈਸਲਾ ਕੀਤਾ ਹੈ। ਵਾਸ਼ਿੰਗਟਨ ਡੀਸੀ ਆਧਾਰਤ ਜਥੇਬੰਦੀ ਈਕੋਸਿੱਖ ਦੇ ਪ੍ਰਧਾਨ ਡਾ. ਰਾਜਵੰਤ ਸਿੰਘ ਨੇ ਇਕ ਬਿਆਨ ਰਾਹੀਂ ਇਹ ਜਾਣਕਾਰੀ ਦਿੱਤੀ ਹੈ। ਉਨ੍ਹਾਂ ਕਿਹਾ, “ਗੁਰੂ ਨਾਨਕ ਦੇਵ ਜੀ ਕੁਦਰਤ ਪ੍ਰੇਮੀ ਸਨ। ਉਹ ਆਪਣੀਆਂ ਲਿਖਤਾਂ ਤੇ ਉਪਦੇਸ਼ਾਂ ਵਿੱਚ ਹਮੇਸ਼ਾ ਲੋਕਾਂ ਨੂੰ ਇਸ ਗੱਲ ਦੀ ਪ੍ਰੇਰਨਾ ਦਿੰਦੇ ਸਨ ਕਿ ਉਹ ਬ੍ਰਹਿਮੰਡ ਦੇ ਕਰਤਾ ਦੀ ਦੈਵੀ ਮੌਜੂਦਗੀ ਦਾ ਅਹਿਸਾਸ ਕਰਨ ਲਈ ਕੁਦਰਤ ਨੂੰ ਦੇਖਣ ਅਤੇ ਕੁਦਰਤ ਨਾਲ ਇਕ ਪਿਆਰ ਭਰਿਆ ਰਿਸ਼ਤਾ




ਕਾਇਮ ਕਰਨ।” ਉਨ੍ਹਾਂ ਕਿਹਾ ਕਿ ਸੰਸਥਾ ਵੱਲੋਂ ਇਸ ਮਕਸਦ ਲਈ ਦੁਨੀਆਂ ਭਰ ਵਿੱਚ ਰਹਿੰਦੇ ਸਿੱਖਾਂ ਤੱਕ ਪਹੁੰਚ ਕੀਤੀ ਜਾਵੇਗੀ ਅਤੇ ਉਨ੍ਹਾਂ ਨੂੰ ਵੱਖ-ਵੱਖ 1820 ਟਿਕਾਣਿਆਂ ਉਤੇ 550-550 ਬੂਟੇ ਲਾਉਣ ਦਾ ਸੱਦਾ ਦਿੱਤਾ ਜਾਵੇਗਾ, ਤਾਂ ਕਿ ਇਸ ਮੌਕੇ ਸਮੁੱਚੀ ਧਰਤੀ ਨੂੰ ਹਰਿਆਲੀ ਦਾ ਤੋਹਫ਼ਾ ਦਿੱਤਾ ਜਾ ਸਕੇ। ਉਨ੍ਹਾਂ ਕਿਹਾ ਕਿ ਜਥੇਬੰਦੀ ਇਸ ਮੌਕੇ ਚੜ੍ਹਦੇ ਤੇ ਲਹਿੰਦੇ ਪੰਜਾਬਾਂ ਵਿੱਚ ਗੁਰੂ ਨਾਨਕ ਦੇਵ ਨਾਲ ਸਬੰਧਤ ਸਥਾਨਾਂ ਉਤੇ ਬੂਟੇ ਲਾਉਣ ਦੀ ਮੁਹਿੰਮ ਸ਼ੁਰੂ ਕਰੇਗੀ। ਉਨ੍ਹਾਂ ਕਿਹਾ, ”ਮਹਾਨ ਸਮਾਜ ਸੁਧਾਰਕ ਗੁਰੂ ਨਾਨਕ ਦੇਵ ਦਾ 550ਵਾਂ ਗੁਰਪੁਰਬ ਦਿਹਾੜਾ ਮਨਾਉਣ ਲਈ ਰੁੱਖ ਲਾਉਣਾ ਇਕ ਬਿਹਤਰੀਨ ਤਰੀਕਾ ਹੋਵੇਗਾ।”

## ਯੂਬਾ ਸਿਟੀ ਕਬੱਡੀ ਕੱਪ, ਰੋਇਲ ਕਿੰਗ ਯੂ.ਐਸ.ਏ.ਨੇ ਕੈਨੇਡਾ ਨੂੰ ਹਰਾ ਕੇ ਜਿੱਤਿਆ

ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 3 ‘ਤੇ





ਪੀਸੀਏ ਫਰਿਜ਼ਨੋ ਦੇ ਸਭਿਆਚਾਰਿਕ ਮੇਲੇ ਤੇ ਕੁਲਵਿੰਦਰ ਬਿੱਲਾ ਅਤੇ ਰਾਜਵੀਰ ਜਵੰਦਾ ਨੇ ਕਰਵਾਈ ਬਹਿਜਾ ਬਹਿਜਾ **(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 12 'ਤੇ)**


MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)


ਮਨਜੀਤ ਕੌਰ
FARMERS INSURANCE
Auto, Home, Business, Commercial, Rental, Workecomp, Life, Health etc.
Manjit Kaur Insurance Agency
Cell: 916-412-5222 Email: mkaur@farmersagent.com
Tel: 916-550-0318 Fax: 916-891-5109
7651 Daly Ave, Suite Sacramento CA 95842
COVERED CALIFORNIA

Buying, Selling any Kind of Real Estate or just need friendly advice call
RE/MAX
DALVIR 'DIL' NIJJAR
Realtor,
Lic # 01418648
2081 Arena Blvd. @ 100
Sacramento CA 95835
916-628-2210
Dil.realtor@gmail.com



RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983


Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



BERKSHIRE HATHAWAY
Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ,
ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828


LIC# 01959890
Independently Owned & Operated
Jiwan Rattu
Jiwan.realtor@gmail.com
Realtor2081 Arena Boulevard Suite # 100
Sacramento, CA 95834
RE/MAX GOLD
Cell: (703) 546-6755, Office: (916) 285-1000, Fax: (916) 285-1010
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ

# Raja SWEETS & CATERING

AUTHORIZED CATERER FOR MAJOR 5-STAR HOTELS



**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook: rajasweetsandcatering
Follow us on Twitter: rajasweets



# INDIA BAZAAR



Jai Ram Gaught
Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com



# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ


Kash FABRICS



**ਸਾੜੀ ਸਪੈਸ਼ਲਟੀ**


* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



# INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..




ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com



## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਹੋਣ ਵਾਲੇ ਮਈ- ਜੂਨ ਮਹੀਨੇ ਦੇ ਸਮਾਗਮ

**May 27 to June 3, 2018 -**
**YOGA CAMP**

There is a YOGA camp going on in Gurughar for a week. There are 2 sessions on a daily basis; 6:00 AM to 8:00 AM and 6:00 PM to 8:00 PM. Please take advantage of this camp.

**June 10, 2018 -**
**Barsi of Late Bhai Darshan Ram Narabat**

Sri Sukhmani Sahib Path and Langar Sewa will be hosted by Bibi Piyari Narabat and entire family on the event of Barsi of their father Late Shri Darshan Ram Narabat. May Waheguru keep dedicated Narabat family in ChardiKala.

**June 30, 2018. Blood Drive**
**at SRI GURU RAVIDASS TEMPLE on Saturday**

Please register for donating blood, it is a noble cause. For more information regarding eligibility, you can click on the link below:

# ਯੂਬਾ ਸਿਟੀ ਕਬੱਡੀ ਕੱਪ, ਰੋਇਲ ਕਿੰਗ ਯੂ.ਐਸ.ਏ.ਨੇ ਕੈਨੇਡਾ ਨੂੰ ਹਰਾ ਕੇ ਜਿੱਤਿਆ

## ਅੰਤਰ 25 'ਚ ਖਾਲਸਾ ਸਪੋਰਟਸ ਕਲੱਬ ਜੇਤੂ



**ਯੂਬਾ ਸਿਟੀ (ਹੁਸਨ ਲੜੋਆ ਬੰਗਾ)–** ਯੂਬਾ ਸਿਟੀ ਤੀਸਰੇ ਕਬੱਡੀ ਕੱਪ ਦੌਰਾਨ ਐਤਕਾਂ ਵੀ ਫਸਵੀਂ ਕਬੱਡੀ ਦੇਖਣ ਨੂੰ ਮਿਲੀ। ਖਾਸ ਤੌਰ 'ਤੇ ਚਾਰ ਟੀਮਾਂ ਸੀਨੀਅਰ, ਜਿਹਨਾਂ 'ਚ ਰੋਇਲ ਕਿੰਗ ਅਮਰੀਕਾ, ਕੈਨੇਡਾ, ਟੀਮ ਮਿਡਵੈਸਟ, ਟੀਮ ਇੰਡੀਆ ਨੇ ਹਿੱਸਾ ਲਿਆ। ਇਸ ਤੋਂ ਇਲਾਵਾ ਅੰਡਰ 25 ਟੀਮਾਂ ਨੇ ਵੱਖਰੇ ਤੌਰ 'ਤੇ ਭਾਗ ਲਿਆ। ਓਪਨ ਕਬੱਡੀ ਵਿਚ ਰੌਇਲ ਕਿੰਗ ਨੇ ਕੈਨੇਡਾ ਨੂੰ ਫਸਵੇਂ ਮੈਚ ਦੌਰਾਨ ਹਰਾਇਆ ਤੇ ਕੈਨੇਡਾ ਨੂੰ ਦੂਸਰੇ ਥਾਂ ਤੇ ਹੀ ਸਬਰ ਕਰਨਾ ਪਿਆ। ਇਸ ਤੋਂ ਇਲਾਵਾ ਅੰਡਰ 25 ਵਿਚ ਖਾਲਸਾ ਸਪੋਰਟਸ ਕਲੱਬ ਨੇ ਖਾਲਸਾ ਵੌਰੀਅਰਜ਼ ਨੂੰ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਅੰਡਰ 21 ਵਿਚ ਕੈਲੀ ਸਪੋਰਟਸ ਕਲੱਬ ਨੇ ਖਾਲਸਾ ਵੌਰੀਅਜ਼ ਨੂੰ ਹਰਾ ਕੇ ਜਿੱਤ ਪ੍ਰਾਪਤ ਕੀਤੀ। ਇਹ ਕਬੱਡੀ ਕੱਪ ਸਰਬਜੀਤ ਥਿਆੜਾ, ਜੂਨੀਅਰ ਥਿਆੜਾ ਤੇ ਹਰਮਨ ਥਿਆੜਾ ਤੇ ਥਿਆੜਾ ਪਰਿਵਾਰ ਵੱਲੋਂ ਹਰ ਸਾਲ ਕਰਵਾਇਆ ਜਾਂਦਾ ਹੈ। ਇਸ ਵਾਰ ਇਸ ਕਬੱਡੀ ਕੱਪ ਨੂੰ ਵੇਖਣ ਲਈ ਵਿਸ਼ੇਸ਼ ਮਹਿਮਾਨਾਂ 'ਚ ਐਸ. ਪੀ. ਕੁਲਵੰਤ ਸਿੰਘ ਹੀਰ, ਸੁਰਜਨ ਸਿੰਘ ਚੱਠਾ, ਨੌਰਥ ਇੰਡੀਆ ਕਬੱਡੀ ਫੈਡਰੇਸ਼ਨ, ਸੁਰਿੰਦਰ ਸਿੰਘ ਅਟਵਾਲ, ਅਮਰੀਕਾ ਕਬੱਡੀ ਫੈਡਰੇਸ਼ਨ, ਸੁਰਿੰਦਰ ਸਿੰਘ ਅਟਵਾਲ, ਅਮਰੀਕਾ ਕਬੱਡੀ ਫੈਡਰੇਸ਼ਨ, ਕੁਲ-ਵੰਤ ਖੈਰਾ ਪ੍ਰਧਾਨ ਅਕਾਲੀ ਦਲ ਯੂ. ਐਸ. ਏ., ਰਜਿੰਦਰ ਸਿੰਘ ਚੌਹਾਨ, ਮਹਿੰਦਰ ਸਿੰਘ ਥਿਆੜਾ, ਜੋਗਾ ਸਿੰਘ ਥਿਆੜਾ, ਸੰਨੀ ਸਮਰਾ, ਲੀਜੈਂਡ ਟਰੱਕਿੰਗ, ਸਰਬਜੀਤ ਸਿੰਘ ਸਾਬੀ, ਹਰਜੀਤ ਗਿੱਲ, ਅਜੈਬ ਮੱਲ੍ਹੀ, ਕੁਲਤਾਰ ਸਿੰਘ, ਗੁਰਮੀਤ ਤੱਖਰ, ਹਰਮਨ ਬਸਰਾ, ਪਿੰਦਰ ਸਿੰਘ ਕੰਗ, ਹਰਬੰਸ ਪੰਮਾ ਆਦਿ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਇਸ ਮੌਕੇ ਸਰਬਜੀਤ ਥਿਆੜਾ ਅਤੇ ਪਤਵੰਤਿਆਂ ਵੱਲੋਂ ਪਹਿਲੇ ਦੂਜੇ ਸਥਾਨ ਤੇ ਆਉਣ ਵਾਲੀਆਂ ਟੀਮਾਂ ਨੂੰ ਨਕਦ ਇਨਾਮ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੈਸਟ ਰੇਡਰ ਜੌਨੀ ਗਿੱਲ, ਬੰਨਾ ਧਾਲੀਵਾਲ, ਗੁਰਪ੍ਰੀਤ ਬੁਰਜ ਅਤੇ ਸਟੌਪਰਾਂ ਵਿਚ ਪੀਕ ਸਿਆਟਲ ਨੂੰ ਚੁਣਿਆ ਗਿਆ।



ਜਿੱਤਣ ਵਾਲੀਆਂ ਟੀਮਾਂ, ਜਿਹਨਾਂ 'ਚ ਰੌਇਲ ਕਿੰਗ ਨੂੰ 15 ਹਜ਼ਾਰ, ਕਨੇਡਾ ਨੂੰ 11 ਹਜ਼ਾਰ ਅਤੇ ਮਿਡਵੈਸਟ ਨੂੰ 9 ਹਜ਼ਾਰ ਅਤੇ ਇੰਡੀਆ ਨੂੰ 7 ਹਜ਼ਾਰ ਇਨਾਮ ਦਿੱਤੇ ਗਏ, ਜੋ ਸਿਰਫ ਥਿਆੜਾ ਪਰਿਵਾਰ ਵੱਲੋਂ ਹੀ ਦਿੱਤੇ ਗਏ। ਇਸ ਮੌਕੇ ਸਰਬਜੀਤ ਥਿਆੜਾ ਨੇ ਕਿਹਾ ਕਿ ਅਗਲੇ ਵਰ੍ਹੇ ਵੀ ਇਸ ਤੋਂ ਵਧੀਆ ਪ੍ਰਬੰਧਾਂ ਅਧੀਨ ਕਬੱਡੀ ਕੱਪ ਕਰਵਾਇਆ ਜਾਵੇਗਾ। ਇਸ ਟੂਰਨਾਮੈਂਟ ਦੀ ਕੁਮੈਂਟਰੀ ਮੱਖਣ ਅਲੀ ਅਤੇ ਰਾਜਵਿੰਦਰ ਰੰਡਿਆਲਾ ਨੇ ਕੀਤੀ।



## ਗੁਰੂ ਘਰ ਟਾਇਰਾ ਬਿਊਨਾ ਯੂਬਾ ਸਿਟੀ ਦੇ ਜੂਨ ਮਹੀਨੇ ਦੇ ਪ੍ਰੋਗਰਾਮ

1 ਜੂਨ ਸ਼ੁੱਕਰਵਾਰ ਤੋਂ 3 ਜੂਨ ਐਤਵਾਰ ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਸੇਵਾ ਵੱਲੋਂ ਸਰਦਾਰ ਰਣਦੀਪ ਸਿੰਘ ਉਪਲ ਪਰਿਵਾਰ ਵੱਲੋਂ।

2 ਜੂਨ ਸ਼ਨਿਚਰਵਾਰ ਵਿਆਹ ਬੇਟੀ ਮਾਨਸਿਮਰਨ ਕੌਰ ਪੁੱਤਰੀ ਸ. ਮਨਮਿੰਦਰ ਸਿੰਘ ਮੰਡੇਰ।

2 ਜੂਨ ਸ਼ਨਿਚਰਵਾਰ ਨੂੰ ਸਪੈਸ਼ਲ ਈਵੈਂਟ ਦੀਵਾਨ ਸਰਬ ਰੋਗ ਕਾ ਅਉਖਧ ਸਮਾਗਮ (ਨਾਮ ਸਮਾਗਮ)।

3 ਜੂਨ ਐਤਵਾ ਸਵੇਰੇ ਦੀਵਾਨ ਭੋਗ ਸ੍ਰੀ ਅਖੰਡ ਪਾਠ ਸਾਹਿਬ, ਕੀਰਤਨ, ਕਥਾ ਅਤੇ ਲੰਗਰ ਦੀ ਸੇਵਾ ਵੱਲੋਂ ਸ. ਰਣਦੀਪ ਸਿੰਘ ਉਪਲ।

3 ਜੂਨ ਐਤਵਾਰ ਸ੍ਰੀ ਸੁਖਮਨੀ ਸਾਹਿਬ ਪਾਠ ਅਤੇ ਕੀਰਤਨ ਸੇਵਾ ਰਿਹਾਇਸ਼ ਸ. ਬਖਸ਼ੀਸ਼ ਸਿੰਘ ਜੀ 'ਤੇ।


# SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਇੰਡੋ ਅਮੈਰਿਕਨ ਕਲੱਬ ਸੈਕਰਾਮੈਂਟੋ ਨੇ ਕਰਵਾਇਆ ਪ੍ਰੋ. ਚੰਦੂਮਾਜਰਾ ਲਈ ਸਵਾਗਤੀ ਸਮਾਗਮ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)–** ਇੰਡੋ ਅਮੈਰਿਕਨ ਕਲੱਬ ਸੈਕਰਾਮੈਂਟੋ ਵੱਲੋਂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਦੀ ਆਮਦ ’ਤੇ ਇਕ ਸਵਾਗਤੀ ਸਮਾਗਮ ਉਘੇ ਅਕਾਲੀ ਆਗੂ ਸ. ਹਰਬੰਸ ਸਿੰਘ ਪੰਮਾ ਦੀ ਪ੍ਰਧਾਨਗੀ ਹੇਠ ਫਲੇਮਿੰਗੋ ਬੈਂਕੁਇਟ ਹਾਲ ਸੈਕਰਾਮੈਂਟੋ ਵਿਖੇ ਕਰਵਾਇਆ ਗਿਆ। ਇਸ ਮੌਕੇ ਇੱਕੀਵੀਂ ਸਦੀ ਦੇ ਸਿੱਖ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਵੱਡੇ ਭਾਈ ਸਾਹਿਬ ਕੈਪਟਨ ਹਰਚਰਨ ਸਿੰਘ ਰੋਡੇ ਵਿਸ਼ੇਸ਼ ਤੌਰ ’ਤੇ ਇਯ ਸਮਾਗਮ ਵਿਚ ਪਹੁੰਚੇ। ਉਹਨਾਂ ਸੰਬੋਧਨ ਕਰਦਿਆਂ ਕਿਹਾਕਿ ਸਿੱਖਾਂ ਦੀ ਇਕੋ ਇਕ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਬਾਦਲ ਹੀ ਹੈ ਅਤੇ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ। ਸਾਨੂੰ ਇਹਨਾਂ ਦੀ ਰਹਿਨੁਮਾਈ ਹੇਠ ਡਟ ਕੇ ਸਹਿਯੋਗ ਦੇਣਾ ਚਾਹੀਦਾ ਹੈ। ਇਸ ਸਮਾਗਮ ਵਿਚ



ਸ. ਨਰਿੰਦਰਪਾਲ ਸਿੰਘ ਹੁੰਦਲ ਪ੍ਰਧਾਨ ਇੰਡੋ ਅਮੈਰਿਕਨ ਕਲੱਬ ਸੈਕਰਾਮੈਂਟੋ, ਵਿਨੇ ਵੋਹਰਾ, ਨਿਕਸਨ ਔਜਲਾ, ਕੁਲਦੀਪ ਸਿੰਘ ਜੋਧਾਂਵਾਲਾ, ਪ੍ਰੋ. ਮੁਖਤਾਰ ਸਿੰਘ ਗਿੱਲ, ਲਖਵਿੰਦਰ ਸਿੰਘ ਲੱਖੀ, ਦਲਜੀਤ ਸਿੰਘ ਸੰਧੂ, ਸੁਖਵਿੰਦਰ ਸਿੰਘ ਸੰਘੇੜਾ, ਸੋਨੂੰ ਹੁੰਦਲ, ਰੌਣਕ ਸਿੰਘ ਲਾਸ ਏਂਜਲਸ, ਦਲਜੀਤ ਸਿੰਘ ਢੰਡਾ, ਜਗਜੀਤ ਸਿੰਘ ਰੰਧਾਵਾ, ਸ. ਤੁੰਗ, ਜਰਨੈਲ ਸਿੰਘ ਰੱਕੜ, ਕਰਨੈਲ ਸਿੰਘ ਰੱਕੜ, ਜਰਨੈਲ ਸਿੰਘ ਰੰਧਾਵਾ, ਅਜੀਤ ਸਿੰਘ ਸਾਬਦਾ ਸਰਪੰਚ ਸਿੰਬਲ ਮਜਾਰਾ, ਜਰਨੈਲ ਸਿੰਘ ਸਾਬਕਾ ਸਚਪੰਚ, ਸੁਰਜੀਤ ਸਿੰਘ, ਬਲਵੰਤ ਸਿੰਘ ਬਾਂਕਾ, ਗੁਰਬਿੰਦਰ ਸਿੰਘ ਤੂਰ, ਗੁਰਦੀਪ ਸਿੰਘ ਸਬਾਜਪੁਰ, ਕਮਲ ਬੰਗਾ, ਰੂਬੀ ਬੈਂਸ, ਕਰਨੈਲ ਸਿੰਘ ਸੈਣੀ, ਪ੍ਰਿਤਪਾਲ ਸਿੰਘ ਝਾਵਰ, ਜਨਕ ਰਾਜ ਸਿਧਰਾ, ਸੁਰਿੰਦਰ ਸਿੰਘ ਬਿੰਦਰਾ ਆਦਿ ਸ਼ਾਮਲ ਹੋਏ।

# ਮਾਈ ਟੀ. ਵੀ. ਅਤੇ ਰੇਡੀਓ ਵਰਜੀਨੀਆ ’ਚ ਸ਼ੁਰੂ

## ਵੰਨ-ਸੁਵੰਨੇ ਚੈਨਲਾਂ ਰਾਹੀ ਵਾਸ਼ਿੰਗਟਨ-ਮੈਟਰੋਪੁਲਿਟਨ ਏਰੀਏ ਦਾ ਬਣੇਗਾ ਸ਼ਿੰਗਾਰ

**ਵਰਜੀਨੀਆ (ਰਾਜ ਗੋਗਨਾ)–** ਮੀਡੀਆ ਇੱਕ ਐਸਾ ਸ੍ਰੋਤ ਹੈ, ਜਿਸ ਦੀ ਲੋੜ ਹਰੇਕ ਨੂੰ ਹੁੰਦੀ ਹੈ। ਹਰ ਕੋਈ ਚਾਹੁੰਦਾ ਹੈ ਕਿ ਉਸ ਦੀਆਂ ਕਾਰਗੁਜ਼ਾਰੀਆਂ, ਪ੍ਰਾਪਤੀਆਂ ਟੀਵੀ ਸਕਰੀਨ ਅਤੇ ਰੇਡੀਓ ਤੇ ਦਰਸਾਈਆਂ ਜਾਣ। ਇੱਥੋਂ ਤੱਕ ਕਿ ਲੁਕੀ ਯੋਗਤਾ ਨੂੰ ਉਭਾਰਨ ਦਾ ਵੀ ਰਸਤਾ ਮੀਡੀਆ ਹੈ,ਜਿਸ ਨੂੰ ਹਰ ਕੋਈ ਚਹੰਦਾ ਹੈ ਕਿ ਉਹ ਟੀਵੀ ਤੇ ਦਿਖਾਇਆ ਜਾਵੇ।ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁੱਖ ਰੱਖਦੇ ਹੋਏ ਮੋਨੀ ਗਿੱਲ ,ਕੁਲਦੀਪ ਗਿੱਲ ਤੇ ਉਨ੍ਹਾਂ ਦੀ ਸਮੁੱਚੀ ਟੀਮ ਨੇ ’ਮਾਈ ਟੀ. ਵੀ. ,ਰੇਡੀਓ’ ਦੀ ਸ਼ੁਰੂਆਤ ਵਰ-ਜੀਨੀਆ ਤੋਂ ਕੀਤੀ ਹੈ। ਜਿਸ ਦਾ ਉਦਘਾਟਨ ਉੱਘੇ ਫਿਲਮ ਅਦ-ਾਕਾਰ ਅਤੇ ਡਾਇਰੈਕਟਰ ਨੂਰ-ਨਗਮੀ ਨੇ ਆਪਣੇ ਕਰ ਕਮਲਾ ਨਾਲ ਰੀਬਨ ਕੱਟ ਕੇ ਕੀਤੀ।ਜਿੱਥੇ ਆਏ ਮਹਿਮਾਨਾਂ ਵਲੋਂ ਤਾੜੀਆਂ ਨਾਲ ਸਵਾਗਤ ਕੀਤਾ ਗਿਆ । ਨਗਮੀ ਸਾਹਿਬ ਨੇ ਆਪਣੇ ਵਿਚਾਰਾਂ ਦੀ ਸਾਂਝ ਵੀ ਪਾਈ।

ਮਾਈ ਟੀ. ਵੀ. ਰੇਡੀਓ ਦੀ ਡਾਇਰੈਕਟਰ ਮੋਨੀ ਸਿੰਘ ਗਿੱਲ ਨੇ ਇਸ ਚੈਨਲ ਬਾਰੇ ਜਾਣਕਾਰੀ ਦਿੱਤੀ। ਜਿੱਥੇ ਉਨ੍ਹਾਂ ਵੰਨਗੀ ਦਰ ਵੰਨਗੀ ਪ੍ਰੋਗਰਾਮਾਂ ਬਾਰੇ ਦੱਸਿਆ, ਜਿਸ ਵਿੱਚ ਇੱਕ ਮੁਲਾਕਾਤ, ਸਾਂਝਾ ਪੰਜਾਬ, ਗੀਤਾਂ ਦਾ ਪਰਾਗਾ, ਰਸੋਈ, ਤੀਆਂ ਦਾ ਤ੍ਰਿੰਝਣ ਤੋਂ ਇਲਾਵਾ ਸਥਾਨਕ ਪ੍ਰੋਗਰਾਮਾਂ ਨੂੰ ਕੈਮਰਾਬੰਦ ਕਰਨ ਬਾਰੇ ਦਸਿਆ।ਉਪਰੰਤ ਖਬਰਾਂ ਰਾਹੀਂ ਲੋਕਾਂ ਨੂੰ ਜਾਣਕਾਰੀ ਦੇਣ ਦਾ ਵਾਅਦਾ ਵੀ ਕੀਤਾ।ਉੱਥੇ ਸਮੂਹ ਡਾਇਰੈਕਟਰਾਂ ਵਲੋਂ ਆਪਣੇ ਆਪਣੇ ਪ੍ਰੋਗਰਾਮ ਬਾਰੇ ਦੱਸਿਆ ਗਿਆ।

ਆਗਿਆਪਾਲ ਸਿੰਘ ਬਾਠ ਨੇ ਕਿਹਾ ਕਿ ਅਸੀਂ ਕਾਫੀ ਸਮੇਂ ਤੋਂ ਇਸ ਚੈਨਲ ਨੂੰ ਸਰੋਤਿਆਂ ਦੇ ਰੂਬਰੂ ਕਰਨਾ ਚਾਹੁੰਦੇ ਸੀ। ਡਾ. ਜਤਿੰਦਰ ਮਾਨ ਜੋ ਇੱਕ ਹਿਸਟੋਰੀਅਨ ਹਨ ਨੇ ਦੱਸਿਆ ਕਿ ਸਾਬਕਾ ਰਾਸਟਰਪਤੀ ਜੈਫਰਸਨ ਜੇਕਰ ਸਤਾਰਾਂ ਘੰਟੇ ਪੜ੍ਹ ਸਕਦੇ ਹਨ।ਕੀ ਅਸੀ ਸਤਾਰਾਂ ਘੰਟੇ ਪ੍ਰੋਗਰਾਮ ਨਹੀ ਦਿਖਾ ਸਕਦੇ। ਸੋ ਉਨ੍ਹਾਂ ਦੇ ਕਹੇ ਸ਼ਬਦਾਂ ਨੇ ਸਰੋਤਿਆਂ ਵਿੱਚ ਜਾਨ ਪਾ ਦਿੱਤੀ ਅਤੇ ਡਾਇਰੈਕਟਰਾਂ ਵਲੋਂ ਟੀ ਵੀ ਨੂੰ 24K7 ਚਲਾਉਣ ਦਾ ਐਲਾਨ ਕੀਤਾ ਗਿਆ। ਜੋ ਛੇਤੀ ਹੀ ਵੇਖਣ ਨੂੰ ਮਿਲੇਗਾ। ਮਹਿਤਾਬ ਸਿੰਘ ਕਾਹਲੋਂ ਨੇ ਕਿਹਾ ਕਿ ਇਸ ਟੀ ਵੀ ਦੀ ਬਹੁਤ ਸਖਤ ਲੋੜ ਸੀ ਜਿਸ ਨੂੰ ਪੂਰਿਆਂ ਕਰਨ ਵਿੱਚ ਕੁਲਦੀਪ ਗਿੱਲ ਅਤੇ ਮੋਨੀ ਗਿੱਲ ਨੇ ਹੰਭਲਾ ਮਾਰਿਆ, ਜੋ ਪ੍ਰਸ਼ੰਸਾਯੋਗ ਹੈ। ਸੋ ਇਸ ਮਾਈ ਟੀ ਵੀ ਰਾਹੀਂ ਸਾਨੂੰ ਭਰਪੂਰ ਜਾਣਕਾਰੀ ਮੁਹੱਈਆ ਕਰਨਗੇ। ਹਰਜੀਤ ਹੁੰਦਲ ਵਲੋਂ ਇੱਕ ਮੁਲਾਕਾਤ ਪ੍ਰੋਗਰਾਮ ਪੇਸ਼ ਕਰਨ ਬਾਰੇ ਦੱਸਿਆ ਅਤੇ ਇਸ ਮਾਈ ਟੀ ਵੀ ਨੂੰ ਸਰੋਤਿਆਂ ਦਾ ਚੈਨਲ ਦੱਸ ਕੇ ਵਾਹ ਵਾਹ ਖੱਟੀ ਹੈ। ਮਨਜੀਤ ਸਿੰਘ ਨੇ ਕਿਹਾ ਕਿ ਉਹ ਸਰੋਤਿਆਂ ਦੀਆਂ ਮੁਸ਼ਕਲਾਂ ਤੇ ਹੱਲ ਦੇ ਰਾਹ ਨੂੰ ਪੱਧਰਾ ਕਰਨਗੇ, ਜੋ ਉਨ੍ਹਾਂ ਦੀ ਲੰਬੇ ਸਮੇਂ ਤੋਂ ਸੋਚ ਸੀ, ਕਮਲ ਸੰਧੂ ਨੇ ਕਿਹਾ ਕਿ ਕੋਈ ਵੀ ਕਾਰਜ ਕਰਨ ਲਈ ਦ੍ਰਿੜ ਇਰਾਦਾ ਚਾਹੀਦਾ ਹੈ ਜੋ ਮੋਨੀ ਗਿੱਲ ਤੇ ਕੁਲਦੀਪ ਗਿੱਲ ਵਿੱਚ ਹੈ ਸੋ ਇਨ੍ਹਾਂ ਨੇ ਉਹ ਕਰ ਵਿਖਾਇਆ ਜਿਸ ਦੀ ਆਸ ਲਾਈ ਅਸੀਂ ਬੈਠੇ ਸੀ। ਚੜ੍ਹਦੀ ਕਲਾ ਸਪੋਰਟਸ ਕਲੱਬ ਨੇ ਵੀ ਸਹਿਯੋਗ ਦਾ ਵਾਅਦਾ ਕੀਤਾ ਅਤੇ ਹਰ ਵੇਲੇ ਸੇਵਾਵਾਂ ਦੇਣ ਲਈ ਵਚਨਬੱਧਤਾ ਦੁਹਰਾਈ। ਪਵਨ ਸਿੰਘ ਨੇ ਕਿਹਾ ਕੇ ਪੰਜਾਬੀ ਨੂੰ ਮਜ਼ਬੂਤ ਕਰਨ ਤੇ ਫੈਲਾਉਣ ਲਈ ਮਾਈ ਟੀਵੀ ਪੂਰਾ ਯੋਗਦਾਨ ਪਾਵੇਗਾ।ਉਨਾ ਕਿਹਾ ਕਿ ਉਹ ਅਮਰੀਕਨ ਪ੍ਰੋਗਰਾਮ ਲੈ ਕੇ ਆਉਣਗੇ।ਅਮੋਲਕ ਸਿੰਘ ਨੇ ਕਿਹਾ ਕਿ ਅਸੀਂ ਚੈਨਲ ਵਾਸਤੇ ਹਰ ਸੰਭਵ ਮਦਦ ਵਾਸਤੇ ਹਰ ਵੇਲੇ ਤਿਆਰ ਹਾਂ। ਡਾ. ਸ਼ੰਕਰ ਸਿੰਘ ਖਿੱਪਰ ਜੋ ਸਾਬਕਾ ਡੀਨ ਰਹਿ ਚੁੱਕੇ ਹਨ ਨੇ ਕਿਹਾ ਕਿ ਪੰਜਾਬੀ ਨੂੰ ਪ੍ਰਫੁੱਲਤ ਕਰਨ ਅਤੇ ਵਿਰਸੇ ਨੂੰ ਮਜ਼ਬੂਤ ਕਰਨ ਲਈ ਮਾਈ ਟੀ. ਵੀ. ਚੈਨਲ ਅਥਾਹ ਯੋਗਦਾਨ ਪਾਵੇਗਾ। ਅਖੀਰ ਵਿੱਚ ਡਾ. ਸੁਰਿੰਦਰ ਸਿੰਘ ਗਿੱਲ ਜਰਨਲਿਸਟ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਸ ਚੈਨਲ ਦਾ ਨਾਮ ਹੀ ਹਰੇਕ ਦਾ ਆਪਣਾ ਟੀ. ਵੀ. ਹੈ।

ਸੋ ਇਸ ਦੀ ਕਾਮਯਾਬੀ ਖੁਦ ਹੀ ਹਰੇਕ ਦੀ ਜ਼ਿੰਮੇਵਾਰੀ ਬਣਦੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਦੋਹਰੀ ਪਹਿਚਾਣ ਗਿੱਲ ਪ੍ਰੀਵਾਰ ਨਾਲ ਹੈ ਜੋ ਮਾਈ ਟੀ. ਵੀ.-ਰੇਡੀਓ ਨੂੰ ਬੁਲੰਦੀਆਂ ਤੱਕ ਲਿਜਾਣ ਲਈ ਵਚਨਬੱਧਤਾ ਨਿਭਾਵਾਂਗੀ। ਅਖੀਰ ਵਿੱਚ ਕੇਕ ਕੱਟਿਆ ਗਿਆ ਤੇ ਸਭਦਾ ਧੰਨਵਾਦ ਕੀਤਾ ਗਿਆ।



# ਡਾਕਟਰ ਸੋਨੀਆ ਨੂੰ ਸਦਮਾ

## ਮਾਤਾ ਬੇਅੰਤ ਕੌਰ ਜੀ ਦਾ ਦਿਹਾਂਤ

**ਸਵੀਡਨ (ਅਰੋੜਾ):** ਮਨੁੱਖੀ ਅਧਿਕਾਰੀ ਸਵੀਡਨ ਤੇ ਲੋਕ ਇਨਸਾਫ ਪਾਰਟੀ ਸਵੀਡਨ ਦੇ ਪ੍ਰਧਾਨ ਡਾਕਟਰ ਸੋਨੀਆ ਜੀ ਦੀ ਮਾਤਾ ਬੇਅੰਤ ਕੌਰ ਜੀ ਦਾ 70 ਸਾਲਾਂ ਦੀ ਉਮਰ ’ਚ ਦਿਹਾਂਤ ਹੋ ਗਿਆ। ਉਹ ਪਿਛਲੇ ਕਾਫੀ ਸਮੇਂ ਤੋਂ ਬੀਮਾਰ ਚੱਲ ਰਹੇ ਸਨ। ਅਚਾਨਕ ਸਿਹਤ ਖਰਾਬ ਹੋਣ ਕਾਰਨ ਉਹਨਾਂ ਨੂੰ ਲੁਧਿਆਣਾ ਦੇ ਦੇ ਇਕ ਨਿੱਜੀ ਹਸਪਤਾਲ ’ਚ ਲਿਜਾਇਆ ਗਿਆ, ਜਿਥੇ ਉਹਨਾਂ ਦੀ ਮੌਤ ਹੋ ਗਈ। ਮਾਤਾ ਜੀ ਆਪਣੇ ਪੁੱਤਰ ਨਾਲ ਲੁਧਿਆਣੇ ’ਚ ਰਹਿੰਦੇ ਸਨ।





ਨਿਊਯਾਰਕ ਅਰਥਲਿੰਕ ਕੰਸਟਰੰਕਸ਼ਨ ਕੰਪਨੀ ਦੇ ਮਾਲਿਕ ਹਰਪਿੰਦਰ ਸਿੰਘ ਬਿੱਟੂ ਨੇ ਆਪਣੇ ਵਿਆਹ ਦੀ 15 ਵੀ ਵਰੇਗੰਢ ਕੋਟੇਲਿਅਨ ਬੈਕਟ ਹਾਲ ਲਾਂਗਆਈਲੈਂਡ ਨਿਊਯਾਰਕ ਵਿਖੇ ਮਨਾਈ , ਹਰਪਿੰਦਰ ਸਿੰਘ ਅਤੇ ਜੋਤੀ ਨੂੰ ਵਿਆਹ ਦੀ 15ਵੀ ਵਰੇਗੰਢ ਦੀ ਬਹੁਤ-ਬਹੁਤ ਮੁਬਾਰਕਬਾਦ।


BAGGA JEWELERS

916-912-8842, 916-329-8772

SINCE 1996

jewelers.Bagga@gmail.com

ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ ’ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



6930 65TH STREET # 115 SACRAMENTO CA 95823

Sandeep Jony Bagga



‘ਦੇਸ਼ ਦੁਆਬਾ’

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com


## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ ’ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।


1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com

# ਸਿਆਟਲ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਉਤਸਵ ਮੌਕੇ ਗਿਆਨੀ ਰਣਜੀਤ ਸਿੰਘ ਨੇ ਕਥਾ ਰਾਹੀਂ ਗੁਰੂ ਜੱਸ ਗਾਇਨ ਕੀਤਾ






**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਗੁਰਦੁਆਰਾ ਸੱਚਾ ਮਾਰਗ ਐਬਰਨ ਵਿਖੇ ਸ਼ਾਮ ਦੇ ਧਾਰਮਿਕ ਦੀਵਾਨ ਸਜਾ ਕੇ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦਾ ਗੁਰਪੁਰਬ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ, ਜਿੱਥੇ ਬੰਗਲਾ ਸਾਹਿਬ ਗਰਦੁਆਰਾ ਦਿੱਲੀ ਦੇ ਹੈਡ ਗ੍ਰੰਥੀ ਗਿਆਨੀ ਰਣਜੀਤ ਸਿੰਘ ਨੇ ਕਥਾ ਰਾਹੀਂ ਗੁਰੂ ਦਾ ਜੱਸ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਭਾਰੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਲਗਵਾਈ। ਗੁਰਦੁਆਰਾ ਦੇ ਸਟੇਜ ਸਕੱਤਰ ਹਰਸ਼ਿੰਦਰ ਸਿੰਘ ਸੰਧੂ ਨੇ ਸਮੂਹ ਸੰਗਤ ਨੂੰ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ। ਇਸ ਸਬੰਧ ਵਿਚ ਲੰਗਰਾਂ ਦੀ ਸੇਵਾ ਅਮਰੀਕ ਸਿੰਘ ਵਿਰਕ ਤੇ ਉਹਨਾਂ ਦੇ ਲੜਕੇ ਸੇਮ ਵਿਰਕ ਦੇ ਸਮੁੱਚੇ ਪਰਿਵਾਰ ਵੱਲੋਂ ਨਿਭਾਈ ਗਈ।

ਅਖੀਰ ਵਿਚ ਹੈਡ ਗ੍ਰੰਥੀ ਭਾਈ ਗੁਰਮੀਤ ਸਿੰਘ ਨੇ ਦਿੱਲੀ ਤੋਂ ਉਚੇਚੇ ਤੌਰ 'ਤੇ ਪਹੁੰਚੇ ਗਿਆਨੀ ਰਣਜੀਤ ਸਿੰਘ ਤੇ ਉਹਨਾਂ ਦੇ ਸਹਿਯੋਗੀ ਕੁਲਤਰਨ ਸਿੰਘ ਅਟਵਾਲ ਨੂੰ ਗੁਰੂ ਘਰ ਵੱਲੋਂ ਸਿਰੋਪਾਓ ਦੇ ਕੇ ਨਿਵਾਜਿਆ ਗਿਆ।

ਸਿਆਟਲ ਦੀ ਸੰਗਤ ਨੇ ਗਿਆਨੀ ਰਣਜੀਤ ਸਿੰਘ ਦੇ ਵਿਚਾਰ, ਸੁਝਾਓ ਤੇ ਗੁਰੂ ਜੀ ਵੱਲੋਂ ਦਿੱਤੇ ਉਪਦੇਸ਼ ਤੇ ਸਿੱਖਿਆਵਾਂ ਸੁਣ ਕੇ ਪ੍ਰਭਾਵਿਤ ਹੋਏ ਅਤੇ ਗਿਆਨੀ ਜੀ ਦੀ ਸ਼ਲਾਘਾ ਕੀਤੀ।

ਅਖੀਰ ਵਿਚ ਵੱਖ ਕਮਰੇ ਵਿਚ ਬੈਠ ਕੇ ਪ੍ਰਬੰਧਕ ਕਮੇਟੀ ਤੇ ਸੰਗਤਾਂ ਨਾਲ ਸਿੱਖੀ ਮਰਿਆਦਾ ਬਾਰੇ ਵਿਚਾਰ ਚਰਚਾ ਕੀਤੀ ਅਤੇ ਸੰਗਤਾਂ ਨੂੰ ਸਵਾਲਾਂ ਦੇ ਜੁਆਬ ਬੜੇ ਸੁਚੱਜੇ ਢੰਗ ਨਾਲ ਦਿੱਤੇ।

# ਸਿਆਟਲ ਦਾ ਨਗਰ ਕੀਰਤਨ ਖਾਲਸਾਈ ਰੰਗ ਵਿਚ ਰੰਗਿਆ ਗਿਆ




**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਪੰਜਾਬੀ ਭਾਈਚਾਰੇ ਦੀ ਸੰਘਣੀ ਵੱਸੋਂ ਵਾਲੇ ਸ਼ਹਿਰ ਕੈਂਟ ਦੇ ਸੋਵੈਅਰ ਸੈਂਟਰ ਵਿਚ ਵਾਸ਼ਿੰਗਟਨ ਸਟੇਟ ਦੀ ਸਮੂਹ ਸੰਗਤ ਨੇ ਸਿਆਟਲ ਦੇ ਨਗਰ ਕੀਰਤਨ ਦਾ ਆਨੰਦ ਮਾਣਿਆ।

ਸਵੇਰ ਤੋਂ ਹੀ ਸੋਵੈਅਰ ਸੈਂਟਰ ਵਿਚ ਧਾਰਮਿਕ ਦੀਵਾਨ ਸਜਾਇਆ ਗਿਆ, ਜਿੱਥੇ ਗੁਰੂ ਦੇ ਨਤਮਸਤਕ ਹੋਣ ਲਈ ਸਜਾਏ ਗਏ ਸੁੰਦਰ ਹਾਲ 'ਚ ਲੰਮੀ ਲਾਈਨ ਤੇ ਭੀੜ ਰਹੀ ਅਤੇ ਸੋਵੈਅਰ ਦੇ ਬਾਹਰ 45 ਵੰਨ ਸੁਵੰਨੇ ਖਾਣਿਆਂ, ਪਕਵਾਨਾਂ ਦੇ ਲੰਗਰਾਂ ਦੇ ਸਟਾਲ ਸਜਾਏ ਗਏ।

ਧਾਰਮਿਕ ਦੀਵਾਨ ਵਿਚ ਸਟੇਜ ਦਾ ਸੰਚਾਲਨ ਅਵਤਾਰ ਸਿੰਘ ਆਦਮਪੁਰੀ ਅਤੇ ਮਨਮੋਹਨ ਸਿੰਘ ਸੋਢੀ ਨੇ ਕੀਤਾ। ਇਸ ਮੌਕੇ ਭਾਈ ਜਰਨੈਲ ਸਿੰਘ, ਭਾਈ ਪਰਮਜੀਤ ਸਿੰਘ, ਭਾਈ ਵਰਿਆਮ ਸਿੰਘ ਦੇ ਜਥਿਆਂ ਨੇ ਜਸਭਿੰਨਾ ਕੀਰਤਨ ਕੀਤਾ ਅਤੇ ਭਾਈ ਸ਼ੇਰ ਸਿੰਘ ਨੇ ਕਥਾ ਰਾਹੀਂ ਅਤੇ ਭਾਈ ਮੇਜਰ ਸਿੰਘ ਦੇ ਜਥੇ ਨੇ ਢਾਡੀ ਵਾਰਾਂ ਸੁਣਾ ਕੇ ਸੰਗਤ ਵਿਚ ਜੋਸ਼ ਭਰ ਦਿੱਤਾ।

2.30 ਮਿੰਟ ਤੇ ਨਗਰ ਕੀਰਤਨ ਅਰਦਾਸ ਕਰਕੇ ਆਰੰਭ ਕੀਤਾ, ਜਿੱਥੇ ਵੱਖ ਵੱਖ ਗੁਰੂ ਘਰਾਂ ਵੱਲੋਂ ਫਲੋਟ ਤਿਆਰ ਕਰਕੇ, ਗਤਕੇ ਦੇ ਬੱਚਿਆਂ ਨੇ ਗੱਤਕੇ ਦੇ ਜੌਹਰ ਦਿਖਾਏ ਅਤੇ ਸਕੂਲੀ ਬੱਚਿਆਂ ਨੇ ਸਤਿਨਾਮ-ਵਾਹਿਗੁਰੂ ਦਾ ਨਾਮ ਜਪਿਆ। ਸਿੱਖ ਫਾਰ ਜਸਟਿਸ ਵੱਲੋਂ ਫਲੋਟ ਸਜਾ ਕੇ ਖਾਲਿਸਤਾਨ ਦੇ ਨਾਅਰੇ ਵੀ ਲਾਏ।

ਸੋਵੇਅਰ ਸੈਂਟਰ ਦੇ ਬਾਹਰ ਸਾਰਾ ਦਿਨ ਵੱਖ-ਵੱਖ ਤਰ੍ਹਾਂ ਦੇ ਸੇਵਾਦਾਰਾਂ ਵੱਲੋਂ 45 ਸਟਾਲ ਸਜਾ ਕੇ ਸੰਗਤਾਂ ਲਈ ਲੰਗਰ ਦੇ ਰੂਪ ਵਿਚ ਪੇਸ਼ ਕੀਤੇ, ਜਿਸ ਨੂੰ ਭਾਰੀ ਸੰਗਤ ਨੇ ਆਨੰਦ ਮਾਣਿਆ। ਸਿਆਟਲ ਦਾ ਨਗਰ ਕੀਰਤਨ ਬਹੁਤ ਸੋਹਣਾ ਪ੍ਰਭਾਵਸ਼ਾਲੀ ਤੇ ਸਫਲ ਰਿਹਾ। ਜਿੱਥੇ ਕੋਈ ਅਣ-ਸੁਖਾਵੀਂ ਘਟਨਾ ਨਹੀਂ ਵਾਪਰੀ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ





**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੇ ਬੜੇ ਸ਼ਰਧਾਲੂ ਪਰਿਵਾਰ ਭਾਈ ਉਂਕਾਰ ਸਿੰਘ ਗਰੇਵਾਲ ਜੀ, ਬੀਬੀ ਦਲਵਿੰਦਰ ਕੌਰ ਗਰੇਵਾਲ ਜੀ ਵੱਲੋਂ 27 ਮਈ ਦਿਨ ਐਤਵਾਰ ਨੂੰ ਪਰਿਵਾਰ ਦੀ ਚੜ੍ਹਦੀ ਕਲਾ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਕੀਤੀ ਗਈ, ਜਿਸ ਵਿਚ 27 ਮਈ ਦਿਨ ਐਤਵਾਰ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ।

ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਬੀਬੀ ਲੋਚਨਾ ਰਾਏ, ਭਾਈ ਹੀਰਾ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਭਾਈ ਉਕਾਰ ਸਿੰਘ ਜੀ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਮਾਣਯੋਗ ਸ੍ਰੀ ਦਲਵਿੰਦਰ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਗੁਰੂ ਪਿਆਰੀ ਸਾਧ ਸੰਗਤ ਜੀਓ ਆਪ ਜੀ ਨੂੰ ਬੜੇ ਪਿਆਰ, ਨਿਮਰਤਾ ਸਹਿਤ ਬੇਨਤੀ ਹੈ ਕਿ ਗੁਰੂ ਘਰ ਦੇ ਹੈਡ ਕੈਸ਼ੀਅਰ ਸ੍ਰੀ ਰਾਮ ਸੇਵਕ ਭਾਟੀਆ ਜੀ, ਬੀਬੀ ਸੰਧਿਆ ਭਾਟੀਆ ਪਰਿਵਾਰ ਵੱਲੋ ਪਰਿਵਾ ਦੀ ਚੜ੍ਹਦੀ ਕਲਾ ਲਈ ਮਿਤੀ 1, 2, 3 ਜੂਨ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਸੋ ਆਪ ਸਭ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਸਮਾਗਮ ਵਿਚ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

# ਐੱਸ.ਸੀ.ਬੀ.ਸੀ. ਫੈੱਡਰੇਸ਼ਨ ਨੇ ਮਨਾਇਆ ਬਾਬਾ ਸਾਹਿਬ ਦਾ ਜਨਮ ਦਿਵਸ

**ਹੁਸ਼ਿਆਰਪੁਰ–** ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ.ਸੀ.ਬੀ.ਸੀ.ਇੰਪਲਾਇਜ਼ ਵੈੱਲਫੇਅਰ ਫੈੱਡਰੇਸ਼ਨ ਪੰਜਾਬ ਦੇ ਸੂਬਾ ਚੇਅਰਮੈਨ ਸ. ਜਸਬੀਰ ਸਿੰਘ ਪਾਲ ਅਤੇ ਸੂਬਾ ਪ੍ਰਧਾਨ ਸ਼੍ਰੀ ਬਲਰਾਜ ਕੁਮਾਰ ਦੇ ਦਿਸ਼ਾ ਨਿਰਦੇਸ਼ ਤਹਿਤ ਬਲਾਕ 2-ਏ ਹੁਸ਼ਿਆਰਪੁਰ ਦੇ ਪਿੰਡ ਬਸੀ ਦੌਲਤ ਖਾਂ ਵਿਚ ਬਲਾਕ ਪ੍ਰਧਾਨ ਸ਼੍ਰੀ ਯੋਧਾ ਮੱਲ ਦੀ ਪ੍ਰਧਾਨਗੀ ਅਤੇ ਡਾ. ਜਸਵੰਤ ਰਾਏ ਦੀ ਸਰ-ਪ੍ਰਸਤੀ ਹੇਠ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰ-ਬੇਡਕਰ ਜੀ ਦੀ 127 ਵੀਂ ਜਯੰਤੀ ਮਨਾਈ ਗਈ।ਮੁਖ ਬੁਲਾਰੇ ਸ਼ਾਇਰ ਮਦਨ ਵੀਰਾ ਅਤੇ ਡਾ. ਜਸਵੰਤ ਰਾਏ ਨੇ ਬਾਬਾ ਸਾਹਿਬ ਦੇ ਜੀਵਨ ਅਤੇ ਮਿਸ਼ਨ ਤੇ ਚਾਨਣਾ ਪਾਉਂਦਿਆਂ ਕਿਹਾ ਕਿ ਉਨ੍ਹਾਂ ਨੇ ਜ਼ਮੀਨ ਤੋਂ ਉਠ ਕੇ ਅਸਮਾਨ ਤੱਕ ਦੀ ਪ੍ਰਾਪਤੀ ਕਰਦਿਆਂ ਦਲਿਤ ਅਤੇ ਦਮਿਤ ਸਮਾਜ ਦੀਆਂ ਭਾਰਤ ਵਿਚ ਜੜ੍ਹਾਂ ਲਾਈਆਂ।ਉਹ ਸੰਸਾਰ ਪੱਧਰ ਦੇ ਸਕਾਲਰ ਸਨ ਜਿਨ੍ਹਾਂ ਦੀਆਂ ਲਿਖਤਾਂ ਦਾ ਵਿਸ਼ਵ ਯੂਨੀਵਰਸਿਟੀਆਂ ਨੇ ਨੋਟਿਸ ਹੀ ਨਹੀਂ




ਲਿਆ ਸਗੋਂ ਆਪਣੇ ਪਾਠਕ੍ਰਮ ਦਾ ਹਿੱਸਾ ਵੀ ਬਣਾਇਆ।ਆ-ਧੁਨਿਕ ਭਾਰਤ ਦੀ ਨੀਂਹ ਰੱਖਣ ਵਿਚ ਬਾਬਾ ਸਾਹਿਬ ਦਾ ਬਹੁਤ ਵੱਡਾ ਹੱਥ ਹੈ। ਉਨ੍ਹਾਂ ਦੇ ਆਪਣੇ ਪਾਕ ਚਰਿੱਤਰ ਕਰਕੇ ਹੀ ਉਨ੍ਹਾਂ ਦਾ ਵੱਡਾ ਨਾਂ ਹੈ।ਅੱਜ ਉਨ੍ਹਾਂ ਦੀਆਂ ਲਿਖਤਾਂ ਦੇ ਅਧਾਰ ਤੇ ਉਨ੍ਹਾਂ ਨੂੰ ਸਿਰਫ ਦਲਿਤ ਨੇਤਾ ਹੀ ਨਹੀਂ ਸਗੋਂ ਰਾਸ਼ਟਰੀ ਨੇਤਾ ਦੇ ਤੌਰ ਤੇ ਸਮਝਣ ਅਤੇ ਅਧਿਐਨ ਕਰਨ ਦੀ ਜ਼ਰੂਰਤ ਹੈ।ਇਸ ਸਮੇਂ ਮਾਸਟਰ ਸੁਰਜੀਤ ਸਿੰਘ ਨੇ ਬਾਬਾ ਸਾਹਿਬ ਨੂੰ ਸ਼ਰਧਾਂਜਲੀ ਵਜੋਂ ਇੱਕ ਮਿਸ਼ਨਰੀ ਗੀਤ ਨਾਲ ਹਾਜ਼ਰੀ ਲਗਵਾਈ।ਸਟੇਜ ਦੀ ਕਾਰਵਾਈ ਮਾਸਟਰ ਯੋਧਾ ਮੱਲ ਨੇ ਬਾਖੂਬੀ ਨਿਭਾਈ। ਧੰਨਵਾਦੀ ਸ਼ਬਦ ਸ਼੍ਰੀ ਲਸ਼ਕਰ ਸਿੰਘ ਨੇ ਆਖੇ। ਇਸ ਮੌਕੇ ਮਾਸਟਰ ਲਖਵਿੰਦਰ ਰਾਮ, ਜਰਨੈਲ ਸਿੰਘ ਸੀਕਰੀ, ਸੁਰਜੀਤ ਸਿੰਘ, ਜਸਵਿੰਦਰ ਸਿੰਘ, ਬਲਦੇਵ ਸਿੰਘ, ਪਵਨ ਕੁਮਾਰ ਮਾਹੀ, ਕੁਲਦੀਪ ਸਿੰਘ, ਅਸ਼ਵਨੀ ਕੁਮਾਰ, ਸੰਦੀਪ ਕੁਮਾਰ, ਕੁਲਦੀਪ ਕੁਮਾਰ, ਸਤਪਾਲ ਸਿੰਘ, ਅਸ਼ਵਨੀ ਕੁਮਾਰ ਤਨੂੰਲੀ, ਬਖਸ਼ੀ ਰਾਮ, ਪ੍ਰਿਥਵੀ ਪਾਲ ਸਿੰਘ, ਮੰਗਲ ਨਾਥ ਪਾਲ, ਚਰਨਜੀਤ ਸਿੰਘ, ਬਲਵਿੰਦਰ ਸਿੰਘ, ਅਤੇ ਲਾਲੀ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ**
**(91-98158-25999)**

ਦੇਸ਼ ਦੁਆਬਾ

# ਕੁਦਰਤੀ ਕਰੋਪੀਆਂ ਦੀ ਲਪੇਟ ਵਿਚ ਭਾਰਤ

ਭਾਰਤ ਵਿਚ ਇਸ ਸਾਲ ਅਪ੍ਰੈਲ ਅਤੇ ਮਈ ਮਹੀਨੇ ਵਿਚ ਜਿੰਨੇ ਤੂਫਾਨ ਆਏ, ਇੰਨੇ ਬਹੁਤ ਸਾਲ ਪਹਿਲਾਂ ਦੇਖਣ ਨੂੰ ਮਿਲੇ ਸਨ। ਬਦਲ ਰਹੇ ਮੌਸਮ ਅਤੇ ਵਿਗੜ ਰਹੇ ਕੁਦਰਤ ਦੇ ਸੰਤੁਲਨ ਕਾਰਨ ਤੂਫਾਨ ਇੰਨੇ ਜ਼ਿਆਦਾ ਭਿਆਨਕ ਹੋ ਗਏ ਹਨ ਕਿ ਇਸ ਸਾਲ 500 ਦੇ ਕਰੀਬ ਲੋਕੀ ਮਾਰੇ ਗਏ ਜਾਂ ਜ਼ਖਮੀ ਹੋ ਚੁੱਕੇ ਹਨ। ਅਰਬਾਂ ਰੁਪਏ ਦੀ ਸੰਪਤੀ, ਜਿਹਨਾਂ ਵਿਚ ਲੋਕਾਂ ਦੇ ਘਰ ਵੀ ਸ਼ਾਮਲ ਹਨ, ਤਬਾਹ ਹੋ ਚੁੱਕੇ ਹਨ। ਇਸ ਕੁਦਰਤੀ ਕਰੋਪੀ ਦਾ ਟਾਕਰਾ ਕਰਨ ਲਈ ਹਾਲਾਂਕਿ ਆਮ ਲੋਕ ਅਤੇ ਸਥਾਨਕ ਪ੍ਰਸ਼ਾਸਨ ਪੂਰਾ ਜ਼ੋਰ ਲਗਾ ਰਿਹਾ ਹੈ, ਪਰ ਕਈ ਵਾਰ ਕੁਦਰਤ ਦੇ ਪ੍ਰਕੋਪ ਦੇ ਅੱਗੇ ਆਮ ਆਦਮੀ ਦਾ ਬਚਾਅ ਦਾ ਕੰਮ ਵੀ ਕਮਜ਼ੋਰ ਪੈ ਜਾਂਦਾ ਹੈ। ਹਾਲ ਹੀ ਵਿਚ ਆਏ ਤੂਫਾਨ ਅਤੇ ਬਿਜਲੀ ਡਿੱਗਣ ਦੀਆਂ ਘਟਨਾਵਾਂ ਦੇ ਕਾਰਨ 50 ਦੇ ਕਰੀਬ ਲੋਕ ਬਿਹਾਰ, ਉਤਰ ਪ੍ਰਦੇਸ਼ ਵਿਚ ਮਾਰੇ ਗਏ ਹਨ।

ਉੱਤਰ ਪ੍ਰਦੇਸ਼ ਵਿੱਚ ਤੂਫ਼ਾਨ ਅਤੇ ਬਿਜਲੀ ਡਿੱਗਣ ਕਾਰਨ 15 ਵਿਅਕਤੀਆਂ ਦੀ ਮੌਤ ਹੋ ਗਈ ਜਦੋਂ ਕਿ 10 ਹੋਰ ਜ਼ਖ਼ਮੀ ਹੋ ਗਏ। ਇਹ ਜਾਣਕਾਰੀ ਸਰਕਾਰੀ ਸੂਤਰਾਂ ਨੇ ਦਿੱਤੀ। ਉੱਤਰ ਪ੍ਰਦੇਸ਼ ਦੇ ਰਾਹਤ ਕਮਿਸ਼ਨਰ ਸੰਜੇ ਕੁਮਾਰ ਨੇ ਦੱਸਿਆ ਕਿ ਇਨ੍ਹਾਂ ਵਿੱਚੋਂ 6 ਵਿਅਕਤੀਆਂ ਦੀ ਉਨਾਓ ਵਿੱਚ ਕੱਲ੍ਹ ਰਾਤ ਆਏ ਤੂਫ਼ਾਨ ਅਤੇ ਅਸਮਾਨੀ ਬਿਜਲੀ ਡਿੱਗਣ ਕਾਰਨ ਮੌਤ ਹੋ ਗਈ ਜਦੋਂ ਕਿ ਰਾਏਬਰੇਲੀ ਵਿੱਚ ਇਸ ਕੁਦਰਤੀ ਆਫ਼ਤ ਕਾਰਨ ਤਿੰਨ, ਪੀਲੀਭੀਤ, ਕਾਨਪੁਰ ਅਤੇ ਗੌਂਡਾ ਜ਼ਿਲ੍ਹਿਆਂ ਵਿੱਚ ਦੋ ਦੋ ਵਿਅਕਤੀਆਂ ਦੀ ਮੌਤ ਹੋਈ ਹੈ। ਜ਼ਖ਼ਮੀਆਂ ਵਿੱਚ ਚਾਰ ਜਣੇ ਉਨਾਓ ਅਤੇ ਤਿੰਨ ਤਿੰਨ ਕਨੌਜ ਅਤੇ ਰਾਏਬਰੇਲੀ ਨਾਲ ਸਬੰਧਤ ਹਨ। ਐਤਵਾਰ ਤੋਂ ਆ ਰਹੇ ਤੂਫਾਨ ਅਤੇ ਅਸਮਾਨੀ ਬਿਜਲੀ ਡਿੱਗਣ ਕਾਰਨ ਝਾਰਖੰਡ ਦੇ ਪਾਕੁਰ ਅਤੇ ਚਤਰਾ ਜ਼ਿਲ੍ਹਿਆਂ ਵਿੱਚ ਸੱਤ ਮੌਤਾਂ ਹੋ ਗਈਆਂ ਹਨ। ਪਾਕੁਰ ਜ਼ਿਲ੍ਹੇ ਦੇ ਕਨੀਜਹਾਰਾ ਪਿੰਡ ਵਿੱਚ ਤੂਫ਼ਾਨ ਅਤੇ ਬਾਰਸ਼ ਕਾਰਨ ਇਕ ਘਰ ਦੀ ਕੰਧ ਡਿੱਗਣ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ ਜਦੋਂ ਕਿ ਉਸ ਦੀ ਪਤਨੀ ਜ਼ਖ਼ਮੀ ਹੋ ਗਈ।

ਹਾਲਾਂਕਿ ਅਜਿਹੀਆਂ ਕੁਦਰਤੀ ਕਰੋਪੀਆਂ ਤੋਂ ਬਚਣ ਦਾ ਕੋਈ ਚਾਰਾ ਨਹੀਂ ਹੈ ਪਰ ਫਿਰ ਵੀ ਚੌਕਸੀ ਵਰਤ ਕੇ ਮਨੁੱਖੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਭਾਰਤ ਦੇ ਜ਼ਿਆਦਾਤਰ ਹਿੱਸਿਆਂ ਵਿਚ ਦਿਹਾਤੀ ਖੇਤਰਾਂ ਵਿਚ ਹਾਲੇ ਵੀ ਲੋਕੀ ਖੁੱਲ੍ਹੇ ਅਸਮਾਨ ਹੇਠਾਂ ਰਹਿਣ ਅਤੇ ਸੌਣ ਲਈ ਮਜਬੂਰ ਹਨ। ਪੱਕੇ ਮਕਾਨਾਂ ਨੂੰ ਤਰਸਦੇ ਲੋਕਾਂ ਕੋਲ ਬਿਜਲੀ ਦੀ ਵੀ ਸਹੂਲਤ ਨਹੀਂ ਹੈ। ਝੁੱਗੀਆਂ-ਝੌਂਪੜੀਆਂ ਵਿਚ ਰਹਿਣ ਵਾਲੇ ਲੋਕ ਅਜਿਹੀਆਂ ਕੁਦਰਤੀ ਆਦਤਾਂ ਦਾ ਜ਼ਿਆਦਾ ਸ਼ਿਕਾਰ ਹੋ ਜਾਂਦੇ ਹਨ। ਅਜਿਹੀਆਂ ਕਰੋਪੀਆਂ ਤੋਂ ਬਚਣ ਲਈ ਪੱਕੇ ਮਕਾਨ ਅਤੇ ਬੁਨਿਆਦੀ ਸਹੂਲਤਾਂ ਦੀ ਦੂਰ-ਦੁਰਾਡੇ ਦੇ ਦਿਹਾਤੀ ਖੇਤਰਾਂ ਵਿਚ ਬਹੁਤ ਲੋੜ ਹੈ। ਆਜ਼ਾਦੀ ਦੇ 70 ਸਾਲਾਂ ਬਾਅਦ ਵੀ ਇਹ ਸਮੱਸਿਆ ਹੱਲ ਨਹੀਂ ਹੋ ਸਕੀ ਤਾਂ ਇਸ ਲਈ ਭਾਰਤ ਦੀਆਂ ਸਰਕਾਰਾਂ ਦੇ ਸਿਰ ਹੀ ਜ਼ਿੰਮੇਵਾਰੀ ਪਾਈ ਜਾਵੇਗੀ। ਸਿਆਸਤਦਾਨ ਆਪਣੀ ਸਿਆਸਤ ਵਿਚ ਤਾਂ ਮਾਹਿਰ ਹਨ, ਪਰ ਆਮ ਲੋਕਾਂ ਦੀਆਂ ਮੁਸ਼ਕਿਲਾਂ ਦਾ ਹੱਲ ਕਰਨ ਪੱਖੋਂ ਫਾਡੀ ਹਨ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ?

ਪ੍ਰਤੀਕਰਮ? ਅਤੇ ਜੂਨ 1984 ਦਾ ਘੱਲੂਘਾਰਾ



ਅਵਤਾਰ ਸਿੰਘ ਮਿਸ਼ਨਰੀ
510-432-5827

ਗੁਰੂ ਨਾਨਕ ਸਾਹਿਬ ਤੋਂ ਬਲਕਿ ਭਗਤਾਂ ਤੋਂ ਲੈ ਕੇ ਹੁਣ ਗੁਰੂ ਅਰਜਨ ਸਾਹਿਬ ਤੱਕ ਸਭ ਭਗਤਾਂ ਅਤੇ ਗੁਰੂਆਂ ਨੇ ਸੱਚ ਦਾ ਪ੍ਰਚਾਰ ਰੱਬੀ ਗਿਆਨ ਦੁਆਰਾ ਸ਼ਾਂਤਮਈ ਢੰਗ ਨਾਲ ਕੀਤਾ ਪਰ ਫਿਰ ਵੀ ਵਕਤੀਆ ਹਕੂਮਤਾਂ ਤੇ ਉਨ੍ਹਾਂ ਦੇ ਝੋਲੀ ਚੁੱਕਾਂ, ਕਟੜਵਾਦੀ ਬ੍ਰਾਹਮਣਾ ਅਤੇ ਮੁਲਾਂ ਮੌਲਾਣਿਆਂ ਨੇ ਹਮੇਸ਼ਾਂ ਇਸ ਦਾ ਵਿਰੋਧ ਕੀਤਾ। ਕਟੜਵਾਦੀ ਬ੍ਰਾਹਮਣਾਂ ਅਤੇ ਮੁਲਾਂ ਮੌਲਾਣਿਆਂ ਨੇ ਤਾਂ ਇਸ ਕਰਕੇ ਕੀਤਾ ਕਿ ਉਨ੍ਹਾਂ ਦੁਆਰਾ ਫੈਲਾਏ ਭਰਮਜਾਲ-ਕਰਮਕਾਂਡਾਂ ਦਾ ਭਗਤਾਂ ਅਤੇ ਗੁਰੂਆਂ ਨੇ ਕਰੜਾ ਵਿਰੋਧ ਕਰਕੇ ਭੋਲੀ ਭਾਲੀ ਜਨਤਾ ਨੂੰ ਜਾਗਰੂਕ ਕੀਤਾ। ਇਸ ਨਾਲ ਇਨ੍ਹਾਂ ਲੋਕਾਂ ਦੀ ਧਰਮ ਦੇ ਨਾਂ ਤੇ ਚਲਾਈ ਹੋਈ ਰੋਜੀ ਰੋਟੀ ਵਾਲੀ ਦੁਕਾਨਦਾਰੀ ਤੇ ਅਸਰ ਪਿਆ ਅਤੇ ਅਜਿਹੇ ਲੋਕਾਂ ਵਲੋਂ ਹੀ ਹਕੂਮਤ ਦੇ ਕੰਨ ਭਰੇ ਗਏ ਕਿ ਜੇ ਵੇਲੇ ਸਿਰ ਭਗਤਾਂ ਅਤੇ ਗੁਰੂਆਂ ਦੀਆਂ ਸਰਗਰਮੀਆਂ ਤੇ ਕਰੜੀ ਨਿਗ੍ਹਾ ਨਾਂ ਰੱਖੀ ਗਈ ਤਾਂ ਇਹ ਲੋਕ ਹਕੂਮਤ ਦਾ ਤਖ਼ਤਾ ਉਲਟਾ ਸਕਦੇ ਹਨ। ਇਸ ਮਾਮਲੇ ਵਿੱਚ ਸਿੱਧ, ਜੋਗੀ, ਉਦਾਸੀ, ਬ੍ਰਾਹਮਣ, ਮੌਲਾਣੇ, ਸ਼੍ਰੀਚੰਦੀਏ, ਪ੍ਰਿਥੀਚੰਦੀਏ, ਚੰਦੂਸ਼ਾਹੀਏ, ਬੀਰਬਲ ਬ੍ਰਾਹਮਣ ਆਦਿਕ ਜਿੱਥੇ ਵਕਤੀਆ ਹਕੂਮਤਾਂ ਦੇ ਕੰਨ ਭਰਦੇ ਰਹੇ ਓਥੇ ਤੁਰਾਨ ਦੇ ਰਹਿਣ ਵਾਲੇ ਮੁਹੰਮਦ ਬਾਕੀ ਬਿਲਾ ਦੇ ਚੇਲੇ ਸ਼ੇਖ ਅਹਿਮਦ ਸਰਹੱਦੀ, ਉਸ ਦੇ ਚੇਲੇ ਮੁਰਤਜ਼ਾ ਖਾਂ ਜੋ ਅਤਿ ਕਟੜਵਾਦੀ ਚਿਸ਼ਤੀ ਮੁਸਲਮਾਨ ਸਨ ਅਤੇ ਜੋ ਸਿਰਫ ਤੇ ਸਿਰਫ ਹਰ ਪਾਸੇ ਇਸਲਾਮ ਹੀ ਇਸਲਾਮ ਦੇਖਣਾ ਚਾਹੁੰਦੇ ਸਨ, ਇਨਾਂ ਦਾ ਵੀ ਸਿੱਧਾ ਹੱਥ ਸੀ। ਇਵੇਂ ਸੌੜੀ ਸੋਚ ਵਾਲੇ ਧਾਰਮਿਕ ਆਗੂ ਅੱਗ ਬਲੂਲੇ ਹੋ ਉੱਠੇ ਜੋ ਪਹਿਲੇ ਵੀ ਆਪਸ ਵਿੱਚ ਲੜ ਰਹੇ ਸਨ-ਖਹਿ ਮਰਦੇ ਬਹੁ ਬਾਹਣ ਮੌਲਾਣੇ (ਭਾ.ਗੁ.) ਸਾਡੇ ਬਹੁਤੇ ਢਾਡੀ ਤੇ ਪ੍ਰਚਾਰਕ ਇਕੱਲੇ ਚੰਦੂ ਤੇ ਦੋਸ਼ ਲਾਉਂਦੇ ਆ ਰਹੇ ਹਨ ਪਰ ਚੰਦੂ ਤਾਂ ਇੱਕ ਮਾਮੂਲੀ ਅਹਿਲਕਾਰ ਸੀ। ਚੰਦੂ ਨੇ ਰਿਸ਼ਤਾ ਕਰਨ ਵੇਲੇ ਗੁਰੂ ਕਿਆਂ ਵਿਰੁੱਧ ਕਬੋਲ ਬੋਲੇ ਸਨ ਕਿ ਚੁਬਾਰੇ ਦੀ ਇੱਟ ਮੋਰੀ ਨਾਲ ਲਾ ਆਏ ਹੋ, ਸਿੱਖ ਸੰਗਤ ਨੇ ਇਸ ਦਾ ਕਰੜਾ ਵਿਰੋਧ ਕੀਤਾ ਸੀ।



ਭਗਤਾਂ ਅਤੇ ਗੁਰੂਆਂ ਦੇ ਸੱਚੇ-ਸੁੱਚੇ ਤੇ ਸਿਧੇ-ਸਾਦੇ ਸੁਨਹਿਰੀ ਉਪਦੇਸ਼ਾਂ ਕਰਕੇ ਧੜਾ-ਧੜ ਹਿੰਦੂ ਅਤੇ ਮੁਸਲਮਾਨ ਸਿੱਖ ਬਣ ਰਹੇ ਸਨ, ਇਹ ਗੱਲ ਉਸ ਵੇਲੇ ਦਾ ਇਤਿਹਾਸਕਾਰ ਮੋਹਸਨਫਾਨੀ ਵੀ ਲਿਖਦਾ ਹੈ। ਭਾਵੇਂ ਜਾਤ ਅਭਿਮਾਨੀਆਂ ਅਤੇ ਕਟੜਵਾਦੀਆਂ ਨੇ ਅਕਬਰ ਬਾਦਸ਼ਾਹ ਦੇ ਵੀ ਕੰਨ ਭਰੇ ਪਰ ਅਕਬਰ ਖੁਲ੍ਹ-ਦਿਲਾ ਹੋਣ ਕਰਕੇ ਇਨ੍ਹਾਂ ਨੂੰ ਮੂੰਹ ਦੀ ਖਾਣੀ ਪਈ। ਅਕਬਰ ਬਾਦਸ਼ਾਹ ਕਈ ਵਾਰ ਗੁਰੂ ਦਰਬਾਰ ਆਇਆ, ਗੁਰੂਆਂ ਦੀ ਸਿਖਿਆ ਤੋਂ ਪ੍ਰਭਾਵਿਤ ਹੋਇਆ, ਕਿਰਸਾਨਾਂ ਦਾ ਮਾਲੀਆ ਅਤੇ ਹਿੰਦੂਆਂ ਦੇ ਤੀਰਥਾਂ ਦਾ ਟੈਕਸ ਵੀ ਮੁਆਫ ਕਰ ਗਿਆ। ਹੁਣ ਅਕਬਰ ਦੀ ਮੌਤ ਤੋਂ ਬਾਅਦ ਉਸ ਦੇ ਸ਼ਰਾਬੀ-ਕਬਾਬੀ ਪੁੱਤਰ ਜਹਾਂਗੀਰ ਨੂੰ ਇਨ੍ਹਾਂ ਕਟੜਵਾ-ਦੀਆਂ ਨੇ ਇਸ ਕਰਕੇ ਰਾਜ ਗੱਦੀ ਤੇ ਬੈਠਾਇਆ ਕਿ ਜਹਾਂਗੀਰ ਇਸਲਾਮ ਦਾ ਪ੍ਰਚਾਰ ਕਰੇਗਾ ਅਤੇ ਸਿੱਖ ਲਹਿਰ ਨੂੰ ਖਤਮ ਕਰ ਦੇਵੇਗਾ ਪਰ ਉਸ ਨੂੰ ਕੀ ਪਤਾ ਸੀ ਕਿ ਇਹ ਲਹਿਰ ਸਗੋਂ ਹੋਰ ਵਧੇ ਫੁੱਲੇਗੀ!

ਇਸ ਸਬੰਧ ਵਿੱਚ ਜਹਾਂਗੀਰ ਖੁਦ ਵੀ ਆਪਣੀ ਸਵੈ ਜੀਵਨੀ 'ਤੁਜ਼ਕਿ ਜਹਾਂਗੀਰੀ' ਵਿੱਚ ਲਿਖਦਾ ਹੈ ਕਿ "ਬਿਆਸ ਦਰਿਆ ਕੰਡੇ ਗੋਇੰਵਾਲ ਨਗਰ ਵਿੱਚ ਇੱਕ ਪੀਰਾਂ ਬਜੁਰਗਾਂ ਦੇ ਭੇਸ ਵਿੱਚ ਅਰਜਨ ਨਾਮ ਦੇ ਹਿੰਦੂ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਸਗੋਂ ਬੇਸਮਝ ਮੁਸਲਮਾਨਾਂ ਨੂੰ ਵੀ ਆਪਣੇ ਮਗਰ ਲਾ ਕੇ, ਆਪਣੀ ਪੀਰੀ ਦਾ ਢੋਲ ਉੱਚਾ ਵਜਾਇਆ ਹੋਇਆ ਸੀ ਲੋਕ ਉਸ ਨੂੰ ਗੁਰੂ ਆਖਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਚਲ ਰਹੀ ਸੀ ਚਿਰ ਤੋਂ ਮੈਂ ਸੋਚ ਰਿਹਾ ਸੀ ਇਸ ਝੂਠ ਦੀ ਦੁਕਾਨ ਨੂੰ ਬੰਦ ਕੀਤਾ ਜਾਵੇ ਜਾਂ ਇਸ ਗੁਰੂ ਨੂੰ ਇਸਲਾਮ ਵਿੱਚ ਲੈ ਆਂਦਾ ਜਾਵੇ। ਇਨ੍ਹਾਂ ਦਿਨਾਂ ਚ' ਹੀ ਹਕੂਮਤ ਦਾ ਬਾਗੀ ਖੁਸਰੋ ਇਧਰ ਆਇਆ ਤੇ ਇਸ ਗੁਰੂ ਨੇ ਉਸ ਦੇ ਮੱਥੇ ਤੇ ਕੇਸਰ ਦਾ ਟਿੱਕਾ ਲਾ ਕੇ ਜਿੱਥੇ ਉਸ ਦੀ ਕਾਮਯਾਬੀ ਦੀ ਅਰਦਾਸ ਕੀਤੀ ਓਥੇ ਮਾਲੀ ਸਹਾਇਤਾ ਵੀ ਕੀਤੀ, ਜਦੋਂ ਮੈਨੂੰ ਇਸ ਦਾ ਪਤਾ ਲਗਾ ਤਾਂ ਮੈਂ ਹੁਕਮ ਕੀਤਾ ਕਿ ਇਸ ਗੁਰੂ ਨੂੰ ਪਕੜ ਕੇ ਮੇਰੇ ਹਵਾਲੇ ਕੀਤਾ ਜਾਵੇ, ਉਸ ਦਾ ਘਰ ਘਾਟ ਬੱਚੇ ਅਤੇ ਮਾਲ ਅਸਬਾਬ ਮੁਰਤਜਾ ਖਾਂ ਦੇ ਹਵਾਲੇ ਕਰਕੇ, ਇਸ ਨੂੰ "ਯਾਸਾ ਦੰਡ" ਦੇ ਕੇ ਮਾਰ ਦਿੱਤਾ ਜਾਵੇ" (ਯਾਸਾ ਦੰਡ ਪੁਰਾਣੇ ਮੰਗੋਲੀਆ ਲੋਕ ਜਿਨ੍ਹਾਂ ਦਾ ਵਹਿਸ਼ੀਪੁਣਾ ਮਸ਼ਹੂਰ ਹੈ, ਦਿਆ ਕਰਦੇ ਸਨ, ਜਿਸ ਵਿੱਚ ਕਿਸੇ ਵਿਸ਼ੇਸ਼ ਧਰਮੀ-ਪੁਰਖ ਨੂੰ ਬਿਨਾਂ ਖੂਨ ਡੋਲ੍ਹੇ ਮਾਰਿਆ

(ਬਾਕੀ ਸਫਾ 18 'ਤੇ)

# ਚੇਨਈ ਦੇ ਇੱਕ ਸਕੂਲ ਨੇ ਬੱਚਿਆਂ ਨੂੰ ਦਿੱਤਾ ਨਵੀਂ ਕਿਸਮ ਦਾ ਹੋਮ-ਵਰਕ



ਤਸਵਿੰਦਰ ਸਿੰਘ ਬੜੈਚ
91-98763-22677

ਤਮਿਲਨਾਡੂ ਦੀ ਰਾਜਧਾਨੀ ਚੇਨਈ ਦੇ ਇੱਕ ਸਕੂਲ ਨੇ ਬੱਚਿਆਂ ਨੂੰ ਗਰਮੀਆਂ ਦੀਆਂ ਛੁੱਟੀਆਂ ਹੋਣ ਤੇ ਕੋਈ ਕੰਮ ਨਹੀਂ ਦਿੱਤਾ ਗਿਆ ਸਗੋਂ ਹੋਮ ਵਰਕ ਦੀ ਇੱਕ ਵੱਡੀ ਲਿਸਟ ਬਣਾ ਕੇ ਸਾਰੇ ਬੱਚਿਆਂ ਦੇ ਮਾਪਿਆਂ ਨੂੰ ਸੌਂਪ ਦਿੱਤੀ ਗਈ ਤੇ ਨਾਲ ਹੀ ਇਹ ਆਖਿਆ ਕੇ ਅਸੀਂ ਤੁਹਾਡੇ ਨਿਆਣਿਆਂ ਦੀ ਪੂਰੇ ਦਸ ਮਹੀਨੇ ਸੇਵਾ ਸੰਭਾਲ ਕੀਤੀ ਹੈ ਤੇ ਤੁਸੀਂ ਗੌਰ ਕੀਤਾ ਹੋਵੇਗਾ ਕੇ ਤੁਹਾਡੇ ਬੱਚੇ ਸਕੂਲ ਆਉਣਾ ਪਸੰਦ ਵੀ ਕਰਿਆ ਕਰਦੇ ਸਨ!

ਦੋ ਮਹੀਨੇ ਦੀਆਂ ਛੁੱਟੀਆਂ ਵਿਚ ਅੱਗੇ ਦੱਸੀ ਲਿਸਟ ਦੇ ਸਾਰੇ ਪੁਆਇੰਟਾਂ ਤੇ ਗੌਰ ਕਰਨਾ ਹੁਣ ਤੁਹਾਡੀ ਜ਼ੁੰਮੇਵਾਰੀ ਏ:

1. ਦਿਹਾੜੀ ਵਿਚ ਆਪਣੇ ਜੁਆਕਾਂ ਨਾਲ ਆਰਾਮ ਨਾਲ ਬੈਠ ਘੱਟੋ ਘੱਟ ਦੋ ਵਾਰ ਖਾਣਾ ਜਰੂਰ ਖਾਓ

2. ਉਹਨਾਂ ਨੂੰ ਕਿਰਸਾਨੀ ਦਾ ਮਹੱਤਵ ਅਤੇ ਕਿਸਾਨਾਂ ਦੀ ਸਖ਼ਤ ਮਿਹਨਤ ਬਾਰੇ ਜਰੂਰ ਦੱਸੋ ਅਤੇ ਇਹ ਵੀ ਦੱਸੋ ਕੇ ਏਨੀ ਮਿਹਨਤ ਨਾਲ ਪੈਦਾ ਕੀਤਾ ਅੰਨ ਬੇਕਾਰ ਨਾ ਸਿੱਟਿਆ ਜਾਵੇ

3. ਖਾਣਾ ਖਾਣ ਮਗਰੋਂ ਨਿਆਣਿਆਂ ਨੂੰ ਆਪਣੀਆਂ ਜੂਠੀਆਂ ਪਲੇਟਾਂ ਖੁਦ ਧੋਣ ਬਾਰੇ ਉਤਸ਼ਾਹਿਤ ਕਰੋ ਅਤੇ ਹੱਥੀਂ ਕਾਰ ਕਰਨ ਦੇ ਮਹੱਤਵ ਤੋਂ ਜਾਣੂੰ ਕਰਾਉਂਦੇ ਰਿਹਾ ਕਰਿਓ।

4. ਰੋਟੀ ਤਿਆਰ ਕਰਦੇ ਹੋਏ ਉਹਨਾਂ ਨੂੰ ਆਪਣੀ ਮਦਦ ਲਈ ਆਪਣੇ ਨਾਲ ਖੜ੍ਹਾ ਜਰੂਰ ਕਰੋ। ਉਹਨਾਂ ਨੂੰ ਸਬਜ਼ੀ ਕੱਟਣੀ ਅਤੇ ਸਲਾਦ ਤਿਆਰ ਕਰਨਾ ਵੀ ਸਿਖਾਓ

5. ਆਪਣੇ ਨਿਆਣਿਆਂ ਨੂੰ ਆਪਣੇ ਉਹਨਾਂ ਤਿੰਨ ਗੁਆਂਢੀਆਂ ਦੇ ਘਰ ਜਰੂਰ ਲੈ ਕੇ ਜਾਵੋ ਜਿਹਨਾਂ ਨੂੰ ਤੁਸੀਂ ਅੱਗੇ ਕਿਸੇ ਕਾਰਨ ਨਹੀਂ ਮਿਲ ਸਕੇ..ਉਹਨਾਂ ਨਾਲ ਗੱਲਾਂ ਕਰੋ ਅਤੇ ਉਹਨਾਂ ਦੇ ਨਾਲ ਨੇੜਤਾ ਵਧਾਓ।

6. ਨਿਆਣਿਆਂ ਨੂੰ ਦਾਦਾ-ਦਾਦੀ ਅਤੇ ਨਾਨਾ-ਨਾਨੀ ਕੋਲ ਲੈ ਕੇ ਜਰੂਰ ਜਾਓ ਅਤੇ ਨਿਆਣਿਆਂ ਨੂੰ ਇਹ ਵੀ ਆਖੋ ਕੇ ਉਹਨਾਂ ਕੋਲ ਬੈਠ ਉਹਨਾਂ ਦੀਆਂ ਗੱਲਾਂ ਸੁਣੋ ਅਤੇ ਉਹਨਾਂ ਨੂੰ ਆਪਣੇ ਬਾਰੇ ਦੱਸੋ.. ਹੋ ਸਕੇ ਤਾਂ ਉਹਨਾਂ ਦੀਆਂ ਆਪਣੇ ਨਾਲ ਤਸਵੀਰਾਂ ਵੀ ਖਿੱਚੋ।

7. ਉਹਨਾਂ ਨੂੰ ਆਪਣੇ ਕੰਮ ਵਾਲੀ ਜਗਾ ਤੇ ਵੀ ਲੈ ਕੇ ਜਰੂਰ ਜਾਵੋ ਤਾਂ ਕੇ ਉਹਨਾਂ ਨੂੰ ਵੀ ਪਤਾ ਲੱਗ ਸਕੇ ਕੇ ਅਸਲ ਜਿੰਦਗੀ ਵਿਚ ਰੋਟੀ ਕਮਾਉਣ ਲਈ ਕੀ ਕੀ ਪਾਪੜ ਵੇਲਣੇ ਪੈਂਦੇ ਨੇ।

8. ਆਪਣੇ ਘਰ ਦੇ ਬਾਹਰ ਸਬਜੀਆਂ ਅਤੇ ਫੁੱਲ-ਬੂਟਿਆਂ ਦੀਆਂ ਕਿਆਰੀਆਂ ਵਿਚ ਬੀਜ ਆਪਣੇ ਨਿਆਣਿਆਂ ਦੇ ਹੱਥੀਂ ਬਿਜਵਾਓ ਤਾਂ ਕੇ ਉਹਨਾਂ ਨੂੰ ਫੁੱਲ ਬੂਟਿਆਂ ਦੇ ਮਹੱਤਵ ਬਾਰੇ ਪਤਾ ਲੱਗ ਸਕੇ।

9. ਆਪਣੇ ਬੱਚਿਆਂ ਨੂੰ ਆਪਣੇ ਪਰਿਵਾਰਿਕ ਪਿਛੋਕੜ ਬਾਰੇ ਜਰੂਰ ਦੱਸੋ ਅਤੇ ਭੂਤ-ਕਾਲ ਵਿਚ ਕੀਤੀ ਮਿਹਨਤ ਅਤੇ ਹੱਥੀਂ ਕੀਤੇ ਹੋਏ ਸਾਰੇ ਕਾਰ ਵਿਹਾਰਾਂ ਬਾਰੇ ਜਰੂਰ ਜਾਣੂੰ ਕਰਵਾਓ।

10. ਆਪਣੇ ਜੁਆਕਾਂ ਨੂੰ ਕਦੀ ਕਦਾਈਂ ਬਾਹਰ ਕੱਲੇ ਖੇਡਣ ਦਿਓ..ਮਿੱਟੀ ਵਿਚ ਲਿੱਬੜਨ ਦਿਓ...ਕਿਉਂਕਿ ਕਦੇ ਕਦਾਈਂ ਚਿੱਕੜ ਵਿਚ ਡਿਗ ਗੰਦੇ ਹੋਣਾ ਤੇ ਗਿੱਟੇ ਗੋਡਿਆਂ ਤੇ ਸੱਟਾਂ ਖਾਣੀਆਂ ਉਹਨਾਂ ਵਿਚ ਬਰਦਾਸ਼ਤ ਦਾ ਮਾਦਾ ਪੈਦਾ ਕਰਦਿਆਂ ਹਨ! ਏਅਰ-ਕੰਡੀਸ਼ਨ ਕਮਰਿਆਂ ਦੇ ਮਖਮਲੀ ਗੱਦਿਆਂ ਤੇ ਬੈਠ ਘੰਟਿਆਂ ਬੱਧੀ ਟੀ.ਵੀ ਦੇਖਣਾ ਉਹਨਾਂ ਨੂੰ ਸਦੀਵੀਂ ਆਲਸੀ ਅਤੇ ਅਪਾਹਜ ਬਣਾਉਂਦਾ ਏ!

11. ਜੇ ਉਹ ਚਾਹੁੰਦੇ ਹੋਣ ਤਾਂ ਉਹਨਾਂ ਨੂੰ ਕੋਈ ਪਾਲਤੂ ਜਾਨਵਰ ਜੀਵੇਂ ਕੁੱਤਾ ਬਿੱਲੀ ਚਿੜੀਆਂ ਜਾ ਮੱਛੀ ਜਰੂਰ ਪਾਲ ਲੈਣ ਦਿਓ..ਇਹ ਸਭ ਕੁਝ ਉਹਨਾਂ ਵਿਚ ਵਫ਼ਾਦਾਰੀ ਅਤੇ ਜ਼ੁੰਮੇਵਾਰੀ ਦਾ ਇਹਸਾਸ ਪੈਦਾ ਕਰਦਾ ਏ।

12. ਉਹਨਾਂ ਨੂੰ ਆਪਣੇ ਪੁਰਾਣੇ ਵਿਰਸੇ ਨਾਲ ਜੁੜੇ ਹੋਏ ਉਹ ਲੋਕ ਗੀਤ ਜਰੂਰ ਸੁਣਾਓ ਜਿਹਨਾਂ ਨੂੰ ਸੁਣਦੇ ਸੁਣਦੇ ਤੁਸੀਂ ਜੁਆਨ ਹੋਏ ਸੋ ਅਤੇ ਜਿਹਨਾਂ ਵਿਚ ਤੁਹਾਡੇ ਬਾਬਿਆਂ ਦੀਆਂ ਲੋਰੀਆਂ ਦੁਆਵਾਂ ਅਤੇ ਝਿੜਕਾਂ ਲੁਕੀਆਂ ਹੋਣ!

13. ਉਹਨਾਂ ਨੂੰ ਉਮਰ ਮੁਤਾਬਿਕ ਪੜਨ ਲਈ ਰੰਗ-ਬਿਰੰਗੀਆਂ ਤਸਵੀਰਾਂ ਵਾਲੀਆਂ ਕਿਤਾਬਾਂ ਲੈ ਕੇ ਦਿਓਂ।

14. ਜਿਥੋਂ ਤੱਕ ਹੋ ਸਕੇ ਨਿੱਕੇ ਨਿੱਕੇ ਜੁਆਕਾਂ ਨੂੰ ਟੀ.ਵੀ ਸੈੱਲ,ਫੋਨ,ਆਈ ਪੈਡ੍ਸ ਅਤੇ ਹੋਰ ਇਲੈਕਟ੍ਰੋਨਿਕਸ ਗੈਜੇਟਸ ਤੋਂ ਦੂਰ ਰੱਖੋ..ਉਹਨਾਂ ਸਭ ਲਈ ਅਜੇ ਉਹਨਾਂ ਦੀ ਸਾਰੀ ਉਮਰ ਪਈ ਹੈ।

15. ਉਹਨਾਂ ਨੂੰ ਜਿਥੋਂ ਤੱਕ ਹੋ ਸਕੇ ਟਾਫੀਆਂ, ਜੈਲੀ, ਕੋਕ ਅਤੇ ਗੰਦੇ ਤੇਲ ਵਿਚ ਨਿੱਕਲੇ ਹਾਨੀਕਾਰਕ ਪਕਾਨ ਤੋਂ ਦੂਰ ਰੱਖ ਕੁਦਰਤੀ ਤੌਰ ਤੇ ਬਨਾਸਪਤੀ ਤੋਂ ਮਿਲੇ ਹੋਏ ਆਰਗੈਨਿਕ ਭੋਜਨ ਦੀ ਮਹੱਤਤਾ ਜਰੂਰ ਸਮਝਾਓ।

16. ਜਦੋਂ ਮੌਕਾ ਮਿਲੇ ਆਪਣੇ ਬੱਚਿਆਂ ਨਾਲ ਸਮਾਂ ਬਿਤਾਓ..ਉਹਨਾਂ ਨਾਲ ਬੱਚੇ ਬਣ ਖੇਡੋ ਮੱਲੋਂ ਨੱਚੋ ਟੱਪੋ ਅਤੇ ਉਹਨਾਂ ਨਾਲ ਗੱਲਾਂ ਕਰੋ।

17. ਜਦੋਂ ਵੀ ਮੌਕਾ ਮਿਲੇ ਉਹਨਾਂ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਬਿਨਾ ਵਜਾ ਮੁਸਕੁਰਾਉਣਾ ਕਦੀ ਨਾ ਭੁੱਲੋਂ ਅਤੇ ਕਦੀ ਕਦੀ ਅੰਤਰ ਧਿਆਨ ਹੁੰਦੇ ਹੋਏ ਉਸ ਪ੍ਰਮਾਤਮਾਂ ਦਾ ਸ਼ੁਕਰਾਨਾ ਕਰਨਾ ਵੀ ਕਦੀ ਨਾ ਭੁੱਲੋਂ ਜਿਸਨੇ ਏਨੇ ਬੇਸ਼ਕੀਮਤੀ ਹੀਰੇ ਤੁਹਾਡੀ ਝੋਲੀ ਪਾਏ।

ਜੇ ਇਹ ਸਾਰੀ ਲਿਸਟ ਪੜਦੇ ਹੋਏ ਤੁਹਾਡੀਆਂ ਅੱਖਾਂ ਵਿਚੋਂ ਕੁਝ ਕੂ ਮੋਤੀ ਭੋਇੰ ਤੇ ਟਪਕ ਪੈਣ ਤਾਂ ਸਮਝ ਲਿਓ ਕੇ ਇਹ ਉਹ ਸ਼ੈਆਂ ਹਨ ਜਿਹਨਾਂ ਦੀ ਤੁਹਾਡੇ ਬਚਪਨ ਵੇਲੇ ਕੋਈ ਕਮੀਂ ਨਹੀਂ ਸੀ ਹੋਇਆ ਕਰਦੀ ਪਰ ਹੁਣ ਤੁਹਾਡੀ ਔਲਾਦ ਉਹਨਾਂ ਚੀਜਾਂ ਤੋਂ ਮਹਿਰੂਮ ਹੁੰਦੀ ਹੋਈ ਮੁੱਖਧਾਰਾ ਤੋਂ ਅਲੱਗ-ਥਲੱਗ ਪੈਂਦੀ ਜਾ ਰਹੀ ਏ ਅਤੇ ਇਸ ਸਾਰੇ ਵਰਤਾਰੇ ਦਾ ਜੁਮੇਵਾਰ ਕੋਈ ਹੋਰ ਨਹੀਂ ਸਗੋਂ ਖੁਦ ਤੁਸੀਂ ਹੀ ਹੋ!

******



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# 'ਡਾ: ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ? ਦੋਸ਼ੀ ਕੌਣ' ਕਿਤਾਬ ਤੇ ਹੋਈ ਵਿਚਾਰ ਗੋਸਟੀ ਨੂੰ

## ਵਿਚਾਰ ਚਰਚਾ 'ਚ ਅੰਬੇਡਕਰੀ ਤੇ ਸਿੱਖ ਸਖਸ਼ੀਅਤਾਂ ਨੇ ਭਾਈਚਾਰਕ ਏਕਤਾ ਲਈ ਦਿੱਤੇ ਵੱਡਮੁੱਲੇ ਵਿਚਾਰ

**ਲੁਧਿਆਣਾ (ਗੁਰਪ੍ਰੀਤ ਸਿੰਘ ਮਹਿਦੂਦਾਂ)–** ਭੀਮ ਰਾਓ ਅੰਬੇਡਕਰ ਸਿੱਖ ਫਾਊਡੇਸ਼ਨ ਵੱਲੋਂ ਡਾ: ਅੰਬੇਡਕਰ ਸਿੱਖ ਸੈਂਟਰ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਜਮਾਲਪੁਰ ਵਿਖੇ ਸ: ਮੱਲ ਰੰਧਾਵਾ ਮਸੰਦਾ ਦੀ ਲਿਖੀ ਕਿਤਾਬ 'ਡਾ: ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ? ਦੋਸ਼ੀ ਕੌਣ' ਤੇ ਹੋਈ ਵਿਚਾਰ ਗੋਸਟੀ ਕੀਤੀ ਗਈ। ਜਿਸ ਵਿੱਚ ਬਿਨ ਬੁਲਾਏ ਮਹਿਮਾਨ ਵਜੋਂ ਪਹੁੰਚੇ ਐਸ ਜੀ ਪੀ ਸੀ ਦੇ ਸਾਬਕਾ ਪ੍ਰਧਾਨ ਤੇ ਸਿੱਖ ਵਿਦਵਾਨ ਚਿੰਤਕ ਪ੍ਰੋ: ਕ੍ਰਿਪਾਲ ਸਿੰਘ ਬੰਡੂਗਰ ਨੇ ਇਸ ਗੋਸਟੀ ਦੀ ਅਹਿਮੀਅਤ ਨੂੰ ਤਸਦੀਕ ਕਰ ਦਿੱਤਾ। ਉਨ੍ਹਾਂ ਸਟੇਜ ਤੋਂ ਸੰਬੋਧਨ ਦੌਰਾਨ ਆਪਣੇ ਮੂੰਹੋਂ ਇਸ ਕਿਤਾਬ ਅਤੇ ਇਸ ਉੱਤੇ ਕੀਤੀ ਗਈ ਵਿਚਾਰ ਚਰਚਾ ਨੂੰ ਬਹੁਤ ਹੀ ਜਿਆਦਾ ਅਹਿਮ ਆਖਦਿਆਂ ਕਿਹਾ ਕਿ ਭਾਵੇਂ ਮੈਨੂੰ ਇਸ ਸਮਾਗਮ ਵਿੱਚ ਕੋਈ ਸੱਦਾ ਨਹੀ ਦਿੱਤਾ ਗਿਆ ਸੀ ਪਰ ਜਦੋਂ ਮੈਂ ਅਖਬਾਰਾਂ ਵਿੱਚ ਇਸ ਬਾਰੇ ਪੜਿਆ ਤਾਂ ਮੈਂ ਇਸਦੀ ਅਹਿਮੀਅਤ ਨੂੰ ਸਮਝਦਿਆਂ ਸਮੂਲੀਅਤ ਕਰਨ ਲਈ ਅੱਜ ਦੇ ਸਾਰੇ ਪ੍ਰੋਗਰਾਮ ਰੱਦ ਕਰ ਦਿੱਤੇ। ਉਨ੍ਹਾਂ ਕਿਹਾ ਕਿ ਏਹ ਸਮੇਂ ਦੀ ਲੋੜ ਹੈ। ਸਮਾਗਮ ਦੀ ਸੁਰੂਆਤ ਬਲਿਹਾਰ ਸਿੰਘ ਦੇ ਕਵੀਸਰੀ ਜੱਥੇਦੀਆਂ ਕਵਿਤਾਵਾਂ ਤੋਂ ਸੁਰੂ ਹੋਈ। ਸਵਾਗਤੀ ਭਾਸ਼ਣ ਗੁਰਪ੍ਰੀਤ ਸਿੰਘ ਮਹਿਦੂਦਾਂ ਨੇ ਦਿੱਤਾ ਅਤੇ ਸਟੇਜ ਦਾ ਸੰਚਾਲਨ ਮਾਸਟਰ ਅਮਨਦੀਪ ਸਿੰਘ ਨੇ ਕੀਤਾ। ਉੱਘੇ ਸਿੱਖ ਵਿਦਵਾਨ, ਅੰਬੇਡਕਰਵਾਦੀ/ ਮੂਲਨਿਵਾਸੀ ਬਹੁਜਨ ਸਮਾਜ ਦੇ ਚਿੰਤਕ ਬੁਲਾਰਿਆਂ ਸਾਬਕਾ ਐਮ ਪੀ ਭਾਈ ਅਤਿੰਦਰਪਾਲ ਸਿੰਘ ਖਾਲਸਾ, ਡਾ.ਗੁਰਦਰਸ਼ਨ ਸਿੰਘ ਢਿੱਲੋਂ, ਐਡਵੋਕੇਟ ਡੀ.ਐਸ.ਗਿੱਲ ਇੰਟਰਨੈਸ਼ਨਲ ਹਿਊਮਨ ਰਾਈਟਸ ਆਰਗੇਨਾਈਜੇਸ਼ਨ, ਡਾ.ਹਰਨੇਕ ਸਿੰਘ ਕਲੇਰ, ਤੇਜਿੰਦਰ ਸਿੰਘ ਝੱਲੀ, ਭਾਈ ਗੁਰਬਚਨ ਸਿੰਘ ਤੇ ਪ੍ਰੋ ਬਲਵਿੰਦਰਪਾਲ ਸਿੰਘ ਗਿਆਨੀ ਦਿੱਤ ਸਿੰਘ ਸਾਹਿਤ ਸਭਾ, ਸ੍ਰੀ ਗਿਆਨਸ਼ੀਲ, ਸੁੱਖਾ ਸਿੰਘ ਖਾਲਸਾ (ਜਿਆਣ), ਭਾਈ ਮਨਧੀਰ ਸਿੰਘ ਸਿੱਖ ਸਿਆਸਤ, ਕਾਮਰੇਡ ਸੱਤਪਾਲ ਸਿੰਘ ਜੋਸ਼ੀਲਾ, ਪ੍ਰਿੰਸੀਪਲ ਬਲਦੇਵ ਸਿੰਘ ਮੋਹਾਲੀ, ਬਲਦੇਵ ਸਿੰਘ ਸੇਖਵਾਂ, ਲਖਵਿੰਦਰ







ਸਿੰਘ ਲੱਖਾ ਨਾਰੰਗਵਾਲ, ਭਾਈ ਦਲਜੀਤ ਸਿੰਘ ਬਿੱਟੂ, ਐਡ-ਵੋਕੇਟ ਜਸਪਾਲ ਸਿੰਘ ਮੰਝਪੁਰ ਅਤੇ ਇੰਜ: ਮਨਵਿੰਦਰ ਸਿੰਘ ਗਿਆਸਪੁਰਾ ਨੇ ਬਾਦਲੀਲ ਆਪਣੇ ਵਿਚਾਰ ਦਿੱਤੇ। ਪ੍ਰਧਾਨਗੀ ਭਾਸ਼ਣ ਦੌਰਾਨ ਐਡਵੋਕੇਟ ਹਰਪ੍ਰੀਤ ਸਿੰਘ ਜਮਾਲਪੁਰ ਕਨਵੀਨਰ ਭੀਮ ਰਾਓ ਅੰਬੇਡਕਰ ਸਿੱਖ ਫਾਊਂਡੇਸ਼ਨ ਨੇ ਪੂਰੀ ਵਿਚਾਰ ਚਰਚਾ ਨੂੰ ਸਾਫ ਕੀਤਾ। ਉਨ੍ਹਾਂ ਕਿਹਾ ਕਿ ਅੱਜ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਪੱਧਰ ਤੇ ਮੂਲਨਿਵਾਸੀ ਬਹੁਜਨ ਸਮਾਜ ਅਤੇ ਧਾਰਮਿਕ ਘੱਟ ਗਿਣਤੀਆਂ ਦੇ ਦੱਬੇ ਕੁੱਚਲੇ ਲੋਕਾਂ ਦੀਆਂ ਜੱਥੇਬੰਦੀਆਂ ਅਤੇ ਸਿੱਖ ਸੰਸਥਾਵਾਂ ਇੱਕ-ਠੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੋਚ ਅਤੇ ਡਾ: ਭੀਮ ਰਾਓ ਅੰਬੇਡਕਰ ਦੀ ਮਨੋਕਾਮਨਾ ਦੇ ਮੱਦੇਨਜਰ, 6743 ਜਾਤਾਂ ਵਿੱਚ ਵੰਡੇ ਲੋਕਾਂ ਨੂੰ ਇੱਕ ਕਰਨ ਦੀ ਕੋਸ਼ਿਸ ਕੀਤੀ ਹੈ ਤਾਂ ਕਿ ਹਿੰਦੂ ਰਾਸ਼ਟਰ ਸਥਾਪਿਤ ਕਰਨ ਦੀਆਂ ਕੋਝੀਆਂ ਚਾਲਾਂ ਵਿਰੁੱਧ ਇੱਕਠੇ ਹੋ ਕੇ, ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਵਾਲਾ ਹਲੀਮੀ ਅਧਾਰਿਤ ਬੇਗਮਪੁਰਾ ਖਾਲਸਾ ਰਾਜ ਸਥਾਪਿਤ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਗੈਰ ਬਰਾਬਰੀ ਦੀ ਵਿਵਸਥਾ ਨੂੰ ਖਤਰਾ ਪੈਦਾ ਹੁੰਦਾ ਦੇਖ ਬ੍ਰਾਮਣਵਾਦੀ ਤਾਕਤਾਂ ਜਿਨ੍ਹਾ ਵਿੱਚ ਕੁਝ ਸਿੱਖ ਆਗੂ ਵੀ ਸਨ ਨੇ ਡਾ: ਅੰਬੇਡਕਰ ਨੂੰ ਸਿੱਖ ਬਣਨ ਤੋਂ ਰੋਕਿਆ ਜਿਸ ਨਾਲ ਸਾਡਾ ਨਾ ਪੂਰਾ ਕੀਤਾ ਜਾਣ ਵਾਲਾ ਵੱਡਾ ਨੁਕਸਾਨ ਹੋਇਆ। ਉਨ੍ਹਾਂ ਕਿਹਾ ਕਿ ਇਸ ਦੌਰਾਨ ਬਹੁਤ ਕੁਝ ਅਜਿਹਾ ਵਾਪਰਿਆ ਜਿਸਨੂੰ ਏਹ ਕਿਤਾਬ ਦੂਰ ਕਰ ਦੇਵੇਗੀ। ਪ੍ਰਬੰਧਕੀ ਕਮੇਟੀ ਵੱਲੋਂ ਸ: ਬੰਡੂਗਰ ਸਮੇਤ ਬਾਕੀਆਂ ਬੁਲਾਰਿਆਂ ਨੂੰ ਸਨਮਾਨ ਚਿੰਨ ਅਤੇ ਕਿਤਾਬ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮਨੇਜਰ ਮਨਜੀਤ ਸਿੰਘ ਪ੍ਰਧਾਨ, ਸ: ਅੰਮ੍ਰਿਤਪਾਲ ਸਿੰਘ, ਲਾਭ ਸਿੰਘ ਭਾਮੀਆਂ, ਮਾਸਟਰ ਵੀਰ ਸਿੰਘ ਸੰਗੋਵਾਲ, ਡਾ: ਰਣਜੀਤ ਸਿੰਘ, ਜਸਵਿੰਦਰ ਸਿੰਘ ਪੈਗਾਮ, ਜੀਤਰਾਮ ਬਸਰਾ, ਜੱਥੇਦਾਰ ਜਰਨੈਲ ਸਿੰਘ, ਜਸਵਿੰਦਰ ਸਿੰਘ ਲੋਪੋਂ, ਮਾਸਟਰ ਰਾਮਾਨੰਦ, ਬੰਸੀ ਲਾਲ ਪ੍ਰੇਮੀਂ, ਜੋਗਿੰਦਰ ਰਾਏ, ਸੁਖਵਿੰਦਰ ਸਿੰਘ ਗੌਂਸਗੜ੍ਹ, ਰਣਜੀਤ ਸਿੰਘ ਰੇਲਵੇ, ਡਾ: ਜੀਵਨ ਬਸਰਾ, ਉਜਾਗਰ ਸਿੰਘ ਭਾਮੀਆਂ, ਜਸਵਿੰਦਰ ਸਿੰਘ ਖਾਲਸਾ, ਨਾਨਕ ਸਿੰਘ ਲੱਕੀ, ਬਾਬਾ ਚਮਕੌਰ ਸਿੰਘ, ਹਰਸ਼ਦੀਪ ਸਿੰਘ ਮਹਿਦੂਦਾਂ ਅਤੇ ਵੀਰਪਾਲ ਸਿੰਘ ਆਦਿ ਵੀ ਹਾਜਰ ਸਨ।

# ਪੰਜਾਬੀ ਸਾਹਿਤ ਸਭਾ ਸਟਾਕਟਨ ਵੱਲੋਂ ਬਹੁ-ਭਾਸ਼ੀ ਪਰਵਾਸੀ ਸਾਹਿਤਕ ਸੰਮੇਲਨ ਕਰਵਾਉਣ ਬਾਰੇ ਵਿਚਾਰ ਵਟਾਂਦਰਾ

**ਸਟਾਕਟਨ (ਬਿਊਰੋ)–** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਬੀਤੇ ਐਤਵਾਰ ਪੈਟਰਸਨ ਵਿਖੇ ਇਕ ਸਾਹਿਤਕ ਬੈਠਕ ਦਾ ਆਯੋਜਨ ਕੀਤਾ ਗਿਆ। ਸਭਾ ਦੀ ਪ੍ਰਧਾਨਗੀ ਹਰਜਿੰਦਰ ਪੰਧੇਰ ਵਲੋਂ ਕੀਤੀ ਗਈ। ਇਸ ਦਾ ਆਰੰਭ ਗੁਰਦਿਆਲ ਸਿੰਘ ਸੰਘਾ ਨੂੰ ਸ਼ਰਧਾਂਜਲੀ ਭੇਂਟ ਕਰਨ ਨਾਲ ਹੋਇਆ। ਉਸਦੀ ਯਾਦ ਨੂੰ ਤਾਜ਼ਾ ਕਰਦਿਆਂ ਪਹਿਲਾਂ ਤਾਰਾ ਸਿੰਘ ਸਾਗਰ ਨੇ ਚੰਦ ਸ਼ਬਦ ਕਹੇ, ਫਿਰ ਰਵਨੀਤ ਹਠੂਰ ਨੇ ਉਸਦੀਆਂ ਦੋ ਕਵਿਤਾਵਾਂ: 'ਚੜ੍ਹਦਾ ਸੂਰਜ' ਤੇ 'ਅਸੀਂ ਵਜਾਉਂਦੇ ਰਹਾਂਗੇ ਵੰਝਲੀ' ਦਾ ਪਾਠ ਕੀਤਾ। ਇਸ ਉਪਰੰਤ ਸਭਾ ਵਲੋਂ ਉਲੀਕੇ ਪ੍ਰੋਗਰਾਮ ਅਨੁਸਾਰ ' ਬਹੁ-ਭਾਸ਼ੀ ( ਪੰਜਾਬੀ, ਹਿੰਦੀ, ਉਰਦੂ, ਅੰਗਰਜੀ ਤੇ ਹੋਰ) ਪਰਵਾਸੀ ਸਾਹਿਤਕਾਰਾਂ ਲਈ ਇੱਕ ਸਾਝਾਂ ਮੰਚ ਉਸਾਰਨ ਅਤੇ ਇਸ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਹਿੱਤ ਇਸਦੀਆਂ ਸੀਮਾਵਾਂ, ਸੰਭਾਵਨਾਵਾਂ ਅਤੇ ਹੋਰ ਮਹੱਤਵਪੂਰਨ ਪਹਿਲੂਆਂ ਬਾਰੇ ਸ਼ਾਮਲ ਮੈਂਬਰਾਂ ਵਲੋਂ ਦਲੀਲ ਭਰਭੂਰ ਵਿਚਾਰ ਪੇਸ਼ ਕਰਦਿਆਂ ਗੰਭੀਰ ਵਿਚਾਰ ਵਟਾਂਦਰਾ ਕੀਤਾ ਗਿਆ। ਅੰਤ ਤੇ ਲਏ ਗਏ ਫੈਸਲੇ ਅਨੁਸਾਰ ਬਹੁ-ਭਾਸ਼ੀ ਪਰਵਾਸੀ ਲੇਖਕਾਂ ਦੀਆਂ ਵੱਖ ਵੱਖ ਸੰਸਥਾਵਾਂ ਦੇ ਪ੍ਰਤੀਨਿਧੀਆਂ, ਸਾਹਿਤ ਪ੍ਰੇਮੀਆਂ ਅਤੇ ਵਿਦਵਾਨ ਸੱਜਣਾਂ ਨਾਲ ਸੰਪਰਕ ਕਰਨ ਲਈ ਦੋ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ: ਇਸ ਵਿਚ ਹਰਜਿੰਦਰ ਪੰਧੇਰ (ਫੋਨ: 209-610-5055) ਅਤੇ ਤਾਰਾ ਸਿੰਘ ਸਾਗਰ (ਫੋਨ: 510- 453-5779) ਨੂੰ ਸ਼ਾਮਲ ਕੀਤਾ ਗਿਆ।

ਦੂਸਰੇ ਭਾਗ ਦੌਰਾਨ ਸਭ ਤੋਂ ਪਹਿਲਾਂ ਸੁਰਿੰਦਰ ਸੋਹਲ ਦਾ ਲਿਖਿਆ ਰੀਵਿਊ ਲੇਖ: 'ਪ੍ਰੋ. ਹਰਭਜਨ ਸਿੰਘ ਦਾ ਕਹਾਣੀ- ਸੰਗ੍ਰਹਿ: 'ਰੂਹ 'ਤੇ ਉਕਰੇ ਚਿੱਤਰ' ਪੜ੍ਹਦਿਆਂ' ਮਨਦੀਪ ਗੋਰਾ ਦੁਆਰਾ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ



ਗਿਆ। ਇਸ ਲੇਖ ਵਿਚ ਸੁਰਿੰਦਰ ਸੋਹਲ ਨੇ ਕਈ ਬਹੁ-ਚਰਚਿਤ ਕਹਾਣੀਆਂ ਦਾ ਮੁਲਾਂਕਣ ਕਰਦਿਆਂ ਲਿਖਿਆ ਹੈ -"ਰੂਹ 'ਤੇ ਉਕਰੇ ਚਿੱਤਰ' ਕਹਾਣੀ-ਸੰਗ੍ਰਹਿ, ਪ੍ਰੋ. ਹਰਭਜਨ ਸਿੰਘ ਦੀ ਜੀਵਨ-ਘਾਲਣਾ, ਅਗਾਂਹ-ਵਧੂ ਸੋਚ, ਵਿਸ਼ੇਸ਼ ਵਿਚਾਰਧਾਰਾ ਅਧੀਨ ਸਮਾਜਿਕ ਵਰਤਾਰੇ ਨੂੰ ਦੇਖਣ-ਸਮਝਣ, ਨਿਵੇਕਲੀ ਦ੍ਰਿਸ਼ਟੀ ਆਦਿ ਨੂੰ ਰੂਪਮਾਨ ਕਰਦਾ ਮਹੱਤਵਪੂਰਨ ਸੰਗ੍ਰਹਿ ਹੈ।

ਤਦਉਪਰੰਤ ਰਵਨੀਤ ਹਠੂਰ ਨੇ ਔਰਤ ਦੇ ਸਨਮਾਨ ਲਈ ਰੂੜੀਵਾਦੀ ਸਾਮੰਤੀ ਸੰਸਕਾਰਾਂ ਤੋਂ ਮੁਕੰਮਲ ਆਜ਼ਾਦੀ ਦੀ ਜ਼ਰੂਰਤ ਬਾਰੇ ਆਪਣਾ ਖ਼ੂਬਸੂਰਤ ਲੇਖ ਪੜ੍ਹ ਕੇ ਸੁਣਾਇਆ। ਗੁਰਪ੍ਰੀਤ ਕੌਰ ਨੇ ਔਰਤ ਪ੍ਰਤੀ ਚਲੇ ਆ ਰਹੇ ਪਿੱਤਰ- ਪੁਰਖੀ ਵਿਤਕਰੇ ਦੀਆਂ ਮਿਸਾਲਾਂ ਦੇਂਦਿਆਂ, ਲੜਕੀ ਦੀ ਪੈਦਾਇਸ਼ ਵੇਲੇ ਹੁੰਦੀ ਪਰੰਪਰਾਗਤ ਬੇਕਦਰੀ ਅਤੇ ਲੜਕੀ ਨੂੰ ਜੰਮਣ ਹੀ ਨਾ ਦੇਣ ਦੇ ਅਮਾਨਵੀ ਪ੍ਰਚਲਨ ਦੀ ਨਿਖੇਧੀ ਕੀਤੀ। ਫਿਰ ਹਰਜੀਤ ਹਠੂਰ, ਪ੍ਰੋ. ਹਰਭਜਨ ਸਿੰਘ, ਮਨਦੀਪ ਗੋਰਾ, ਤਾਰਾ ਸਾਗਰ ਨੇ ਆਪਣੀਆਂ ਨਵ-ਰਚਿਤ ਕਾਵਿਕ ਰਚਨਾਵਾਂ ਸੁਣਾਈਆਂ। ਪ੍ਰਿੰਸੀਪਲ ਹਰਨੇਕ ਸਿੰਘ ਅਤੇ ਹਰਜੀਤ ਹਠੂਰ ਨੇ ਦੋ-ਦੋ ਮਿੰਨੀ ਕਹਾਣੀਆਂ ਪੇਸ਼ ਕੀਤੀਆਂ, ਜਿਨ੍ਹਾਂ ਨੂੰ ਸਰੋਤਿਆਂ ਨੇ ਭਰਪੂਰ ਦਾਦ ਦਿੱਤੀ।

ਅੰਤ ਵਿਚ: ਸੁਰਿੰਦਰ ਸੋਹਲ, ਹਰਜਿੰਦਰ ਪੰਧੇਰ ਅਤੇ ਹਰਮੁਹਿੰਦਰ ਚਹਿਲ ਵੱਲੋਂ ਸੰਪਾਦਨਾ-ਆਧੀਨ ਅਮਰੀਕੀ ਪੰਜਾਬੀ ਕਹਾਣੀ ਸੰਗ੍ਰਹਿ ਲਈ, ਜਿਨ੍ਹਾਂ ਕਹਾਣੀਕਾਰਾਂ ਨੇ ਰਚਨਾਵਾਂ ਨਹੀਂ ਭੇਜੀਆਂ, ਉਨ੍ਹਾਂ ਨੂੰ ਸੰਪਾਦਕੀ ਬੋਰਡ ਵੱਲੋਂ ਜਿੰਨੀ ਛੇਤੀ ਸੰਭਵ ਹੋਵੇ ਆਪਣੀਆਂ ਅਣ-ਪ੍ਰਕਾਸ਼ਿਤ ਕਹਾਣੀਆਂ ਭੇਜਣ ਦੀ ਅਪੀਲ ਕੀਤੀ ਗਈ। ਪਰਮਜੀਤ ਭਾਨੂੰ ਨੇ ਖਾਣ-ਪੀਣ ਦੀ ਸੇਵਾ ਸ਼ਰਧਾ-ਭਾਵ ਨਾਲ ਪੂਰੀ ਕੀਤੀ। ਰਾਜ ਕੁਮਾਰੀ, ਸਾਦਿਕਾ ਅਤੇ ਡਾ. ਸਤਵਿੰਦਰ ਸਿੰਘ ਆਦਿ ਨੇ ਸਰੋਤਿਆਂ ਵਜੋਂ ਹਾਜ਼ਰੀ ਲਵਾਈ। ਚਾਰ ਘੰਟੇ ਲਗਾਤਾਰ ਚੱਲੀ ਇਹ ਮਹੱਤਵਪੂਰਨ ਸਾਹਿਤਕ ਬੈਠਕ ਸ਼ਾਨਦਾਰ ਸਫਲਤਾ ਸਹਿਤ ਸੰਪੰਨ ਹੋ ਗਈ।

**ਰਿਪੋਰਟ: ਹਰਜਿੰਦਰ ਪੰਧੇਰ (209-610-5055)**

# ਅਮਰੀਕਾ 'ਚ ਮੰਗਲ ਹਠੂਰ ਦੀ 12ਵੀਂ ਕਿਤਾਬ 'ਤਸਵੀਰ' ਵਾਰਿਸ ਭਰਾਵਾਂ ਕੀਤੀ ਰਿਲੀਜ਼

## ਐਸ ਐਸ ਇੰਟਰਟੇਨਮੈਂਟ ਨੇ ਸਭਿਆਚਾਰਕ ਖੇਤਰ ਵਿਚ ਨਵਾਂ ਇਤਿਹਾਸ ਰਚਿਆ

**ਅਮਰੀਕਾ–** ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਅਤੇ ਗੀਤਕਾਰ ਮੰਗਲ ਹਠੂਰ ਅੱਜ ਕੱਲ ਪੰਜਾਬੀ ਵਿਰਸਾ ਸ਼ੋਅ ਦੌਰਾਨ ਕੈਲੇਫੋਰਨੀਆ ਅਮਰੀਕਾ ਵਿਚ ਗਏ ਹੋਏ ਹਨ, ਜਿੱਥੇ ਉਨ੍ਹਾਂ ਦੀ ਸ਼ਾਇਰੋ ਸ਼ਾਇਰੀ ਦੀ 12ਵੀਂ ਕਿਤਾਬ 'ਤਸਵੀਰ' ਨੂੰ ਵੱਖ-ਵੱਖ ਸਭਿਆਚਾਰਕ ਸ਼ਖਸ਼ੀਅਤਾਂ ਅਤੇ ਵਾਰਿਸ ਭਰਾਵਾਂ ਦੀ ਤਿੱਕੜੀ ਨੇ ਧੂਮਧਾਮ ਨਾਲ ਰਿਲੀਜ਼ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ ਤੇ ਐਸ ਐਸ ਏ ਸੰਤੋਖ ਸਿੰਘ ਜੱਜ, ਸੁਖਦੇਵ ਸਿੰਘ ਗਰੇਵਾਲ, ਸਤਨਾਮ ਸਿੰਘ ਬੱਲ, ਪਰਮਿੰਦਰ ਸਿੰਘ ਢਿੱਲੋਂ ਹਾਲੈਂਡ, ਐਸ ਪੀ ਨਿਰਮਲਜੀਤ ਸਿੰਘ ਸਹੋਤਾ, ਕੁਮਾਰ ਜੀ, ਅਮੋਲਕ ਗਾਖਲ, ਗੁਰਦਿਆਲ ਸਿੰਘ ਬੱਲ ਰਮੀਦੀ, ਅਮਰਜੀਤ ਸਿੰਘ ਬੰਟੀ ਅਤੇ ਸ਼੍ਰੀ



ਦੀਪਕ ਬਾਲੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਜਿੰਨ੍ਹਾਂ ਨੇ ਇਸ ਕਿਤਾਬ ਨੂੰ ਰਿਲੀਜ਼ ਕਰਦਿਆਂ ਮੰਗਲ ਹਠੂਰ ਦੇ ਗੀਤਾਂ ਦੀ ਸ਼ਲਾਘਾ ਵਿਚ ਕਿਹਾ ਕਿ ਅਜਿਹੀ ਸਾਰਥਿਕ ਗੀਤਕਾਰੀ ਨਾਲ ਸਮਾਜ ਵਿਚ ਫੈਲੀਆਂ ਕੁਰੀਤੀਆਂ ਨੂੰ ਦੂਰ ਕੀਤਾ ਜਾ ਸਕਦਾ ਹੈ। ਵੱਖ-ਵੱਖ ਬੁਲ-ਾਰਿਆਂ ਨੇ ਕਿਹਾ ਕਿ ਜੇਕਰ ਮੰਗਲ ਹਠੂਰ ਵਰਗੇ ਗੀਤਕਾਰ ਪੰਜਾਬ ਦਾ ਗੌਰਵਮਈ ਇਤਿਹਾਸ ਆਪਣੀ ਕਲਮ ਨਾਲ ਸਾਂਭਣ ਤਾਂ ਪੰਜਾਬੀ ਮਾਂ ਬੋਲੀ ਵਿਰਸਾ ਵਿਰਾਸਤ ਦੀ ਪੂਰੀ ਦੁਨੀਆਂ ਵਿਚ ਵਿਲੱਖਣ ਪੇਸ਼ਕਾਰੀ ਦੇਖਣ ਨੂੰ ਮਿਲ ਸਕਦੀ ਹੈ। ਇਸ ਤੋਂ ਇਲਾਵਾ ਯੂ ਐਸ ਏ ਸਨੀਵੈਲੇ ਵਿਚ ਵਾਰਿਸ ਭਰਾਵਾਂ ਦਾ ਸਫ਼ਲ ਸ਼ੋਅ ਐਸ ਐਸ ਇੰਟਰਟੇਨਮੈਂਟ ਦੇ ਸੰਤੋਖ ਸਿੰਘ ਜੱਜ, ਸੁਖਦੇਵ ਸਿੰਘ ਗਰੇਵਾਲ, ਸਤਨਾਮ ਸਿੰਘ ਬੱਲ ਅਤੇ ਪਰਮਿੰਦਰ ਢਿੱਲੋਂ ਹਾਲੈਂਡ ਦੀ ਅਗਵਾਈ ਵਿਚ ਕਰਵਾਇਆ ਗਿਆ। ਜਿੱਥੇ ਪੰਜਾਬੀਆਂ ਦੀ ਰਿਕਾਰਡ ਤੋੜ ਹਾਜ਼ਰੀਨ ਨੇ ਇਕ ਨਵਾਂ ਇਤਿਹਾਸ ਰਚ ਦਿੱਤਾ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਜਾਤ-ਪਾਤ ਦੇ ਖਾਤਮੇ ਲਈ ਕਾਮਰੇਡਾਂ ਨੇ ਬੁਲੰਦ ਕੀਤੀ ਆਵਾਜ਼

## ਮਨੂੰਵਾਦੀ ਗੁਲਾਮੀ ਦੇ ਖਾਤਮੇ ਲਈ ਇਨਕਲਾਬੀ ਮਾਰਕਸੀ ਪਾਰਟੀ ਵੱਲੋਂ ਸੂਬਾ ਪੱਧਰੀ ਕਨਵੈਨਸ਼ਨ

**ਜਲੰਧਰ-** ਦੇਸ਼ ਵਿਚ ਪੱਸਰੀ ਜਾਤ-ਪਾਤ ਪ੍ਰਣਾਲੀ ਨੂੰ ਖਤਮ ਕਰਨ ਲਈ ਕਮਿਊਨਿਸਟ ਕਾਰਕੁੰਨਾਂ ਵੱਲੋਂ ਜ਼ੋਰਦਾਰ ਢੰਗ ਨਾਲ ਆਵਾਜ਼ ਬੁਲੰਦ ਕੀਤੀ ਗਈ ਤੇ ਨਾਲ ਹੀ ਮਨੂੰਵਾਦੀ ਗੁਲਾਮੀ ਦਾ ਤਿੱਖਾ ਵਿਰੋਧ ਕੀਤਾ ਗਿਆ। ਇਸ ਮਕਸਦ ਲਈ ਇੱਥੋਂ ਦੇ ਦੇਸ਼ ਭਗਤ ਯਾਦਗਾਰ ਹਾਲ ਵਿਚ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ. ਐਮ. ਪੀ. ਆਈ.) ਵੱਲੋਂ ਇਕ ਵਿਸ਼ਾਲ ਅਤੇ ਪ੍ਰਭਾਵਸ਼ਾਲੀ ਕਾਨਫਰੰਸ ਕੀਤੀ ਗਈ। ਕਨਵੈਨਸ਼ਨ ਦੀ ਪ੍ਰਧਾਨਗੀ ਰਤਨ ਸਿੰਘ ਰੰਧਾਵਾ, ਲਾਲ ਚੰਦ ਕਟਾਰੂਚੱਕ, ਕੁਲਵੰਤ ਸਿੰਘ ਸੰਧੂ, ਦਰਸ਼ਨ ਨਾਹਰ ਅਤੇ ਨੀਲਮ ਘੁਮਾਣ ਨੇ ਸਾਂਝੇ ਤੌਰ 'ਤੇ ਕੀਤੀ। ਇਸ ਮੌਕੇ ਪਿਛਲੇ ਦਿਨੀਂ ਕਠੂਆ 'ਚ ਦਰਿੰਦਗੀ ਦਾ ਸ਼ਿਕਾਰ ਹੋਈ ਲੜਕੀ, ਉਨਾਊ (ਯੂ. ਪੀ.) 'ਚ ਬਲਾਤਕਾਰ ਦੀ ਸ਼ਿਕਾਰ ਲੜਕੀ ਦੇ ਮਾਰੇ ਗਏ ਪਿਤਾ ਅਤੇ ਰਾਜਕੋਟ (ਗੁਜਰਾਤ) 'ਚ ਕੁੱਟ ਕੁੱਟ ਕੇ ਮਾਰੇ ਗਏ ਦਲਿਤ ਮੁਕੇਸ਼ ਵਾਨੀਆ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ।



ਕਨਵੈਨਸ਼ਨ ਨੂੰ ਆਰ. ਐਮ. ਪੀ. ਆਈ. ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ, ਰਿਪਬਲਿਕਨ ਪਾਰਟੀ ਦੇ ਲਾਹੌਰੀ ਰਾਮ ਬਾਲੀ, ਐਡਵੋਕੇਟ ਐਸ. ਐਲ. ਵਿਰਦੀ, ਡਾ. ਜਗਜੀਤ ਸਿੰਘ, ਹਰਕੰਵਲ ਸਿੰਘ ਅਤੇ ਬੀਬੀ ਸੰਤੋਸ਼ ਕੁਮਾਰੀ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਮਨੂੰਵਾਦੀ ਵਿਧੀ-ਵਿਧਾਨ ਅਧੀਨ ਦਲਿਤਾਂ ਨਾਲ ਹੁੰਦੇ ਆ ਰਹੇ ਅਣਮਨੁੱਖੀ ਵਿਵਹਾਰ ਦੀ ਦਰਦਨਾਕ ਦਾਸਤਾਨ ਬਿਆਨ ਕੀਤੀ ਅਤੇ ਜਾਤ-ਪਾਤ ਦੇ ਖਾਤਮੇ ਲਈ ਸਮਾਜ ਸੁਧਾਰਕਾਂ ਅਤੇ ਖਾਸ ਕਰਕੇ ਡਾ. ਭੀਮ ਰਾਓ ਅੰਬੇਡਕਰ ਵੱਲੋਂ ਵਿੱਢੇ ਅੰਦੋਲਨ ਨੂੰ ਨੇਪਰੇ ਚਾੜ੍ਹਨ ਦਾ ਪ੍ਰਣ ਦ੍ਰਿੜਾਇਆ। ਉਹਨਾਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਸੱਤਾ ਸੰਭਾਲਣ ਬਾਅਦ ਦੇਸ਼ ਵਿਚ ਜਾਤ-ਪਾਤ ਦੀ ਮਾਨਸਿਕਤਾ ਨੂੰ ਹੋਰ ਬਲ ਮਿਲਿਆ ਹੈ, ਜਿਸ ਕਾਰਨ ਔਰਤਾਂ ਤੇ ਦਲਿਤਾਂ 'ਤੇ ਅੱਤਿਆਚਾਰ ਵਧੇ ਹਨ।

ਕਾਮਰੇਡ ਪਾਸਲਾ ਨੇ ਕਿਹਾ ਕਿ ਮਨੂੰਵਾਦੀ ਗੁਲਾਮੀ ਦੀ ਲਾਹਨਤ ਅਰਥਾਤ ਜਾਤ-ਪਾਤ ਨੂੰ ਜੜ੍ਹੋਂ ਪੁੱਟਣ ਵਾਸਤੇ ਸਭ ਧਿਰਾਂ ਨੂੰ ਇੱਕਜੁੱਟ ਹੋ ਕੇ ਸੰਘਰਸ਼ ਕਰਨਾ ਚਾਹੀਦਾ ਹੈ। ਇਸ ਮੌਕੇ ਇਕ ਮਤੇ ਰਾਹੀਂ ਸਰਕਾਰ ਤੋਂ ਮੰਗ ਕੀਤੀ ਗਏ. ਕਿ ਐਸ. ਸੀ./ ਐਸ. ਟੀ. (ਅੱਤਿਆਚਾਰ ਰੋਕੂ) ਕਾਨੂੰਨ ਨੂੰ ਸੰਵਿਧਾਨ ਦੀ 7ਵੀਂ ਅਨੁਸੂਚੀ ਵਿਚ ਸ਼ਾਮਲ ਕੀਤਾ ਜਾਵੇ, ਦਲਿਤਾਂ ਲਈ ਪੀਣ ਵਾਲੇ ਪਾਣੀ ਦੇ ਵੱਖਰੇ ਖੂਹਾਂ ਆਦਿ ਦੀ ਪ੍ਰੰਪਰਾ ਬੰਦ ਕਰਾਈ ਜਾਵੇ, ਸਾਂਝੇ ਸ਼ਮਸ਼ਾਨਘਾਟਾਂ ਵਿਚ ਮ੍ਰਿਤਕ ਦਲਿਤ ਦੇ ਦਾਹ ਸੰਸਕਾਰ 'ਤੇ ਰੋਕ ਲਾਉਣ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਹੋਵੇ, ਸਾਰੇ ਧਰਮ ਅਸਥਾਨਾਂ ਵਿਚ ਦਲਿਤਾਂ ਦੇ ਦਾਖਲੇ ਤੇ ਪੂਜਾ ਪਾਠ ਤੋਂਰੋਕਾਂ ਖਤਮ ਕਰਵਾਈਆਂ ਜਾਣ ਅਤੇ ਇਸਾਈ ਤੇ ਮੁਸਲਮਾਨ ਵੱਸੋਂ ਲਈ ਕਬਰਿਸਤਾਨਾਂ ਦੇ ਪ੍ਰਬੰਧ ਕੀਤੇ ਜਾਣ।

ਕਨਵੈਨਸ਼ਨ ਨੇ ਕੁਦਰਤੀ ਵਾਤਾਵਰਣ ਦੀ ਰਾਖੀ ਲਈ ਜੂਝ ਰਹੇ, ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਹੋਏ ਤੂਤੀਕੋਰਨ (ਤਾਮਿਲਨਾਡੂ) ਦੇ 11 ਸ਼ਹੀਦਾਂ ਨੂੰ ਵੀ ਸ਼ਰਧਾਂਜਲੀ ਭੇਂਟ ਕੀਤੀ।

ਕਨਵੈਨਸ਼ਨ ਵਿਚ ਡੀਜ਼ਲ ਅਤੇ ਪੈਟਰੋਲ ਦੀਆਂ ਵੱਧ ਰਹੀਆਂ ਕੀਮਤਾਂ ਉਤੇ ਡੂੰਘੇ ਰੋਹ ਦਾ ਪ੍ਰਗਟਾਵਾ ਕੀਤਾ ਗਿਆ ਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਗਈ ਕਿ ਇਹਨਾਂ ਵਸਤਾਂ ਦੀਆਂ ਕੀਮਤਾਂ ਨੂੰ ਸਰਕਾਰੀ ਕੰਟਰੋਲ ਹੇਠ ਲਿਆਂਦਾ ਜਾਵੇ ਤੇ ਟੈਕਸਾਂ ਦਾ ਭਾਰ ਘਟਾਇਆ ਜਾਵੇ।

ਕਨਵੈਨਸ਼ਨ ਦੀ ਕਾਰਵਾਈ ਦੇ ਸੰਚਾਲਨ ਦੀ ਜ਼ਿੰਮੇਵਾਰੀ ਕਾਮਰੇਡ ਗੁਰਨਾਮ ਸਿੰਘ ਦਾਊਦ ਨੇ ਨਿਭਾਈ। ਕਨਵੈਨਸ਼ਨ ਉਪਰੰਤ ਸ਼ਹੀਦ-ਏ-ਆਜ਼ਮ ਭਗਤ ਸਿੰਘ ਚੌਂਕ ਤੱਕ ਰੋਹ ਭਰਪੂਰ ਮੁਜ਼ਾਹਰਾ ਵੀ ਕੀਤਾ ਗਿਆ।

## ਪੜ੍ਹੋ ਅਤੇ ਗੌਰ ਕਰੋ

ਜਲਦੀ ਹੀ ਹੋਣ ਵਾਲੀਆਂ ਪੰਜਾਬ ਵਿਚ ਪੰਚਾਇਤੀ ਚੋਣਾਂ ਅਨੁਸਾਰ ਸਾਡੀ ਪਿੰਡ ਵਾਸੀਆਂ ਨੂੰ ਬੇਨਤੀ ਹੈ ਕਿ ਇਸ ਵਾਰ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਪੜ੍ਹੇ-ਲਿਖੇ ਨੌਜਵਾਨਾਂ ਨੂੰ ਮੈਂਬਰ-ਸਰਪੰਚ ਬਣਾਈਏ।

ਜੇ ਅਸੀਂ ਥੋੜ੍ਹੀ ਜਿਹੀ ਕੋਸ਼ਿਸ਼ ਕਰੀਏ ਤਾਂ ਆਪਣੇ ਪਿੰਡਾਂ ਨੂੰ ਖੁਦ ਸਵਰਗ ਬਣਾ ਸਕਦੇ ਹਾਂ। ਬੱਸ ਥੋੜ੍ਹਾ ਧਿਆਨ ਦੇਣ ਦੀ ਲੋੜ ਹੈ।

ਪਿੰਡਾਂ ਵਿਚ ਅਲੱਗ ਅਲੱਗ ਪਾਰਟੀਆਂ ਵੱਲੋਂ ਧੜੇਬੰਦੀ ਵਿਚ ਖੜ੍ਹੇ ਹੋਏ ਸਰਪੰਚ ਆਪਣੇ ਲੱਖਾਂ ਰੁਪਏ ਬਰਬਾਦ ਕਰ ਦਿੰਦੇ ਹਨ। (ਬਾਅਦ ਵਿਚ ਪਿੰਡ ਵਾਸੀ ਪੰਜ ਸਾਲ ਵਿਕਾਸ ਦਾ ਮੂੰਹ ਦੇਖਣ ਨੂੰ ਤਰਸ ਜਾਂਦੇ ਹਨ)

ਜੇ ਅਸੀਂ ਚਾਹੀਏ ਤਾਂ ਪਿੰਡ ਨੂੰ ਇਸ ਬਰਬਾਦੀ ਤੋਂ ਰੋਕ ਸਕਦੇ ਹਾਂ, ਅਸੀਂ ਇਸ ਵਾਰ ਆਪਣੇ ਪਿੰਡ ਵਿਚ ਇਕ ਯੋਗ ਉਮੀਦਵਾਰ ਦੀ ਤਲਾਸ਼ ਕਰੀਏ ਤੇ ਮੈਨੀਫੈਸਟੋ ਦੇ ਜ਼ਰੀਏ ਸਰਬਸੰਮਤੀ ਨਾਲ ਪੰਚਾਇਤ ਬਣਾਈਏ।

ਸਾਡੀ ਪੰਚਾਇਤ ਲਈ ਮੈਨੀਫੈਸਟੋ:-

1. ਪਿੰਡ ਦੇ ਸਾਂਝੇ ਸਥਾਨ ਸਰਕਾਰੀ ਸਕੂਲ, ਸ਼ਮਸ਼ਾਨ ਘਾਟ ਅਤੇ ਅਜਾਇਬ ਘਰ ਨੂੰ ਮਾਡਲ ਦੇ ਰੂਪ ਵਿਚ ਤਿਆਰ ਕਰੇ।
2. ਨੌਜਵਾਨਾਂ ਲਈ ਵਧੀਆ ਖੇਡ ਗਰਾਊਂਡ ਬਣਾਏ ਜਾਣ।
3. ਪਿੰਡਾਂ ਵਿਚ ਲਾਇਬ੍ਰੇਰੀਆਂ ਬਣਾਈਆਂ ਜਾਣ।
4. ਪਿੰਡ ਦੀਆਂ ਨੂੰਹਾਂ-ਧੀਆਂ ਨੂੰ ਰੁਜ਼ਗਾਰ ਨਾਲ ਜੋੜਨ ਲਈ ਕੋਚਿੰਗ ਸੈਂਟਰ ਖੁੱਲ-ਵਾਏ ਜਾਣ।
5. ਪਾਰਟੀਬਾਜ਼ੀ ਛੱਡ ਕੇ ਪਿੰਡ ਦੀ ਭਾਈਚਾਰਕ ਸਾਂਝ ਨੂੰ ਵਧੇਰੇ ਤਰਜੀਹ ਦਿੱਤੀ ਜਾਵੇ।
6. ਪਿੰਡਾਂ ਦੀਆਂ ਫਿਰਨੀਆਂ ਤੇ ਰੁੱਖ ਲਗਾ ਕੇ ਪਿੰਡਾਂ ਨੂੰ ਹਰਿਆ ਭਰਿਆ ਪ੍ਰਦੂਸ਼ਣ ਰਹਿਤ ਬਣਾਇਆ ਜਾਵੇ।
7. ਗਲੀਆਂ ਵਿਚ ਰੋਸ਼ਨੀ ਵਾਸਤੇ ਲਾਈਟਾਂ ਲਗਵਾਈਆਂ ਜਾਣ।
8. ਲੋਕਾਂ ਨੂੰ ਭਿਆਨਕ ਬਿਮਾਰੀਆਂ ਤੋਂ ਬਚਾਉਣ ਲਈ ਪਿੰਡ ਵਿਚ ਜਾਗਰੂਕਤਾ ਕੈਂਪ ਲਗਾਏ ਜਾਣ।
9. ਸਕੂਲ ਵਿਚ ਟੀਚਰਾਂ ਦੀਆਂ ਖਾਲੀ ਅਸਾਮੀਆਂ ਭਰੀਆਂ ਜਾਣ।
10. ਪਿੰਡ ਦੇ ਲੋੜਵੰਦ ਪਰਿਵਾਰਾਂ ਦੇ ਬੱਚਿਆਂ ਨੂੰ ਪੜ੍ਹਾਓ।

## ਸਿਹਤ ਵਿਭਾਗ ਨੇ ਪਿੰਡ ਡੁੱਕਲੀ ਵਿੱਚ ਨਸ਼ਿਆਂ ਸਬੰਧੀ ਜਾਗਰੂਕਤਾ ਕੈਂਪ ਲਗਾਇਆ

ਸਿਹਤ ਵਿਭਾਗ ਵਲੋਂ ਸਿਵਲ ਸਰਜਨ ਰੂਪਨਗਰ ਅਤੇ ਕੀਰਤਪੁਰ ਸਾਹਿਬ ਦੇ ਐਸ ਐਮ ਓ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਿੰਡ ਡੁੱਕਲੀ ਵਿੱਚ ਨਸ਼ਿਆਂ ਸਬੰਧੀ ਜਾਗਰੂਕਤਾ



ਕੈਂਪ ਲਗਾਇਆ। ਇਸ ਸਬੰਧੀ ਲਗਾਏ ਗਏ ਜਾਗਰੂਕਤਾ ਕੈਂਪ ਵਿੱਚ ਮਲਟੀਪਰਪਜ਼ ਹੈਲਥ ਵਰਕਰ ਰਾਜਿੰਦਰ ਸਿੰਘ ਨੇ ਨਸ਼ਿਆਂ ਦੇ ਕੁਪ੍ਰਭਾਵਾਂ ਬਾਰੇ ਦੱਸਿਆ। ਉਨ੍ਹਾ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਲੋਕਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਵਿਸ਼ੇਸ ਮੁਦਹੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਅਧੀਨ ਜੇਕਰ ਕੋਈ ਵੀ ਵਿਅਕਤੀ ਨਸ਼ਿਆ ਦੀ ਆਦਤ ਤੋਂ ਛੁਟਕਾਰਾ ਪਾਣਾ ਚਾਹੇ ਤਾਂ ਸਰਕਾਰ ਵਲੋਂ ਉਸਨੂੰ ਹਰ ਤਰਾਂ ਦੀਆਂ ਸੇਵਾਵਾਂ ਮੁੱਫਤ ਦਿਤੀਆਂ ਜਾਂਦੀਆਂ ਹਨ ਅਤੇ ਅਜਿਹੇ ਵਿਅਕਤੀ ਦਾ ਸਾਰਾ ਰਿਕਾਰਡ ਵੀ ਗੁੱਪਤ ਰੱਖਿਆ ਜਾਂਦਾ ਹੈ। ਉਨ੍ਹਾਂ ਕੈਂਪ ਵਿੱਚ ਹਾਜਰ ਲੋਕਾਂ ਨੂੰ ਅਪੀਲ ਕੀਤੀ ਕਿ ਅਪਣੇ ਪਿੰਡ ਨੂੰ ਨਸ਼ਾ ਮੁੰਕਤ ਬਣਾਉਣ ਲਈ ਸਰਕਾਰ ਦੀਆਂ ਯੋਜਨਾਗਾਂ ਦਾ ਲਾਭ ਲਿਆ ਜਾਵੇ। ਪਿੰਡ ਦੇ ਸਰਪੰਚ ਮੈਡਮ ਚੰਚਲਾ ਦੇਵੀ ਨੇ ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਡੇਪ ਯੋਜਨਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਨਾਲ ਨਸ਼ਿਆਂ ਦੀ ਆਦਤ ਵਿੱਚ ਫਸ ਚੁੱਕੇ ਵਿਅਕਤੀਆਂ ਨੂੰ ਨਸੇ ਛੱਡਣ ਵਿੱਚ ਮੱਦਦ ਮਿਲੇਗੀ। ਇਸ ਮੌਕੇ ਆਂਗਣਵਾੜੀ ਹੈਲਪਰ ਮੀਰਾ ਰਾਣਾ, ਆਸਾ ਵਰਕਰ ਕਿਰਨ ਬਾਲਾ, ਸੋਨੂੰ ਕੁਮਾਰੀ, ਰੇਖਾ ਰਾਣੀ, ਸੂਨੈਨਾ, ਸੁਰੇਖਾ, ਸੁਰਜੀਤ, ਸ਼ਿਵਾਨੀ, ਸੋਨਿਕਾ, ਅਮਰਜੀਤ, ਪ੍ਰਮੋਦ ਕੁਮਾਰ, ਜਸਵੰਤ ਸਿੰਘ, ਆਦਿ ਹਾਜਰ ਸਨ। **- ਕੁਲਦੀਪ ਚੰਦ**

## ਪੰਜਾਬੀ ਅਮਰੀਕਨ ਹੈਰੀਟੇਜ ਸੁਸਾਇਟੀ ਯੂਬਾ ਸਿਟੀ ਵੱਲੋਂ ਕਰਵਾਇਆ ਗਿਆ ਸਭਿਆਚਾਰਕ ਮੇਲਾ

**ਯੂਬਾ ਸਿਟੀ, ਕੈਲੇਫੋਰਨੀਆ (ਹੁਸਨ ਲੜੋਆ ਬੰਗਾ)-** ਹਰ ਵਰ੍ਹੇ ਕਰਵਾਏ ਜਾਂਦੇ ਯੂਬਾ ਸਿਟੀ ਵਿਚ ਸਭਿਆਚਾਰਕ ਮੇਲੇ ਦੌਰਾਨ ਐਤਕਾਂ ਵੀ ਕਾਫੀ ਕੁਝ ਦੇਖਣ ਨੂੰ ਮਿਲਿਆ। ਮੁੱਖ ਕਲਾਕਾਰਾਂ ਨੇ ਵੀ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਪੰਜਾਬੀ ਅਮਰੀਕਨ ਹੈਰੀਟੇਜ ਸੁਸਾਇਟੀ ਵੱਲੋਂ ਕਰਵਾਏ ਜਾਂਦੇ ਇਸ ਸਭਿਆਚਾਰਕ ਪ੍ਰੋਗਰਾਮ ਵਿਚ ਸ਼ੁਰੂਆਤ ਨੈਸ਼ਨਲ ਐਂਥਮ ਤੋਂ ਹੋਈ ਤੇ ਸ਼ਬਦ ਗਾਇਨ ਕੀਤਾ ਗਿਆ। ਇਸ ਤੋਂ ਬਾਅਦ ਸਭਿਆਚਾਰਕ ਵੰਨਗੀਆਂ ਦੀ ਸ਼ੁਰੂਆਤ ਰੰਗਲਾ ਪੰਜਾਬ ਯੂਬਾ ਸਿਟੀ ਤੋਂ ਹੋਈ, ਜਿਸਨੂੰ ਹਰਲੀਨ ਕੌਰ ਤੇ ਹਰਜੀਤ ਸਿੰਘ ਨੇ ਤਿਆਰ ਕੀਤਾ ਸੀ। ਗੱਭਰੂ ਪੰਜਾਬ ਦੇ ਜਿਸਨੂੰ ਹਰਸਿਮਰਨ ਕੌਰ ਤੇ ਹਰਜੀਤ ਸਿੰਘ ਨੇ ਤਿਆਰ ਕੀਤਾ ਸੀ। ਪੰਜਾਬ ਦਾ ਮਾਣ ਰੋਜ਼ਵਿਲ ਵੱਲੋਂ ਆਈਟਮ ਤਿਆਰ ਕੀਤੀ ਗਈ, ਜਿਸਨੂੰ ਰੇਜ਼ਲ ਬੈਂਸ ਤੇ ਜੀਵਨ ਜੋਤ ਭੁੱਲਰ ਨੇ ਤਿਆਰ ਕੀਤਾ ਸੀ। ਰੌਣਕ ਪੰਜਾਬ ਦੀ ਯੂਬਾ ਸਿਟੀ ਦੇ ਬੱਚਿਆਂ ਵੱਲੋਂ ਪੇਸ਼ ਕੀਤੀ ਗਈ। ਕੱਚ ਦੀਆਂ ਕਲੀਆਂ ਆਈਟਮ ਬੱਚਿਆਂ ਵੱਲੋਂ ਪੇਸ਼ ਕੀਤੀ ਗਈ। ਇਸ ਦੌਰਾਨ ਪੰਜਾਬ ਦੀਆਂ ਮੁਟਿਆਰਾਂ ਰੋਜ਼ਵਿਲ ਦੀਆਂ ਕੁ-ੜੀਆਂ ਵੱਲੋਂ ਪੇਸ਼ ਕੀਤੀ ਗਈ, ਜਿਸਨੂੰ ਸੁਮਨ ਕੰਗ ਨੇ ਪੇਸ਼ ਕੀਤਾ। ਮਾਣ ਪੰਜਾਬ ਦਾ ਯੂਬਾ ਸਿਟੀ ਦੇ ਲੜਕਿਆਂ ਦੀ ਆਈਟਮ ਸਲਾਹੁਣਯੋਗ ਸੀ। ਸਾਡਾ ਵਿਰਸਾ ਯੂਬਾ ਸਿਟੀ ਦੇ ਮੁੰਡਿਆਂ ਵੱਲੋਂ ਪੇਸ਼ ਕੀਤੀ ਗਈ। ਸ਼ੌਕੀਨ ਮਜਾਜਣਾਂ ਕੁੜੀਆਂ ਦੀ ਆਈਟਮ ਨੇ ਦਰਸ਼ਕਾਂ ਵਿਚ ਚੰਗੀ ਛਾਪ ਛੱਡੀ। ਇਸ ਤੋਂ ਇਲਾਵਾ ਮਹਿਕ ਪੰਜਾਬ ਦੀ, ਅਣਖ ਦੇ ਪੰਜਾਬ, ਨੈਕਸਟ ਜਨਰੇਸ਼ਨ ਭੰਗੜਾ ਬੇ-ਏਰੀਆ, ਵਿਰਸਾ ਪੰਜਾਬ ਦਾ ਰੋਜ਼ਵਿਲ, ਯਾਰ ਅਣਮੁੱਲੇ ਯੂਬਾ ਸਿਟੀ, ਅੱਡੀ ਟੱਪਾ ਯੂਬਾ ਸਿਟੀ ਨੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਇਸ ਸਮਾਗਮ ਵਿਚ ਜੋ ਖਿੱਚ ਦਾ ਕੇਂਦਰ ਬਣਿਆ 'ਯੂਬਾ ਸਿਟੀ ਦੀਆਂ ਮੁਟਿਆਰਾਂ ਦਾ ਗਿੱਧਾ' ਨੇ ਪੰਜਾਬ ਵਿਚ ਪੈਂਦੇ ਗਿੱਧਿਆਂ ਦੀ ਧਮਾਲ ਨੂੰ ਯਾਦ ਕਰਵਾ ਦਿੱਤਾ। ਇਸ ਦੌਰਾਨ ਵੱਖ-ਵੱਖ ਮਹਿਮਾਨਾਂ ਨੂੰ ਅਤੇ ਸਮਾਜ ਵਿਚ ਵੱਖ ਕਾਰਜਾਂ ਰਾਹੀਂ ਹਿੱਸਾ ਪਾਉਣ ਵਾਲੀਆਂ ਸੰਸਥਾਵਾਂ ਤੇ ਵਿਅਕਤੀਆਂ ਨੂੰ ਬੁਲਾ ਕੇ ਸਟੇਜ ਤੇ ਸਨਮਾਨਿਤ ਤੇ ਬੁਲਾਇਆ ਵੀ ਗਿਆ।



ਇਸ ਵਾਰ ਸਟੇਜ ਦੀ ਕਾਰਵਾਈ ਬੀਬੀ ਹਰਜੀਤ ਉਪਲ ਨੇ ਬਾਖੂਬੀ ਨਿਭਾਉਂਦਿਆਂ ਕਲਾਕਾਰਾਂ ਤੇ ਮਹਿਮਾਨਾਂ ਨੂੰ ਪੇਸ਼ ਕੀਤਾ। ਸਭਿਆਚਾਰਕ ਪ੍ਰੋਗਰਾਮ ਦੇ ਅਖੀਰਲੇ ਪੜਾਅ ਵਿਚ ਮੁੱਖ ਕਲਾਕਾਰਾਂ ਨੂੰ ਪੇਸ਼ ਕੀਤਾ ਗਿਆ, ਜਿਹਨਾਂ ਵਿਚ ਕੁਲਵਿੰਦਰ ਬਿੱਲਾ, ਰਾਜਵੀਰ ਜਵੰਦਾ ਨੇ ਆਪਣੇ ਲੋਕਪ੍ਰਿਆ ਤੇ ਚਰਚਿਤ ਗੀਤ ਗਾਏ।

## ਅਰਪਨ ਸੋਸਾਇਟੀ ਨੇ ਅੰਤਰਰਾਸ਼ਟਰੀ ਜੈਵਿਕ ਵਿਭਿੰਨਤਾ ਦਿਵਸ ਸਬੰਧੀ ਪ੍ਰੋਗਰਾਮ ਕਰਵਾਇਆ

ਅਰਪਨ ਸੋਸਾਇਟੀ ਵਲੋਂ ਪੰਜਾਬ ਰਾਜ ਜੈਵਿਕ ਵਿਭਿੰਨਤਾ ਬੋਰਡ ਨਾਲ ਮਿਲਕੇ ਰਾਸ਼ਟਰੀ ਜੈਵਿਕ ਵਿਭਿੰਨਤਾ ਅਥਾਰਟੀ ਭਾਰਤ ਸਰਕਾਰ ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਜੈਵਿਕ ਵਿਭਿੰਨਤਾ ਦਿਵਸ ਸਬੰਧੀ ਬਾਲ ਭਾਰਤੀ ਪਬਲਿਕ ਸਕੂਲ ਡੁੱਕਲੀ ਵਿੱਚ ਪ੍ਰੋਗਰਾਮ ਕਰਵਾਇਆ। ਇਸ ਸਬੰਧੀ ਸਕੂਲ ਦੇ ਵਿਦਿਆਰਥੀਆ ਅਦਿਤਿਆ, ਗੋਰਵ, ਕਰਣ, ਜਾਵੇਦ, ਕਵਿਤਾ, ਭੂਮੀ, ਬਬਿਤਾ, ਹਰਮਨ, ਹਰਸ਼, ਸੁਮਿਤ, ਮੁਸਕਾਨ, ਰਾਣੀ, ਸਿਮਰਨ, ਲਵਪ੍ਰੀਤ, ਦਿਵਿਆ, ਅਲਕਾ, ਸਾਹਿਲ, ਆਸਿਫ, ਰੀਤਿਕਾ, ਸੁਨੀਤਾ, ਪ੍ਰਥਮ ਆਦਿ ਨੇ ਵਿਚਾਰ ਚਰਚਾ ਅਤੇ ਭਾਸ਼ਣ ਪ੍ਰਤੀਯੋਗਤਾ ਵਿੱਚ ਭਾਗ ਲਿਆ ਅਤੇ ਅਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਅਰਪਨ ਦੇ ਪ੍ਰੋਗਰਾਮ ਮੈਨੇਜਰ ਮੈਡਮ ਇੰਦੂ ਬਾਲਾ ਨੇ ਜੈਵਿਕ ਵਿਭਿੰਨਤਾ ਦੀ ਮਹੱਤਤਾ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਨੇ ਦੱਸਿਆ ਕਿ ਜੈਵਿਕ ਵਿਭਿੰਨਤਾ ਕੁ-ਦਰਤੀ ਸੰਤੁਲਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਜ਼ਮੀਨ ਦੀ ਉਪਜਾਊ ਸ਼ਕਤੀ ਬਣਾਕੇ ਰੱਖਣਾ, ਜਲ ਦੀ ਅਪੂਰਤੀ ਨੂੰ ਸੰਤੁਲਿਤ ਰੱਖਣਾ, ਜਲਵਾਯੂ ਚੱਕਰ ਨੂੰ ਨਿਯਮਿਤ ਬਣਾਕੇ ਰੱਖਣਾ, ਨਮੀ ਨੂੰ ਕਾਇਮ ਰੱਖਣਾ ਅਤੇ ਕਚਰੇ ਨੂੰ ਨਿਯੰਤਰਿਤ ਕਰਨਾ ਆਦਿ ਜੈਵਿਕ ਵਿਭਿੰਨਤਾ ਨਾਲ ਹੀ ਸੰਭਵ ਹੈ। ਅਰਪਨ ਸੋਸਾਇਟੀ ਦੇ ਡਾਇਰੈਕਟਰ ਕੁਲਦੀਪ ਚੰਦ ਨੇ ਅੰਤਰਰਾਸ਼ਟਰੀ ਜੈਵਿਕ ਵਿਭਿੰਨਤਾ ਦਿਵਸ, ਪੰਜਾਬ ਜੈਵਿਕ ਵਿਭਿੰਨਤਾ ਬੋਰਡ ਅਤੇ ਜੈਵਿਕ ਵਿਭਿੰਨਤਾ ਅਥਾਰਟੀ ਭਾਰਤ ਸਰਕਾਰ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਨੇ ਦੱਸਿਆ ਕਿ ਜੀਵ ਵਿਭਿੰਨਤਾ ਸ਼ਬਦ ਵਿੱਚ ਮਨੁੱਖ ਸਮੇਤ ਸਭ ਜੀਵ-ਜੰਤੂ ਅਤੇ ਪੌਦੇ ਸ਼ਾਮਲ ਹਨ। ਧਰਤੀ ਤੇ ਵੱਖ ਵੱਖ ਕਿਸਮਾਂ ਦੇ ਜੀਵਾਂ ਦੀ ਉਤਪਤੀ ਹੋਈ ਅਤੇ ਇਹਨਾਂ ਵਿੱਚੋਂ ਕਈ ਜੀਵ ਸਮੇਂ-ਸਮੇਂ ਤੇ ਲੁਪਤ ਵੀ ਹੋ ਗਏ, ਜਿਵੇਂ ਡਾਇਨਾਸੋਰ ਅਤੇ ਉਸਦੀਆਂ ਹੋਰ ਪ੍ਰਜਾਤੀਆਂ ਅੱਜ ਤੋਂ ਲਗਭੱਗ 7.5 ਕਰੋੜ ਸਾਲਾਂ ਪਹਿਲਾਂ ਹੀ ਧਰਤੀ ਤੋਂ ਖਤਮ ਹੋ ਗਈਆਂ। ਉਨ੍ਹਾਂ ਨੇ ਅੰਤਰਰਾਸ਼ਟਰੀ ਜੈਵਿਕ ਵਿਭਿੰਨਤਾ ਦਿਵਸ 2018 ਦੇ ਮੁੱਖ ਵਿਸ਼ਾ ਜੈਵਿਕ ਵਿਭਿੰਨਤਾ ਲਈ ਕਾਰਜਸ਼ੀਲ 25 ਸਾਲ ਬਾਰੇ ਦੱਸਿਆ। ਉਨ੍ਹਾ ਦੱਸਿਆ ਕਿ ਭੋਤਿਕਵਾਦ, ਸ਼ਹਿਰੀਕਰਣ ਅਤੇ ਉਦਯੋਗੀਕਰਨ ਦੀ ਦੋੜ ਵਿੱਚ ਮਨੁੱਖ ਨੇ ਕੁਦਰਤ ਦੇ ਸਾਰੇ ਨਿਯਮਾਂ ਦੀ ਅਣਦੇਖੀ ਕਰ ਦਿੱਤੀ ਹੈ ਜਿਸ ਕਾਰਨ 3 ਤੋਂ 5 ਕਰੋੜ ਦੀਆਂ ਪ੍ਰਜਾਤੀਆਂ ਵਿੱਚੋਂ ਲਗਭੱਗ 100 ਪ੍ਰਜਾਤੀਆਂ ਧਰਤੀ ਤੋਂ ਪ੍ਰਤੀਦਿਨ ਖਤਮ ਹੁੰਦੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਦੁਨੀਆਂ ਵਿੱਚ ਪਾਈਆ ਜਾਣ ਵਾਲੀਆਂ ਵਿਭਿੰਨ ਪ੍ਰਜਾਤੀਆਂ ਦਾ ਲਗਭੱਗ 40 ਫੀਸਦੀ ਭਾਰਤ ਵਿੱਚ ਨਿਵਾਸ ਕਰਦਾ ਹੈ। ਉਨ੍ਹਾਂ ਦੱਸਿਆ ਕਿ ਅਜੋਕੇ ਖੇਤੀਬਾੜੀ ਪ੍ਰਬੰਧ ਰਸਾਇਣਿਕ ਖਾਦਾਂ, ਕੀੜੇਮਾਰ ਦਵਾਈਆਂ, ਕੀਟਨਾਸ਼ਕ ਅਤੇ ਨਦੀਨ ਨਾਸ਼ਕਾਂ ਦੀ ਵਰਤੋਂ ਨੇ ਜੀਵ-ਵਿਭਿੰਨਤਾ ਨੂੰ ਵੱਡੀ ਪੱਧਰ ਤੇ ਖੋਰਾ ਲਾਇਆ ਹੈ, ਮਿੱਤਰ ਕੀੜਿਆਂ ਅਤੇ ਪੌਦਿਆਂ ਨੂੰ ਨਸ਼ਟ ਕਰ ਦਿੱਤਾ ਹੈ। ਪਾਣੀ ਵਿੱਚ ਵਧ ਰਹੇ ਪ੍ਰਦੂਸ਼ਣ ਕਾਰਨ ਪਾਣੀ ਵਿਚਲੀਆਂ ਜੀਵ ਪ੍ਰਜਾਤੀਆਂ ਤੇ ਮਾੜਾ ਅਸਰ ਪੈ ਰਿਹਾ ਹੈ। ਓਜੋਨ ਪਰਤ ਵਿੱਚ ਛੇਕ, ਹਵਾ ਪ੍ਰਦੂਸ਼ਣ, ਜਲ ਪ੍ਰਦੂਸ਼ਣ, ਆਵਾਜ਼ ਪ੍ਰਦੂਸ਼ਣ, ਭੂਮੀ ਪ੍ਰਦੂਸ਼ਣ ਆਦਿ ਸਮੱਸਿਆਵਾਂ ਮਨੁੱਖ ਨੇ ਆਪ ਹੀ ਖੜ੍ਹੀਆਂ ਕੀਤੀਆਂ ਹਨ ਅਤੇ ਦੂਰ ਵੀ ਉਹੀ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਸਰਕਾਰ ਦੇ ਨਾਲ ਨਾਲ ਆਮ ਲੋਕਾਂ ਨੂੰ ਵੀ ਇਸ ਪ੍ਰਤੀ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਧਰਤੀ ਤੇ ਰਹਿਣ ਵਾਲੇ ਵੱਖ ਵੱਖ ਕਿਸਮਾਂ ਦੇ ਜੀਵ ਜੰਤੂਆਂ ਅਤੇ ਪੌਦਿਆਂ ਨੂੰ ਬਚਾਇਆ ਜਾ ਸਕੇ। ਇਸ ਮੌਕੇ ਰਾਜਿੰਦਰ ਸਿੰਘ, ਅਮਰਜੀਤ ਪਿੰਡ ਦੇ ਸਰਪੰਚ ਮੈਡਮ ਚੰਚਲ ਦੇਵੀ, ਅਧਿਆਪਕ ਰੇਖਾ ਰਾਣੀ, ਮਨਜੀਤ ਸੈਣੀ, ਕੋਮਲ, ਸੋਨੀਆ ਮਿਨਹਾਸ, ਸੁਰੇਖਾ, ਸੁਰਜੀਤ, ਸ਼ਿਵਾਨੀ ਠਾਕੁਰ ਆਦਿ ਨੇ ਜੈਵਿਕ ਵਿਭਿੰਨਤਾ ਬਾਰੇ ਅਪਣੇ-ਅਪਣੇ ਵਿਚਾਰ ਦੱਸੇ।



**- ਕੁਲਦੀਪ ਚੰਦ**

# ਭਾਰਤ ਦੇ ਮੂਲਨਿਵਾਸੀਆ ਨੂੰ ਫੇਰ ਤੋਂ ਗੁਲਾਮ ਬਣਾਉਣ ਲਈ ਖੋਹਿਆ ਪੜ੍ਹਾਈ ਦਾ ਹੱਕ: ਭੀਮ ਕ੍ਰਾਂਤੀ ਦਲ

**ਹੁਸਿਆਰਪੁਰ–** ਜਦੋਂ ਦੀ ਕੇਂਦਰ ਚ ਭਾਜਪਾ ਸਰਕਾਰ ਬਣੀ ਹੈ ਉਦੋਂ ਤੋਂ ਹੀ ਭਾਰਤ ਦੇ ਮੂਲਨਿਵਾਸੀਆਂ ਖਿਲਾਫ ਫੈਸਲੇ ਹੁੰਦੇ ਆਏ ਹਨ ਇਨ੍ਹਾਂ ਵਿਚਾਰਾਂ ਦਾ ਪ੍ਰਟਗਾਵਾ ਕਰਦੇ ਅਮਰਜੀਤ ਭੱਟੀ ਜਿਲ੍ਹਾ ਪ੍ਰਧਾਨ ਭੀਮ ਕ੍ਰਾਂਤੀ ਦਲ ਹੁਸ਼ਿਆਰਪੁਰ ਨੇ ਕਿਹਾ ਕਿ ਪਹਿਲਾ ਭਾਜਪਾ ਸਰਕਾਰ ਨੇ ਐਸ ਸੀ ਐਸ ਟੀ ਐਕਟ ਨਾਲ ਛੇੜਛਾੜ ਕੀਤੀ ਹੱਲੇ ਉਹ ਜਖਮ ਭਰੇ ਨਹੀ ਸਨ। ਹੁਣ ਇਕ ਹੋਰ ਨਵਾਂ ਫੈਸਲਾ ਮੂਲਨਿ-ਵਾਸੀਆਂ ਖਿਲਾਫ ਜੋ ਕਿ ਪੜ੍ਹ ਰਹੇ ਵਿਦਿਆਰਥੀਆਂ ਨੂੰ ਇਕ ਹੋਰ ਵੱਡਾ ਝਟਕਾ ਦਿੱਤਾ ਇਸ ਤਰ੍ਹਾਂ ਕਰਨ ਨਾਲ ਵਿਦਿਆਰਥੀਆਂ ਦਾ ਭਵਿੱਖ ਹਨੇਰੇ ਵਿੱਚ ਚਲਿਆ ਜਾਵੇਗਾ ਕਿਉਂਕਿ ਸਹੀ ਵਿੱਦਿਆ ਇਨਸਾਨ ਨੂੰ ਜਾਗਰੂਕ ਕਰਦੀ ਹੈ ਤੇ ਤਰੱਕੀ ਵੱਲ ਤੋਰਦੀ ਹੈ ਕੇਂਦਰ ਦੀ ਭਾਜਪਾ ਸਰਕਾਰ ਦੇ ਇਸ ਫੈਸਲੇ ਵਿਰੁੱਧ ਪੂਰੇ ਭਾਰਤ ਵਿੱਚ ਰੋਸ ਪਾਇਆ ਜਾਂ ਰਿਹਾ ਹੈ ਨਵੇਂ ਨੋਟੀਫਿਕੇਸ਼ਨ ਮੁਤਾਬਿਕ ਵਿਦਿਆਰਥੀਆਂ ਨੂੰ ਕਾਲਜ ਵਿੱਚ ਦਾਖਲਾ ਲੈਣ ਸਮੇਂ ਪੂਰੀ ਫੀਸ ਜਮ੍ਹਾਂ ਕਰਵਾਉਣੀ ਪਵੇਗੀ ਬੀਤੇ ਚਾਰ ਸਾਲ ਤੋਂ ਪਹਿਲਾਂ ਪੁਰਾਣੀ ਪਾਲਿਸੀ ਤਹਿਤ ਐਸ ਸੀ ਵਿਦਿਆਰਥੀਆਂ ਨੂੰ ਸਰਕਾਰੀ ਜਾਂ ਪ੍ਰਾਈਵੇਟ ਕਾਲਜ ਵਿੱਚ ਪੂਰੀ ਤਰ੍ਹਾਂ ਮੁਫਤ ਦਾਖਲਾ ਮਿਲਦਾ ਸੀ ਜਿਸ ਨਾਲ ਵਿਦਿਆਰਥੀਆਂ ਦੇ ਮਾਤਾ-ਪਿਤਾ ਦੀ ਪੜ੍ਹਾਈ ਦੀ ਚਿੰਤਾ ਖਤਮ ਹੋ ਜਾਂਦੀ ਸੀ ਪਰ ਹੁਣ ਭਾਰਤ ਦੇ ਮੂਲਨਿਵਾਸੀਆਂ ਨੂੰ ਵੱਡੀਆਂ ਵੱਡੀਆਂ ਰਕਮਾਂ ਇਕੱਠੀਆਂ ਕਰਨੀਆਂ ਪੈਣਗੀਆਂ, ਜੋ ਕਿ ਉਨਾਂ ਦੇ ਦਾਇਰੇ ਤੋਂ ਬਾਹਰ ਹਨ ਭੀਮ ਕ੍ਰਾਂਤੀ ਦਲ ਦੇ ਆਗੂਆਂ ਨੇ ਮੰਗ ਕੀਤੀ ਕਿ ਭਾਜਪਾ ਸਰਕਾਰ ਨਰਿੰਦਰ ਮੋਦੀ ਆਪਣਾ ਨਜਾਇਜ਼ ਫੈਸਲਾ ਤੁਰੰਤ ਵਾਪਿਸ ਲਵੇ ਤਾਂ ਕਿ ਭਾਰਤ ਦੇ ਮੂਲਨਿਵਾਸੀਆਂ ਦੀ ਪੜ੍ਹਾਈ ਵਿੱਚ ਕੋਈ ਰੁਕਾਵਟ ਨਾ ਆਵੇ। ਅਗਰ ਕੇਂਦਰ ਦੀ ਭਾਜਪਾ ਸਰਕਾਰ ਇਸ ਸਬੰਧੀ ਜਲਦ ਕੋਈ ਫੈਸਲਾ ਨਹੀਂ ਲੈਂਦੀ ਤਾਂ ਭਾਰਤ ਦੇ ਮੂਲਨਿਵਾਸੀ ਲੋਕ ਸੜਕਾਂ ਤੇ ਆਪਣਾ ਹੱਕ ਲੈਣ ਲਈ ਉੱਤਰਨਗੇ। ਇਸ ਮੋਕੇ ਤੇ ਕਮਲਜੀਤ ਦਰਦੀ ਮੂਲਨਿਵਾਸੀ, ਅਮਿਤ ਪਾਲ ਮੂਲਨਿਵਾਸੀ, ਅਕਸ਼ਿਤ ਮੂਲਨਿਵਾਸੀ , ਗੁਲਸ਼ਨ ਕੁਮਾਰ ਮੂਲਨਿਵਾਸੀ, ਮਨੀਸ਼ ਕੁਮਾਰ ਮੂਲਨਿਵਾਸੀ, ਮਨਜੀਤ ਸਿੰਘ ਮੂਲਨਿਵਾਸੀ, ਹਰਜਿੰਦਰ ਲਾਡੀ ਮੂਲਨਿਵਾਸੀ, ਮਨਪ੍ਰੀਤ ਸਿੰਘ ਮੂਲਨਿਵਾਸੀ, ਜਵਰਾਜ ਕੁਮਾਰ ਮੂਲਨਿਵਾਸੀ ਆਦਿ ਹਾਜਰ ਸਨ



# ਮਿਸ਼ਨਰੀ ਗਾਇਕ ਐਚ ਐਸ ਤਾਜਪੁਰੀ ਦਾ ਕੈਲਗਿਰੀ ਕੈਨੇਡਾ 'ਚ ਸਨਮਾਨ

**ਕੈਨੇਡਾ–** 'ਦੇਖ ਮੇਲੇ ਨੂੰ ਚੱਲੇ ਬੀਬੇ ਪੁੱਤ ਚਮਾਰਾਂ ਦੇ' ਗੀਤ ਦੇ ਚਰਚਿਤ ਮਿਸ਼ਨਰੀ ਗਾਇਕ ਐਚ ਐਸ ਤਾਜਪੁਰੀ ਦਾ ਡਾ. ਬੀ ਆਰ ਅੰਬੇਡਕਰ ਇੰਟਰਨੈਸ਼ਨਲ ਮਿਸ਼ਨ ਸੁਸਾਇਟੀ ਕੈਲਗਿਰੀ ਕੈਨੇਡਾ ਵਲੋਂ ਅਮਰਜੀਤ ਸੰਧੂ ਪ੍ਰਧਾਨ , ਮੇਜਰ ਮੱਲ, ਮਥੁਰਾ ਪ੍ਰਸ਼ਾਦ ਅਤੇ ਹੋਰ ਅਹੁਦੇਦਾਰਾਂ ਦੀ ਹਾਜ਼ਰੀ ਵਿਚ ਸਨਮਾਨ ਕੀਤਾ ਗਿਆ। ਇਸ ਸਨਮਾਨ ਤੋਂ ਪਹਿਲਾਂ ਐਚ ਐਸ ਤਾਜ਼ਪੁਰੀ ਨੇ ਬਾਬਾ ਸਾਹਿਬ ਦੀ ਜੀਵਨੀ ਨਾਲ ਸਬੰਧਿਤ ਡਾ. ਬੀ ਆਰ ਅੰਬੇਡਕਰ ਇੰਟਰਨੈਸ਼ਨਲ ਮਿਸ਼ਨ ਸੁਸਾਇਟੀ ਕੈਲਗਿਰੀ ਕੈਨੇਡਾ ਵਲੋਂ ਕਰਵਾਏ ਗਏ ਪ੍ਰੋਗਰਾਮ ਵਿਚ ਆਪਣੇ ਗੀਤਾਂ ਦੀ ਦਮਦਾਰ ਹਾਜ਼ਰੀ ਭਰੀ। ਜਿਸ ਉਪਰੰਤ ਗਾਇਕ ਤਾਜਪੁਰੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਗਾਇਕ ਐਚ ਐਸ ਤਾਜਪੁਰੀ ਨੇ ਦੱਸਿਆ ਕਿ ਉਹ ਕੈਨੇਡਾ ਦੇ ਪ੍ਰਸਿੱਧ ਪ੍ਰਮੋਟਰ ਸ਼੍ਰੀ ਬਿੱਲ ਬਸਰਾ ਜੀ ਦਾ ਵਿਸ਼ੇਸ਼ ਤੌਰ ਤੇ ਧੰਨਵਾਦੀ ਹੈ। ਜਿੰਨ੍ਹਾਂ ਨੇ ਇਸ ਤੋਂ ਪਹਿਲਾਂ ਉਨ੍ਹਾਂ ਨੂੰ ਕੈਨੇਡਾ ਵਿਖੇ ਬੁਲਾ ਕੇ ਵੱਖ-ਵੱਖ ਪ੍ਰੋਗਰਾਮਾਂ ਰਾਹੀਂ ਸੰਗਤ ਦੇ ਸਨਮੁੱਖ ਕੀਤਾ ਸੀ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਉਹ ਜੀਵਨ ਐਡਮਿੰਨਟਨ, ਸਾਧੂ ਐਡਮਿੰਨਟਨ ਅਤੇ ਐਚ ਐਲ ਸੋਨੀ ਦਾ ਵੀ ਧੰਨਵਾਦੀ ਹੈ।



# ਸਭਿਆਚਾਰਕ ਸ਼ਖਸ਼ੀਅਤ ਐਸ ਪੀ ਸਹੋਤਾ ਦਾ ਅਮਰੀਕਾ 'ਚ ਸਨਮਾਨ


**ਅਮਰੀਕਾ–** ਬੇਹੱਦ ਮਿੱਠ ਬੋਲੜੇ, ਅਤੇ ਮਿਲਣਸਾਰ, ਯਾਰਾਂ ਦੇ ਯਾਰ ਸਭਿਆਚਾਰਕ ਸਖਸ਼ੀਅਤ ਗੀਤਕਾਰ ਅਤੇ ਨਾਵਲਕਾਰ ਸ. ਨਿਰਮਲਜੀਤ ਸਿੰਘ ਸਹੋਤਾ ਐਸ ਪੀ ਜਲੰਧਰ ਦਾ ਅਮਰੀਕਾ ਨਿਊਯਾਰਕ ਵਿਖੇ ਵੱਖ-ਵੱਖ ਸਭਿਆਚਾਰਕ, ਸਾਹਿਤਕ ਅਤੇ ਖੇਡ ਕਲੱਬਾਂ ਦੇ ਅਹੁਦੇਦਾਰਾਂ ਵਲੋਂ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਪਰਮਜੀਤ ਸਿੰਘ ਹੁੰਦਲ ਕੋਟਲੀ ਅਰਾਈਆਂ ਅਤੇ ਪਰਮਿੰਦਰ ਸਿੰਘ ਅਧਿਕਾਰੇ ਨੇ ਕਿਹਾ ਕਿ ਪੰਜਾਬੀ ਸਭਿਆਚਾਰ ਨੂੰ ਜਿਊਂਦਾ ਰੱਖਣ ਵਾਲੇ ਲੇਖਕਾਂ ਬੁੱਧੀਜੀਵੀਆਂ ਦਾ ਉਨ੍ਹਾਂ ਦੀਆਂ ਸੰਸਥਾਵਾਂ ਵਲੋਂ ਹਮੇਸ਼ਾ ਸਨਮਾਨ ਸਤਿਕਾਰ ਵਿਦੇਸ਼ ਦੀ ਧਰਤੀ ਤੇ ਪੁੱਜਣ ਤੇ ਕੀਤਾ ਜਾਂਦਾ ਹੈ। ਇਸ ਕੜੀ ਵਿਚ ਉਨ੍ਹਾਂ ਵਲੋਂ ਐਸ ਪੀ ਸਹੋਤਾ ਸਾਹਿਬ ਦਾ ਵੀ ਸਨਮਾਨ ਕੀਤਾ ਗਿਆ। ਜਿਸ ਤੇ ਸਮੂਹ ਸਭਿਆਚਾਰਕ ਸੰਸਥਾਵਾਂ ਆਪਣੇ ਆਪ ਵਿਚ ਮਾਣ ਮਹਿਸੂਸ ਕਰਦੀਆਂ ਹਨ। ਐਸ ਪੀ ਸਹੋਤਾ ਨੇ ਇਹ ਸਨਮਾਨ ਨੂੰ ਸਮੁੱਚੀ ਪੰਜਾਬੀਅਤ ਦਾ ਸਨਮਾਨ ਦੱਸਦਿਆਂ ਸਾਰੇ ਅਹੁਦੇਦਾਰਾਂ ਦਾ ਦਿਲੀਂ ਧੰਨਵਾਦ ਕੀਤਾ। ਇਸ ਮੌਕੇ ਸੁਰਿੰਦਰ ਸਿੰਘ ਹੁੰਦਲ, ਜਸਵਿੰਦਰ ਚੱਠਾ, ਕਾਲਾ ਕੋਟਲਾ, ਲਖਵਿੰਦਰ ਸਿੰਘ ਸੋਨੀ, ਸ਼ਵਦੀਪ ਸਿੰਘ ਭੁੱਲਰ, ਕਮਲਜੀਤ ਸਿੰਘ ਅਟਵਾਲ, ਦਲਜੀਤ ਅਟਵਾਲ, ਕਮਲ ਸਿੰਘ ਚਹੇੜੂ, ਛਤਰਪਾਲ ਸਿੰਘ,ਬਲਰੂਪ ਸਿੰਘ ਹੁੰਦਲ, ਜਗਵਿੰਦਰ ਸਿੰਘ ਬਿੱਲੂ, ਤਨਰੂਪ ਸਿੰਘ ਸੰਧੂ, ਰਾਜਨ ਸਿੰਘ ਰਾਣਾ, ਕਰਮਜੀਤ ਸਿੰਘ, ਪ੍ਰੀਤ ਇੰਦਰ ਸਿੰਘ ਸਹੋਤਾ ਅਤੇ ਕਿਰਪਾਲ ਸਿੰਘ ਬਿੱਲੂ ਹਾਜ਼ਰ ਸਨ।



# ਪਦਮ ਸ੍ਰੀ ਗਾਇਕ ਹੰਸ ਰਾਜ ਹੰਸ ਦਾ ਟਰੈਕ "ਹੂਕ"

## 29 ਮਈ ਨੂੰ ਰਿਲੀਜ਼, ਬਣੇਗਾ ਹਰ ਦਿਲ ਦੀ ਪਸੰਦ - ਪ੍ਰੋਡਿਊਸਰ ਮੁਕੇਸ਼ ਕੁਮਾਰ

**ਬਠਿੰਡਾ (ਗੁਰਬਾਜ ਗਿੱਲ)–** ਪੰਜਾਬੀ ਸੰਗੀਤ ਜਗਤ ਵਿੱਚ ਆਪਣੀਆਂ ਅਨੇਕਾਂ ਹੀ ਸੁਪਰ-ਡੁਪਰ ਹਿੱਟ ਐਲਬੰਮਾਂ ਨਾਲ ਪੰਜਾਬੀ ਗਾਇਕੀ ਖੇਤਰ ਵਿੱਚ ਵਿਲੱਖਣ ਪਹਿਚਾਣ ਬਣਾਉਣ ਵਾਲੇ ਪਦਮ ਸ੍ਰੀ ਗਾਇਕ ਹੰਸ ਰਾਜ ਹੰਸ ਦਾ ਨਵਾਂ ਟਰੈਕ "ਹੂਕ" ਬਠਿੰਡੇ ਦੀ ਪ੍ਰਸਿੱਧ ਮਿਊਜ਼ਿਕ ਕੰਪਨੀ ਅਨੰਦ ਮਿਊਜ਼ਿਕ ਵੱਲੋਂ ਬੜੇ ਹੀ ਵੱਡੇ ਪੱਧਰ 'ਤੇ 28 ਮਈ ਨੂੰ ਰਿਲੀਜ਼ ਕੀਤਾ ਗਿਆ। ਅਨੰਦ ਮਿਊਜ਼ਿਕ ਕੰਪਨੀ ਦੇ ਪ੍ਰੋਡਿਊਸਰ ਮੁਕੇਸ਼ ਕੁਮਾਰ ਨੇ ਗੱਲਬਾਤ ਕਰਦਿਆ ਦੱਸਿਆ ਕਿ ਗੀਤਕਾਰ ਸਰਨਜੀਤ ਬੈਂਸ ਦੁਆਰਾ ਕਲਮ-ਬੱਧ ਕੀਤੇ, ਇਸ ਟਰੈਕ ਨੂੰ ਸੰਗੀਤ ਨਾਲ ਸਿੰਗਾਰਿਆ ਹੈ ਪ੍ਰਸਿੱਧ ਸੰਗੀਤਕਾਰ ਅਮਦਾਦ ਅਲੀ ਜੀ ਨੇ। ਇਸ ਟਰੈਕ ਦਾ ਵੀਡੀਓ ਸੋਨੂੰ ਢਿੱਲੋਂ ਦੁਆਰਾ ਬੜੀ ਹੀ ਮਿਹਨਤ ਨਾਲ ਬਹੁਤ ਹੀ ਖੂਬਸੂਰਤ ਥਾਵਾਂ 'ਤੇ ਫ਼ਿਲਮਾਂਕਣ ਕੀਤਾ ਗਿਆ ਹੈ, ਜੋ ਹਰ ਦਿਲ ਦੀ ਪਸੰਦ ਬਣੇਗਾ ਅਤੇ ਇਸ ਟਰੈਕ ਦੇ ਯੂ-ਟਿਊਬ 'ਤੇ ਚੱਲ ਰਹੇ ਟੀਜ਼ਰ ਨੂੰ ਸਾਡੇ ਚਾਹੁੰਣ ਵਾਲੇ ਮਨਾਂ-ਮੂੰਹੀ ਪਿਆਰ/ ਸਤਿਕਾਰ ਦੇ ਰਹੇ ਹਨ। ਰਿਲੀਜ਼ ਵਾਲੇ ਦਿਨ 28 ਮਈ ਤੋਂ ਹੀ ਚੈਨਲ ਪੀ. ਟੀ. ਸੀ. ਪੰਜਾਬੀ, ਪੀ. ਟੀ. ਸੀ. ਚੱਕਦੇ, ਨਾਈਨ ਐਕਸ ਟਸ਼ਨ, ਐਮ. ਐਚ. ਵੰਨ ਅਤੇ ਯੂ-ਟਿਊਬ 'ਤੇ ਵੀ ਇਸ ਟਰੈਕ ਦੇ ਵੀਡੀਓ ਦਾ ਆਨੰਦ ਲੈ ਸਕਦੇ ਹਨ।




# ਚੰਨੀ ਨੇ ਆਪਣੀ ਹੀ ਸਰਕਾਰ ਤੇ ਲਗਾਇਆ ਲਾਅ ਅਫਸਰਾਂ ਵਿਚ ਕੋਈ ਵੀ ਦਲਿਤ ਭਰਤੀ ਨਾ ਕਰਨ ਦਾ ਦੋਸ਼

**ਚੰਡੀਗੜ੍ਹ–** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਚੁਣੇ ਗਏ 28 ਨਵੇਂ ਲਾਅ ਅਫਸਰਾਂ ਵਿਚ ਕੋਈ ਵੀ ਦਲਿਤ ਨਾ ਹੋਣ ਕਾਰਨ ਕਾਂਗਰਸ ਪਾਰਟੀ ਦੇ ਹੀ ਲੀਡਰ ਚਰਨਜੀਤ ਸਿੰਘ ਚੰਨੀ ਨੇ ਸਰਕਾਰ ਤੇ ਸਵਾਲੀਆ ਨਿਸ਼ਾਨ ਖੜ੍ਹਾ ਕੀਤਾ ਹੈ। ਸੂਬੇ ਦੇ ਤਕਨੀਕੀ ਸਿੱਖਿਆ ਅਤੇ ਰੁਜ਼ਗਾਰ ਪੈਦਾ ਕਰਨ ਵਾਲੇ ਮੰਤਰਾਲੇ ਦੇ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸ਼ੁੱਕਰਵਾਰ ਨੂੰ ਨਵੇਂ ਭਰਤੀ ਕੀਤੇ ਲਾਅ ਅਫਸਰਾਂ ਤੇ ਸਵਾਲ ਖੜ੍ਹਾ ਕਰਦਿਆਂ ਕਿਹਾ ਕਿ ਇਹਨਾਂ ਵਿਚੋਂ ਸਿਰਫ ਇਕ ਪੱਛੜੀ ਸ਼੍ਰੇਣੀ ਨਾਲ ਸਬੰਧਤ ਹੈ ਅਤੇ ਬਾਕੀ ਸਾਰੇ ਜਨਰਲ ਕੈਟੇਗਰੀ ਦੇ ਹਨ।



ਉਹਨਾਂ ਕਿਹਾ ਕਿ ਕਾਂਗਰਸ ਆਪਣੇ ਸਿਧਾਂਤ ਭੁੱਲ ਗਈ ਹੈ ਅਤੇ ਜਨਤਾ ਨਾਲ ਕੀਤੇ ਵਾਅਦੇ ਵੀ ਭੁੱਲ ਗਏ ਹੈ। ਉਹਨਾਂ ਕਿਹਾ ਕਿ ਪੰਜਾਬ ਲਾਅ ਅਫਸਰ (ਅੰਗੇਜਮੈਂਟ) ਐਕਟ 2017 ਵਿਚਸੋਧ ਕਰਕੇ ਇਸ ਵਿਚ ਰਿਜ਼ਰਵੇਸ਼ਨ ਦੀ ਵਿਵਸਥਾ ਕੀਤੀ ਜਾਣੀ ਚਾਹੀਦੀ ਹੈ। ਹਾਲਾਂਕਿ ਇਹ ਵਿਵਸਥਾ ਪਹਿਲਾਂ ਹੁੰਦੀ ਸੀ, ਜਦੋਂ ਨਿਯੁਕਤੀਆਂ ਵਿਚ 30 ਫੀਸਦੀ ਰਿਜ਼ਰਵੇਸ਼ਨ ਦਿੱਤੀ ਜਾਂਦੀ ਸੀ ਪਰ ਹੁਣ ਪਹਿਲਾ ਬਿਲ ਦਿਖਾਈ ਨਹੀਂ ਦੇ ਰਿਹਾ।

# ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਪੁਰਬ ਸਬੰਧੀ ਤਿੰਨ ਰੋਜ਼ਾ ਸਮਾਗਮ 1 ਜੂਨ ਤੋਂ

**ਅਲਾਵਲਪੁਰ (ਮਦਨ ਬੰਗੜ)–** ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਤਿੰਨ ਰੋਜ਼ਾ 45ਵਾ ਧਾਰਮਿਕ ਸਮਾਗਮ 1ਜੂਨ ਤੋਂ 3 ਜੂਨ ਤੱਕ ਡੇਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਪਿੰਡ ਜੱਫਲ ਝਿੰਗੜ ਜ਼ਿਲ੍ਹਾ ਜਲੰਧਰ ਵਿਖੇ ਸਮੂਹ ਸੰਗਤ ਦੇ ਸਹਿਯੋਗ ਨਾਲ ਆਯੋਜਿਤ ਕਰਵਾਏ ਜਾ ਰਹੇ ਹਨ।

ਡੇਰਾ ਮੁਖੀ ਮੁੱਖ ਸੇਵਾਦਾਰ ਸੰਤ ਬਾਬਾ ਅਮਰੀਕ ਸਿੰਘ ਅਤੇ ਬਾਬਾ ਪ੍ਰਭਜੋਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 1 ਜੂਨ ਨੂੰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਹੋਣਗੇ 2 ਜੂਨ ਨੂੰ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਜਾਵੇਗੀ 3 ਜੂਨ ਦਿਨ ਐਤਵਾਰ ਨੂੰ ਨਿਸ਼ਾਨ ਸਾਹਿਬ ਚੜ੍ਹਾਏ ਜਾਣਗੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਪਾਏ ਜਾਣਗੇ ਉਪਰੰਤ ਕੀਰਤਨ ਦਰਬਾਰ ਸਜੇਗਾ ਸਮਾਗਮ ਸਮੇਂ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

# ਪੈਟਰੋਲ ਡੀਜਲ ਦੀਆਂ ਕੀਮਤਾਂ ਦੇ ਵਾਧੇ ਦੇ ਵਿਰੋਧ ਵਿੱਚ ਬਸਪਾ ਦੇਵੇਗੀ ਸੂਬੇ ਭਰ 'ਚ ਧਰਨੇ : ਰਛਪਾਲ ਸਿੰਘ ਰਾਜੂ

**ਲੁਧਿਆਣਾ–** ਕੇਂਦਰ ਦੀ ਮੋਦੀ ਸਰਕਾਰ ਦੇਸ਼ ਦੇ ਲੋਕਾਂ ਦਾ ਦਮ ਕੱਢਣ ਤੇ ਉਤਾਰੂ ਹੈ ਜੋ ਇਸ ਦੀਆਂ ਲੋਕ ਮਾਰੂ ਨੀਤੀਆਂ ਕਾਰਨ ਪਹਿਲਾਂ ਹੀ ਆਰਥਿਕ ਤੰਗੀਆਂ ਦੀ ਸ਼ਿਕਾਰ ਹੋ ਕੇ ਭਿਆਨਕ ਹਲਾਤਾਂ ਵਿੱਚੋਂ ਗੁਜਰ ਰਹੀ ਹੈ। ਇਸ ਵੱਲੋਂ ਕਦੇ ਨੋਟਬੰਦੀ, ਕਦੇ ਜੀ ਐਸ ਟੀ ਅਤੇ ਹੁਣ ਪੈਟਰੋਲ ਡੀਜਲ ਦੀਆਂ ਕੀਮਤਾਂ ਆਪਣੀ ਮਰਜੀ ਨਾਲ ਵਧਾਉਣ ਦੇ ਨਾਦਰਸ਼ਾਹੀ ਫੈਸਲੇ ਲਏ ਜਾ ਰਹੇ ਹਨ ਜਿਸ ਨੂੰ ਬਸਪਾ ਹੋਰ ਬਰਦਾਸਤ ਨਹੀ ਕਰੇਗੀ। ਇਹਨਾਂ ਸਬਦਾਂ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸ: ਰਛਪਾਲ ਸਿੰਘ ਰਾਜੂ ਨੇ ਇੱਕ ਪ੍ਰੈਸ ਨੋਟ ਜਾਰੀ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਕਿੰਨੀ ਹੈਰਾਨੀ ਦੀ ਗੱਲ ਹੈ ਕਿ ਅੰਤਰਰਾਸ਼ਟਰੀ ਪੱਧਰ ਤੇ ਡੀਜਲ ਤੇ ਪੈਟਰੋਲ ਦੀਆਂ ਦੀਆਂ ਕੀਮਤਾਂ ਘਟੀਆ ਹਨ ਪਰ ਭਾਰਤ ਹੀ ਇੱਕ ਅਜਿਹਾ ਦੇਸ਼ ਹੈ ਜਿਥੇ ਤੇਲ ਦੀਆਂ ਕੀਮਤਾਂ ਨੂੰ ਅੰਤਰਰਾਸ਼ਟਰੀ ਬਾਜਾਰ ਦੇ ਮਾਪਦੰਡਾਂ ਤੋਂ ਨਹੀ ਬਲਕਿ ਮੋਦੀKਸ਼ਾਹ ਦੇ ਪੈਮਾਨੇ ਨਾਲ ਵਧਾਇਆ ਹੋਇਆ ਹੈ। ਉਹਨਾਂ ਕਿਹਾ ਕਿ ਅੰਤਰਰਾਸ਼ਟਰੀ ਬਾਜਾਰ ਦੇ ਨਜਰੀਏ ਤੋਂ 25 ਤੋਂ 30 ਰੁਪਏ ਪ੍ਰਤੀ ਲੀਟਰ ਤੇਲ ਦੇ ਭਾਅ ਘਟਾਏ ਜਾ ਸਕਦੇ ਹਨ। ਅਜਿਹਾ ਕਰਕੇ ਭਾਰਤ ਦੀ ਜਨਤਾ ਨੂੰ ਵੱਡੀ ਰਾਹਤ ਦਿੱਤੀ ਜਾ ਸਕਦੀ ਹੈ ਜੋ ਕਿ ਪਹਿਲਾਂ ਹੀ ਆਰਥਿਕ ਮੰਦਹਾਲੀ ਤੋਂ ਇਲਾਵਾ ਬੇਰੁਜਗਾਰੀ ਅਤੇ ਭ੍ਰਿਸਟਾਚਾਰ ਵਰਗੀਆਂ ਨਾਮੁਰਾਦ ਵਰਗੀਆਂ ਬਿਮਾਰੀਆਂ ਤੋਂ ਪੀੜਤ ਚਲੀ ਆ ਰਹੀ ਹੈ। ਉਹਨਾਂ ਕਿਹਾ ਕਿ ਬਸਪਾ ਮੋਦੀ ਸਰਕਾਰ ਵੱਲੋਂ ਜਨਤਾ ਦਾ ਖੂਨ ਪੀਣ ਦੇ ਮਕਸਦ ਨਾਲ ਵਧਾਈਆਂ ਤੇਲ ਕੀਮਤਾਂ ਦਾ ਸਖਤ ਵਿਰੋਧ ਕਰਦੀ ਹੈ ਅਤੇ ਇਹਨਾਂ ਨੂੰ ਘਟਾਉਣ ਲਈ ਪੰਜਾਬ ਭਰ ਵਿੱਚ ਧਰਨੇ ਦੇ ਕੇ ਮੋਦੀ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕਰੇਗੀ। ਉਹਨਾਂ ਕਿਹਾ ਕਿ ਇਸ ਸਬੰਧੀ ਪੂਰੀ ਯੋਜਨਾ ਬਣਾ ਕੇ ਸਾਰਿਆਂ ਜਿਲਿਆਂ ਦੇ ਆਗੂਆਂ ਨੂੰ ਭੇਜ ਦਿੱਤੀ ਜਾਵੇਗੀ। ਸ: ਰਾਜੂ ਨੇ ਕਿਹਾ ਕਿ ਸੂਬੇ ਦੀ ਜਨਤਾ ਮੋਦੀ ਸਰਕਾਰ ਨੂੰ ਸਬਕ ਸਿਖਾਉਣ ਅਤੇ ਦੇਸ਼ ਦੀ ਰਾਜਨੀਤੀ ਵਿੱਚੋਂ ਬਾਹਰ ਕਰਨ ਲਈ ਬਸਪਾ ਦੇ ਹੱਥ ਨਾਲ ਹੱਥ ਮਿਲਾ ਕੇ ਇਸਦੀ ਤਾਕਤ ਬਣੇ। ਇਸ ਮੌਕੇ ਉਹਨਾਂ ਨਾਲ ਪ੍ਰਵੀਨ ਬੰਗਾ ਅਤੇ ਹੋਰ ਹਾਜਰ ਸਨ।



# ਨੂਰਮਹਿਲ ਵਿਖੇ ਵਾਤਾਵਰਣ ਬਚਾਓ ਰੈਲੀ

**ਨੂਰਮਹਿਲ–** ਪੰਜਾਬ ਦੇ ਇਤਹਾਸਕ ਸ਼ਹਿਰ ਨੂਰਮਹਿਲ ਵਿਖੇ 30 ਅਪ੍ਰੈਲ ਨੂੰ ਪ-ਰਆਰਵਰਣ ਬਚਾਓ ਰੈਲੀ ਕਰਕੇ ਸ਼ਹਿਰ ਵਿਚ ਮਾਰਚ ਕੱਢਿਆ ਗਿਆ। ਰੈਲੀ ਅਤੇ ਮਾਰਚ ਦੀ ਅਗਵਾਈ ਸੁਰਿੰਦਰ ਕੁਮਾਰੀ ਕੋਛੜ ਨੇ ਕੀਤੀ। ਰੈਲੀ ਨੂੰ ਸਫਲ ਬਣਾਉਣ ਲਈ ਗੌਰਮਿੰਟ ਸਕੂਲ ਲੜਕੀਆਂ ਦੀ ਪ੍ਰਿੰਸੀਪਲ ਰੀਨਾ ਸਹਿਜਪਾਲ, ਸ਼ਿਵਾ ਪਬਲਿਕ ਸਕੂਲ ਦੇ ਪ੍ਰਿੰਸੀਪਲ ਸੁਮਨ ਪਾਠਕ, ਪੰਜਾਬ ਪਬਲਿਕ ਸਕੂਲ ਦੇ ਪ੍ਰਿੰਸੀਪਲ ਗੌਰੀ ਮਹਿੰਦਰੂ, ਪ੍ਰਿੰਸੀਪਲ ਰਾਜੇਂਦਰ ਕਾਲਰਾ, ਚੀਮਾ ਖ਼ੁਰਦ ਅਤੇ ਚੀਮਾ ਕਲਾਂ ਦੇ ਪ੍ਰਿੰਸੀਪਲ ਸੁਮਨ ਸ਼ਾਮਪੁਰੀ, ਦੁਆਬਾ ਆਰੀਆ ਸਕੂਲ ਦੇ ਪ੍ਰਿੰਸੀਪਲ ਅਨਿਲ ਚਾਨਣ ਅਤੇ ਜਮਹੂਰੀ ਅਧਿਕਾਰ ਸਭਾ ਨੂਰਮਹਿਲ ਨੇ ਵਧ ਚੜ੍ਹਕੇ ਸਹਿਯੋਗ ਦਿੱਤਾ।

ਰੈਲੀ ਅਤੇ ਮਾਰਚ ਦੌਰਾਨ ਪੰਜਾਬ ਸਰਕਾਰ ਚੋਣਾਂ ਵੇਲੇ ਲੋਕਾਂ ਨੇ ਕੀਤੇ ਵਾਅਦੇ ਪੂਰੇ ਕਰਨ ਆਵਾਜ਼ ਬੁਲੰਦ ਕੀਤੀ ਗਈ। ਇਸ ਮੌਕੇ ਸੁਰਿੰਦਰ ਕੁਮਾਰੀ ਕੋਛੜ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਚੰਗਾ ਪ੍ਰਸ਼ਾਸਨ, ਸਾਫ ਸੁਥਰਾ ਹਵਾ ਪਾਣੀ, ਮੁਫ਼ਤ ਪੜ੍ਹਾਈ, ਸਿਹਤ ਸਹੂਲਤਾਂ, ਰੋਜ਼ਗਾਰ ਦੇ ਵਾਅਦੇ ਪੂਰੇ ਕਰਨ ਲਈ ਤੋਂ ਅਸਮਰਥ ਰਹੀ ਹੈ। ਉਨ੍ਹਾਂ ਕਿਹਾ ਕਿ ਕੀੜੀ ਅਫਵਾਨਾ ਸ਼ੂਗਰ ਮਿੱਲ ਦੇ ਮਾਲਕਾਂ ਨੇ ਪਾਣੀ ਨੂੰ ਸਾਫ ਕਰਨ ਦਾ ਟਰੀਟਮੈਂਟ ਪਲਾਂਟ ਲਗਾਇਆ ਹੋਇਆ ਹੈ। ਪਰੰਤੂ ਬਿਆਸ ਦਰਿਆ ਵਿਚ ਸੀਰਾ ਅਤੇ ਗੰਦ ਸੁੱਟ ਕੇ ਪਾਣੀ ਨੂੰ ਜ਼ਹਿਰੀਲਾ ਕੀਤਾ ਜਾ ਰਿਹਾ ਹੈ। ਇਸ ਜ਼ਹਿਰੀਲੇ ਪਾਣੀ ਨਾਲ ਦਰਿਆ ਵਿਚ ਕੀਮਤੀ ਜਾਨਵਰ ਮੌਤ ਦੇ ਮੂੰਹ ਪੈ ਰਹੇ ਹਨ ਅਤੇ ਉਥੋਂ ਦੇ ਲੋਕ ਸਾਫ ਸੁਥਰੇ ਪਾਣੀ ਤੋਂ ਵੰਚਿਤ ਹੋ ਰਹੇ ਹਨ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਉਪਰੋਕਤ ਦੋਸ਼ੀਆਂ ਨੂੰ ਤੁਰੰਤ ਬਣਦੀ ਸਜ਼ਾ ਦਿੱਤੀ ਜਾਵੇ। ਸੁਰਿਦਰ ਕੁਮਾਰੀ ਕੋਛੜ ਨੇ ਕਿਹਾ ਕਿ ਮਈ-ਜੂਨ ਮਹੀਨੇ ਦੀ ਗਰਮੀ ਨੂੰ ਸਾਫ ਹਵਾ ਤੋਂ ਵਾਂਝੇ ਕਰਨ ਲਈ ਹਿਮਾਚਲ ਦੇ ਨਾਲ ਲਗਦੇ ਪੰਜਾਬ ਵਿਚ ਚੀੜ ਦੇ ਦਰਖਤਾਂ ਦੀ ਅੰਧਾਧੁੰਦ ਕਟਵਾਈ ਕਰਕੇ ਕੋਲਾ ਬਣਾਇਆ ਜਾ ਰਿਹਾ ਹੈ। ਸੱਤ੍ਹਾ ਵਿਚ ਬੈਠੇ ਲੋਕ ਮੋਟੀਆਂ ਰਕਮਾਂ ਲੈ ਕੇ ਉਨ੍ਹਾਂ ਨੂੰ ਸ਼ਹਿ ਦੇ ਰਹੇ ਹਨ ਅਤੇ ਲੋਕਾਂ ਨੂੰ ਮਰਨ ਲਈ ਛੱਡ ਦਿੱਤਾ ਹੈ। ਉਨ੍ਹਾਂ ਮਾਰਕਸਵਾਦੀ ਪਾਰਟੀਆਂ ਨੂੰ ਅਪੀਲ ਕੀਤੀ ਕਿ ਇਸ ਮੌਕੇ ਉਹ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਉਂਦਿਆਂ੧ਕਾਂ ਦੀ ਬਾਂਹ ਫੜਨ ਅਤੇ ਉਨ੍ਹਾਂ ਨੂੰ ਯੋਗ ਅਗਵਾਈ ਦੇਣ। ਇਸ ਰੈਲੀ ਅਤੇ ਮਾਰਚ ਵਿਚ ਨੌਜੁਆਨ ਵਿਦਿਆਰਥੀਆਂ ਨੇ ਹੱਥਾਂ ਵਿਚ ਤਖ਼ਤੀਆਂ 'ਤੇ ਨਾਅਰੇ ਲਿਖ ਕੇ ਆਪਣੀ ਆਵਾਜ਼ ਬੋਲੇ ਕੰਨਾਂ ਤੱਕ ਪਹੁੰਚਾਉਣ ਦਾ ਯਤਨ ਕੀਤਾ ਤਾਂ ਕਿ ਸੱਤ੍ਹਾਧਾਰੀ ਲੋਕ ਸੱਤ੍ਹਾ ਦੇ ਨਸ਼ੇ ਵਿਚੋਂ ਜਾਗ ਕੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰੇ।

## ਰਾਜ ਮੰਤਰੀ ਨੀਲਕੰਠ ਤਿਵਾਰੀ ਅਤੇ ਡੀ.ਐਮ.ਦੀ ਮੰਦਰ ਪ੍ਰਬੰਧਕਾਂ ਦੇ ਨਾਲ ਯੋਜਨਾ ਤੇ ਹੋਈ ਚਰਚਾ

# ਗੋਲਡਨ ਟੈਂਪਲ ਵਾਂਗ ਹੋਵੇਗਾ ਸ੍ਰੀ ਗੁਰੂ ਰਵਿਦਾਸ ਮੰਦਰ ਦਾ ਵਿਕਾਸ

**ਵਾਰਾਨਸੀ–** ਗੁਰੂ ਰਵਿਦਾਸ ਜੀ ਦੇ ਜਨਮ ਅਸਥਾਨ ਸੀਰਗੋਵਰਧਨ ਸਥਿਤ ਉਹਨਾਂ ਦੇ ਮੰਦਰ ਦਾ ਵਿਸਥਾਰ ਅੰਮ੍ਰਿਤਸਰ ਦੇ ਗੋਲਡਨ ਟੈਂਪਲ ਵਾਂਗ ਹੋਵੇਗਾ। ਸੂਬਾ ਸਰਕਾਰ ਦੀ ਪਹਿਲ 'ਤੇ ਜਨਮ ਸਥਾਨ ਨੂੰ 100 ਏਕੜ ਇਲਾਕੇ ਵਿਚ ਵਿਕਸਤ ਕੀਤਾ ਜਾਵੇਗਾ। ਇਸ ਸਬੰਧ ਵਿਚ ਵਿਚਾਰ-ਵਟਾਂਦਰੇ ਦੇ ਲਈ ਐਤਵਾਰ ਨੂੰ ਰਾਜ ਮੰਤਰੀ ਡਾ. ਨੀਲਕੰਠ ਤਿਵਾੜੀ ਅਤੇ ਡੀ. ਐਮ. ਯੋਗੇਸ਼ਵਰ ਰਾਮ ਮਿਸ਼ਰ ਨੇ ਮੰਦਰ ਪ੍ਰਬੰਧਕਾਂ ਨਾਲ ਬੈਠਕ ਕੀਤੀ।

ਯੋਜਨਾ ਦੀ ਰੂਪ-ਰੇਖਾ ਜਲੰਧਰ ਅਤੇ ਬਨਾਰਸ ਦੇ ਆਰਕੀਟੈਕਟ ਬਣਾਉਣਗੇ। ਜ਼ਿਲ੍ਹਾ ਪ੍ਰਸ਼ਾਸਨ ਜਲਦੀ ਹੀ ਯੋਜਨਾ ਦਾ ਖਰੜਾ ਪ੍ਰਦੇਸ਼ ਸਰਕਾਰ ਨੂੰ ਭੇਜ ਦੇਵੇਗਾ। ਬੀਤੀ ਫਰਵਰੀ ਨੂੰ ਰਵਿਦਾਸ ਜੈਅੰਤੀ ਦੇ ਮੌਕੇ ਤੇ ਬਨਾਰਸ ਆਏ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਨੇ ਗੁਰੂ ਰਵਿਦਾਸ ਜਨਮ ਸਥਾਨ ਨੂੰ 'ਤੀਰਥ ਧਰੋਹਰ' ਦੇ ਰੂਪ ਵਿਚ ਵਿਕਸਤ ਕਰਨ ਦੀ ਗੱਲ ਕਹੀ ਸੀ। ਮੁੱਖ ਮੰਤਰੀ ਦੇ ਐਲਾਨ ਮੁਤਾਬਕ ਸੁਰੂਆਤ ਹੋਈ ਹੈ। ਰਾਜ



ਮੰਤਰੀ ਡਾ. ਨੀਲਕੰਠ ਤਿਵਾੜੀ, ਡੀ. ਐਮ. ਯੋਗੇਸ਼ਵਰ ਰਾਮ ਮਿਸ਼ਰ, ਵੀਡੀਏ ਸਕੱਤਰ ਵਿਸ਼ਾਲ ਸਿੰਘ ਅਤੇ ਭਾਜਪਾ ਦੇ ਪ੍ਰਮੁੱਖ ਨੇਤਾ ਸੁਰੇਸ਼ ਸਿੰਘ ਨੂੰ ਮੰਦਰ ਪ੍ਰਬੰਧਕਾਂ ਦੇ ਨਾਲ ਕਰੀਬ ਤਿੰਨ ਘੰਟੇ ਤੱਕ ਬੈਠਕ ਵਿਚ ਮੰਦਰ ਦੇ ਵਿਸਥਾਰੀਕਰਨ ਅਤੇ ਸੁੰਦਰੀਕਰਨ 'ਤੇ ਗੰਭੀਰ ਚਰਚਾ ਹੋਈ।

### ਸੌ ਏਕੜ ਜ਼ਮੀਨ ਉਪਲਬਧ ਕਰਵਾਏਗਾ ਪ੍ਰਸ਼ਾਸਨ

ਮੰਦਰ ਟਰੱਸਟ ਨਾਲ ਜੁੜੇ ਅਹੁਦੇਦਾਰਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਯੋਜਨਾ ਦੀ ਜਾਣਕਾਰੀ ਦਿੱਤੀ। ਕਿਹਾ ਕਿ ਗੁਰੂ ਰਵਿਦਾਸ ਦੇ ਜਨਮ ਸਥਾਨ ਨੂੰ ਸ਼ਾਨਦਾਰ ਰੂਪ ਦੇਣ ਲਈ ਕਰੀਬ ਸੌ ਏਕੜ ਜ਼ਮੀਨ ਦੀ ਲੋੜ ਹੈ। ਅਧਿਕਾਰੀਆਂ ਨੇ ਮੰਦਰ ਦੇ ਆਸ-ਪਾਸ ਅਤੇ ਦੂਜੇ ਸਥਾਨਾਂ 'ਤੇ ਜਮੀਨ ਉਪਲਬਧ ਕਰਵਾਉਣ ਦੀ ਗੱਲ ਕਹੀ।

### ਪਰਕਰਮਾ ਮਾਰਗ ਵੀ ਬਣੇਗਾ

ਗੋਲਡਨ ਟੈਂਪਲ ਦੀ ਤਰਜ਼ 'ਤੇ ਮੰਦਰ ਦੇ ਚਾਰੇ ਪਾਸੇ ਸ਼ਰਧਾਲੂਆਂ ਦੇ ਲਈ 50 ਮੀਟਰ ਚੌੜਾ ਪੰਧ ਵੀ ਬਣਾਉਣ ਦੀ ਯੋਜਨਾ ਹੈ। ਯੋਜਨਾ ਦੇ ਤਹਿਤ 150 ਬੈਡ ਦਾ ਹਸਪਤਾਲ, ਆਡੀਟੋਰੀਅਮ, ਸਤਸੰਗ ਹਾਲ, ਸੰਤਾਂ-ਸੇਵਾਦਾਰਾਂ ਦੇ ਲਈ ਰਿਹਾਇਸ਼, ਬਾਥਰੂਮ, ਗਊਸ਼ਾਲਾ ਅਤੇ ਹੋਰ ਸਹੂਲਤਾਂ ਵਿਕਸਤ ਕੀਤੀਆਂ ਜਾਣਗੀਆਂ।

# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਧਾਰਮਿਕ ਦੀਵਾਨ ਸਜਾਏ ਗਏ














**ਫਰਿਜ਼ਨੋ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਵੱਲੋਂ ਗੁਰੂ ਘਰ ਵਿਖੇ ਬੀਤੇ ਐਤਵਾਰ ਹਰ ਐਤਵਾਰ ਦੀ ਤਰ੍ਹਾਂ ਕੀਰਤਨ ਦੀਵਾਨ ਸਜਾਏ ਗਏ।

ਇਸ ਮੌਕੇ ਭਾਈ ਹਰਬਲਾਸ ਸਿੰਘ ਝਿੰਗੜ ਅਤੇ ਜਥੇ ਨੇ ਰਸਭਿੰਨਾ ਸ਼ਬਦ ਗਾਇਨ ਕੀਤਾ ਅਤੇ ਇਸਦੇ ਨਾਲ ਹੀ ਛੋਟੇ-ਛੋਟੇ ਬੱਚਿਆਂ ਨੇ ਵੀ ਸ਼ਬਦ ਗਾਇਨ ਰਾਹੀਂ ਹਾਜ਼ਰੀ ਭਰ ਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਭਾਈ ਰਾਮ ਸਿੰਘ ਜੀ ਨੇ ਜਿੱਥੇ ਕਥਾ ਕੀਤੀ, ਉਥੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਸਟੇਜ ਦੀ ਸੇਵਾ ਸ੍ਰੀ ਅਮਰ ਦੜੌਚ ਨੇ ਬਾਖ਼ੂਬੀ ਨਾਲ ਨਿਭਾਉਂਦਿਆਂ ਸ੍ਰੀ ਰਾਜਿੰਦਰ ਆਜ਼ਾਦ ਅਤੇ ਉਹਨਾਂ ਦੀ ਸੁਪਤਨੀ ਸ੍ਰੀਮਤੀ ਬਲਜਿੰਦਰ ਕੌਰ ਨੂੰ ਸੰਗਤਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਸ੍ਰੀ ਆਜ਼ਾਦ ਪ੍ਰਤੀ ਸਮਾਜਿਕ ਚੇਤਨਾ ਲਈ ਕਰ ਰਹੇ ਕੰਮਾਂ ਨੂੰ ਮੁੱਖ ਰੱਖਦਿਆਂ ਸਿਰੋਪਾਓ ਨਾਲ ਸਨਮਾਨਿਤ ਕੀਤਾ। ਸ੍ਰੀ ਅਮਰ ਦੜੌਚ ਨੇ ਦੱਸਿਆ ਕਿ ਆਉਂਦੇ ਐਤਵਾਰ ਨੂੰ ਸੰਤ ਰਾਮਾ ਨੰਦ ਜੀ ਅਤੇ ਫਗਵਾੜਾ ਗੋਲੀਕਾਂਡ ਦੇਸ਼ਹੀਦ ਜਸਵੰਤ ਬੌਬੀ ਨੂੰ ਸ਼ਰਧਾਂਜਲੀ ਦਿੱਤੀ ਜਾਵੇਗੀ।

# ਬੇ-ਏਰੀਆ ਸੀਨੀਅਰ ਖੇਡਾਂ ਵਿੱਚ ਪੰਜਾਬੀ ਚੋਬਰਾਂ ਨੇ ਵਿਖਾਏ ਜੌਹਰ

**ਫਰਿਜ਼ਨੋ (ਕੈਲੇਫੋਰਨੀਆ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਬੇ-ਏਰੀਏ ਦੇ ਸ਼ਹਿਰ ਸੈਂਨਮਟੇਓ ਦੀਆਂ ਗਰਾਊਂਡਾ ਵਿੱਚ ਬੇ-ਏਰੀਆ ਸੀਨੀਅਰ ਖੇਡਾਂ ਦਾ ਅਯੋਜਨ ਕੀਤਾ ਗਿਆ। ਇਹਨਾਂ ਖੇਡਾਂ ਵਿੱਚ ਦੁਨੀਆਂ ਭਰ ਤੋਂ ਸੀਨੀਅਰ ਖਿਡਾਰੀ ਭਾਗ ਲੈਣ ਵਾਸਤੇ ਪਹੁੰਚੇ ਹੋਏ ਸਨ। ਇਹ



ਸਥਾਨਿਕ ਟ੍ਰੈਕ ਐਂਡ ਫੀਲਡ ਖੇਤਰ ਵਿੱਚ ਕਰਵਾਈਆਂ ਗਈਆਂ। ਇਹ ਖੇਡਾਂ ਵਿੱਚ ਚਾਰ ਪੰਜਾਬੀ ਸੀਨੀਅਰ ਗੱਭਰੂਆਂ ਨੇ ਵੀ ਹਿੱਸਾ ਲਿਆ ਤੇ ਕੁਲ 18 ਮੈਡਲ ਆਪਣੇ ਨਾਮ ਕੀਤੇ। ਇਹਨਾਂ ਖਿਡਾਰੀਆਂ ਵਿੱਚੋਂ ਗੁਰਬਖਸ਼ ਸਿੱਧੂ, ਕਮਲਜੀਤ ਬੈਨੀਪਾਲ, ਸੁਖਨੈਣ ਸਿੰਘ ਅਤੇ ਉਲੰਪੀਅਨ ਮਹਿੰਦਰ ਸਿੰਘ ਗਿੱਲ ਨੇ ਅਥਲੈਟਿਕਸ ਵਿੱਚ ਮੈਡਲ ਜਿੱਤਕੇ ਪੰਜਾਬੀ ਭਾਈਚਾਰੇ ਦਾ ਨਾਮ ਉੱਚਾ ਕੀਤਾ।




ਪੰਜਾਬ ਬੁੱਧਿਸਟ ਸੁਸਾਇਟੀ (ਰਜਿ) ਪੰਜਾਬ ਤਕਸ਼ਿਲਾ ਮਹਾਂ ਬੁੱਧਵਿਹਾਰ ਲੁਧਿਆਣਾ ਨੇ ਤਕਸ਼ਿਲਾ ਮਹਾਂ ਬੁੱਧਵਿਹਰ ਲੁਧਿਆਣਾ ਵਿਖੇ ਮਾਤਾ ਰਾਮਾਬਾਈ ਅੰਬੇਡਕਰ ਕਮਿਊਨਿਟੀ ਸੈਂਟਰ ਬਣਾਉਣ ਦਾ ਫੈਸਲਾ ਕੀਤਾ ਹੈ। ਸੁਸਾਇਟੀ ਨੇ ਦਾਨੀ ਸੱਜਣਾਂ ਨੂੰ ਬੇਨਤੀ ਕੀਤੀ ਹੈ ਕਿ ਇਸ ਪ੍ਰਾਜੈਕਟ ਲਈ ਵੱਧ ਤੋਂ ਵੱਧ ਦਾਨ ਦਿੱਤਾ ਜਾਵੇ ਜੀ।

# ਸ਼ਾਹਕੋਟ ਜ਼ਿਮਨੀ ਚੋਣ ਲਈ 76.6 ਫ਼ੀਸਦੀ ਪੋਲਿੰਗ ਹੋਈ

**ਸ਼ਾਹਕੋਟ–** ਸ਼ਾਹਕੋਟ ਹਲਕੇ ਦੀ ਉਪ ਚੋਣ ਲਈ ਛੋਟੀਆਂ-ਮੋਟੀਆਂ ਘਟਨਾਵਾਂ ਨੂੰ ਛੱਡ ਕੇ ਚੋਣ ਅਮਨ ਅਮਾਨ ਨਾਲ ਮੁਕੰਮਲ ਹੋਈ। ਡਿਪਟੀ ਕਮਿਸ਼ਨਰ ਵਰਿੰਦਰ ਕੁਮਾਰ ਨੇ ਦੱਸਿਆ ਕਿ ਹਲਕੇ 'ਚ 76.6 ਫ਼ੀਸਦੀ ਪੋਲਿੰਗ ਹੋਈ ਹੈ। ਵੋਟਰਾਂ ਨੇ 12 ਉਮੀਦਵਾਰਾਂ ਦੀ ਕਿਸਮਤ ਦਾ ਫ਼ੈਸਲਾ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਵਿੱਚ ਬੰਦ ਕਰ ਦਿੱਤਾ। ਵੋਟਾਂ ਦੀ ਗਿਣਤੀ ਅਤੇ ਨਤੀਜਾ 31 ਮਈ ਨੂੰ ਆਵੇਗਾ। ਮੁੱਖ ਮੁਕਾਬਲਾ ਕਾਂਗਰਸ ਦੇ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਅਤੇ ਅਕਾਲੀ ਦਲ ਦੇ ਨਾਇਬ ਸਿੰਘ ਕੋਹਾੜ ਵਿਚਕਾਰ ਹੈ।



ਅੱਜ ਸਵੇਰੇ 7 ਵਜੇ ਤੋਂ ਵੋਟਾਂ ਪੈਣ ਦਾ ਕੰਮ ਤੇਜ਼ੀ ਨਾਲ ਸ਼ੁਰੂ ਹੋਇਆ ਸੀ ਪਰ ਜਿਵੇਂ-ਜਿਵੇਂ ਗਰਮੀ ਵਧਦੀ ਗਈ ਤਾਂ ਵੋਟਾਂ ਪੈਣ ਦੀ ਰਫ਼ਤਾਰ ਵੀ ਘੱਟ ਹੋ ਗਈ। ਕਈ ਪੋਲਿੰਗ ਬੂਥਾਂ 'ਤੇ ਤਾਂ ਸਵੇਰੇ ਸਾਢੇ 11 ਵਜੇ ਤੱਕ 50 ਫ਼ੀਸਦੀ ਪੋਲਿੰਗ ਹੋ ਚੁੱਕੀ ਸੀ। ਦੁਪਹਿਰ ਵੇਲੇ ਚੋਣ ਕਰਵਾਉਣ ਵਾਲਾ ਸਟਾਫ਼ ਵਿਹਲਾ ਬੈਠਾ ਰਿਹਾ। ਇਕ ਸਾਲ ਪਹਿਲਾਂ ਜਿਸ ਆਮ ਆਦਮੀ ਪਾਰਟੀ ਦਾ ਉਭਾਰ ਤੇਜ਼ੀ ਨਾਲ ਹੋਇਆ ਸੀ, ਉਸ ਦੇ ਪੋਲਿੰਗ ਬੂਥ ਟਾਵੇਂ ਟਾਵੇਂ ਹੀ ਨਜ਼ਰ ਆਏ। ਹੈਰਾਨੀ ਵਾਲੀ ਗੱਲ ਇਹ ਵੀ ਸੀ ਕਿ 'ਝਾੜੂ' ਵਾਲਿਆਂ ਦਾ ਅੱਜ ਪੋਲਿੰਗ ਦੌਰਾਨ ਨਾ ਤਾਂ ਕਿਤੇ ਜੋਸ਼ ਨਜ਼ਰ ਆਇਆ ਅਤੇ ਨਾ ਹੀ 'ਆਪ' ਦੀ ਕੋਈ ਚਰਚਾ ਕਰ ਰਿਹਾ ਸੀ।

### ਖ਼ਰਾਬ ਮਸ਼ੀਨਾਂ ਨੇ ਪਾਇਆ ਵਖ਼ਤ

ਸ਼ਾਹਕੋਟ ਉਪ ਚੋਣ ਦੌਰਾਨ ਕਈ ਪੋਲਿੰਗ ਬੂਥਾਂ 'ਤੇ ਈਵੀਐਮਜ਼ 'ਚ ਖ਼ਰਾਬੀ ਕਾਰਨ ਵੋਟਿੰਗ ਵਿੱਚ ਰੁਕਾਵਟ ਆਈ। ਇਸ ਕਾਰਨ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਹਲਕੇ ਦੇ ਬੂਥ ਨੰਬਰ 27 ਸਿੱਧੂਪੁਰ 'ਚ ਵੋਟਿੰਗ ਮਸ਼ੀਨ ਵਿੱਚ ਖ਼ਰਾਬੀ ਪਾਏ ਜਾਣ ਕਾਰਨ ਮਸ਼ੀਨ ਬਦਲੇ ਜਾਣ ਤੋਂ ਬਾਅਦ ਕਰੀਬ ਇਕ ਘੰਟਾ ਲੇਟ ਵੋਟਿੰਗ ਸ਼ੁਰੂ ਹੋਈ। ਹਲਕੇ ਅੰਦਰ 11 ਵੀਵੀਪੈਟ ਮਸ਼ੀਨਾਂ, 2 ਕੰਟਰੋਲ ਯੂਨਿਟ ਅਤੇ 2 ਬੈਲੇਟ ਯੂਨਿਟ ਖ਼ਰਾਬੀ ਕਾਰਨ ਤਬਦੀਲ ਕਰਨੇ ਪਏ। ਸ਼ਾਹਕੋਟ ਕਸਬੇ ਦੇ ਸਕੂਲ ਨਿੰਮਾਂ ਵਾਲੇ ਵਿੱਚ ਬਣੇ ਬੂਥ ਨੰਬਰ 133 ਵਿੱਚ ਚਾਰ ਮਸ਼ੀਨਾਂ ਖ਼ਰਾਬ ਹੋ ਗਈਆਂ, ਜਿਸ ਕਾਰਨ ਡੇਢ ਘੰਟਾ ਪੋਲਿੰਗ ਰੁਕੀ ਰਹੀ। ਬੂਥ ਨੰਬਰ 216 ਦਾ ਕੰਟਰੋਲ ਯੂਨਿਟ ਤਬਦੀਲ ਕੀਤਾ ਗਿਆ। ਬੂਥ ਨੰਬਰ 169, 170, 222, 27, 28, 39, 45, 132, 198, 224 ਅਤੇ 226 ਦੇ ਵੀਵੀਪੈਟ ਤਬਦੀਲ ਕਰਨੇ ਪਏ।

# ਪੀਸੀਏ ਫਰਿਜ਼ਨੋ ਦੇ ਸਭਿਆਚਾਰਿਕ ਮੇਲੇ ਤੇ ਕੁਲਵਿੰਦਰ ਬਿੱਲਾ ਅਤੇ ਰਾਜਵੀਰ ਜਵੰਦਾ ਨੇ ਕਰਵਾਈ ਬਹਿਜਾ ਬਹਿਜਾ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ਕੁਲਵੰਤ ਧਾਲੀਆਂ–** ਸਥਾਨਿਕ ਪੰਜਾਬੀ ਕਲਚਰਲ ਐਸੋਸੀਏਸ਼ਨ ਵੱਲੋਂ ਸ਼ਾਨਦਾਰ ਸੱਭਿਆਚਾਰਿਕ ਮੇਲਾ ਸਥਾਨਿਕ ਬਲੱਫ ਪੁਆਇੰਟ ਗੌਲਫ ਕੋਰਸ ਵਿਖੇ ਸ਼ਾਨੋ-ਸ਼ੌਕਤ ਨਾਲ ਕਰਵਾਇਆ ਗਿਆ। ਦਰਸ਼ਕਾਂ ਨਾਲ ਖਚਾਖਚ ਭਰੇ ਹੋਏ ਪਾਰਕ ਅੰਦਰ ਸਟੇਜ ਦੀ ਸ਼ੁਰੂਆਤ ਸਟੇਜਾ ਦੀ ਮਲਕਾ ਆਸ਼ਾ ਸ਼ਰਮਾ ਨੇ ਸਭਨਾਂ ਨੂੰ ਨਿੱਘੀ ਜੀ ਕਹਿੰਦਿਆ ਸ਼ਾਇਰਾਨਾ ਅੰਦਾਜ਼ ਵਿੱਚ ਕੀਤੀ।ਪੀਸੀਏ ਦੀਆਂ ਮੁਟਿਆਰਾਂ ਅਤੇ ਗੱਭਰੂਆਂ ਦੀਆਂ ਭੰਗੜਾ ਟੀਮਾਂ ਨੇ ਨੱਚ ਨਚਕੇ ਪੂਰੇ ਫਰਿਜ਼ਨੋ ਸ਼ਹਿਰ ਨੂੰ ਪੰਜਾਬੀਅਤ ਦੇ ਰੰਗ ਵਿੱਚ ਰੰਗਿਆ।

ਇਸ ਪਿਛੋਂ ਵਾਰੀ ਆਈ ਭੰਗੜਾ ਕਿੰਗ ਅਤੇ ਸੁਰੀਲੇ ਗਾਇਕ ਰਾਜਵੀਰ ਜਵੰਦਾ ਦੀ ਜਿਹਨੇ ਆਪਣੇ ਨਵੇਂ ਪੁਰਾਣੇਂ ਗੀਤਾ ਦੀ ਐਸੀ ਛਹਿਬਰ ਲਾਈ ਕਿ ਦਰਸ਼ਕ ਡੇਢ ਘੰਟਾ ਮਿਆਰੀ ਗਾਇਕੀ ਦਾ ਅਨੰਦ ਮਾਣਦੇ ਮਦਹੋਸ਼ ਹੋਏ ਕਿਸੇ ਵੱਖਰੀ ਮਸਤੀ ਵਿੱਚ ਨਜ਼ਰੀ ਪੈ ਰਹੇ ਸਨ।

ਨਾਲ ਦੀ ਨਾਲ ਕੁਲਵਿੰਦਰ ਬਿੱਲਾ, ਰੁਪਾਲੀ, ਸਿਵਜੋਤ ਨੇ ਵੀ ਆਪਣੀ ਦਮਦਾਰ ਗਾਇਕੀ ਨਾਲ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ।ਸਾਰੇ ਹੀ ਗਾਇਕਾਂ ਨੇ ਜੀਅ ਜਾਨ ਨਾਲ ਗਾਇਆ ਤੇ ਆਪਣੇ ਬਹੁ-ਚਰਚਤ ਗੀਤ ਗਾਕੇ ਐਸੀ ਭੰਗੜੇ ਦੀ ਧਮਾਲ ਪਾਈ ਕਿ ਪੰਡਾਲ ਅੰਦਰ ਬੈਠੇ ਹਰ ਪੰਜਾਬੀ ਦੇ ਪੱਬ ਢੋਲ ਦੇ ਡੱਗੇ ਤੇ ਥਿਰਕਦੇ ਮਹਿਸੂਸ ਹੋ ਰਹੇ ਸਨ।

ਸੰਗੀਤ ਸਮਰਾਟ ਅਮਨ ਹੇਅਰ ਦਾ ਸੰਗੀਤ ਕੰਨਾਂ ਵਿੱਚ ਮਿਠਾਸ ਘੋਲ ਰਿਹਾ ਸੀ।ਅਖੀਰ ਵਿੱਚ ਸਪਾਂਸਰ ਸੱਜਣਾ ਨੂੰ ਸਨਮਾਨ ਚਿੰਨ ਦਿੱਤੇ ਗਏ। ਮੇਲੇ ਦੀ ਲੋਕੇਸ਼ਨ ਅਤੇ ਮੇਲੇ ਵਿੱਚ ਲੱਗੇ ਖਰੀਦੋ ਫਰੋਖਤ ਅਤੇ ਖਾਣ ਪੀਣ ਦੇ ਸਟਾਲ ਪੰਜਾਬ ਦੇ ਕਿਸੇ ਵੱਡੇ ਸੱਭਿਆਚਾਰਿਕ ਮੱਲੇ ਦਾ ਭੁਲੇਖਾ ਪਾ ਰਹੇ ਸਨ।ਇਸ ਤਰਾਂ ਪੀਸੀਏ ਮੈਂਬਰਾਂ ਦੀ ਮਿਹਨਤ ਨਾਲ ਕਾਮਯਾਬੀ ਦੇ ਝੰਡੇ ਗੱਡਦਾ ਪੀਸੀਏ ਦਾ ਇਹ ਸੱਭਿਆਚਾਰਿਕ ਮੇਲਾ ਯਾਦਗਾਰੀ ਹੋ ਨਿਬੜਿਆ।



















# June 1-3, 2018

## Pittsburg Gurughar's 33rd Anniversary

**Sri Guru Ravidass Temple Pittsburg's 33th anniversary will be celebrated on June 3rd, 2018. Akhand Path will start on Friday 6/01/2018 at 10am and will be concluded with Bhog ceremony on Sunday 6/03/2018. Path and Langar Sewa will be hosted by Gurughar with the help and cooperation of entire Sangat. Ragi Jatha Giani Ompal Singh, Giani Gurnam Singh Ji will adorn the occasion along with Jatha Giani Suveg Singh Ji.**

**Nishan Sahib Sewa:** Nishan Sahib Sewa will be on Saturday June 2, 2018 at 3:00 PM by Bhai Jagtar Sindh Bhatia and Bibi Nirmal Bhatia.

**For STALLS or any SEWA, please contact President Kashmiri Bhatia at (408)460-0262 or Chairman Ramesh Suman at (925) 366.3618. We need your help and support.**

**https://www.redcrossblood.org/faq.html#eligibility**



File Picture: Desh Doaba

| Sangat Sewadars | Chairman<br>Ramesh Suman<br>(925) 366-3618 | President<br>Kashmiri Bhatia<br>(408) 460-0262 | General Secretary<br>Dilbag Singh<br>(209) 834-4641 | Treasurer<br>Vinod Kumar<br>(408) 718-2506 |
|---|---|---|---|---|


# ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ

**2150 Crestview Drive, Pittsburg CA 94565 Tel: (925) 439-2355**

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਸੰਤ ਰਾਮਾਨੰਦ ਜੀ ਦੀ 9ਵੀਂ ਬਰਸੀ ਮਨਾਈ









ਤਸਵੀਰਾਂ - ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)

**ਸੈਕਰਾਮੈਂਟੋ (ਬਿਊਰੋ)-** ਲੰਘੇ ਐਤਵਾਰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਸੰਤ ਰਾਮਾਨੰਦ ਜੀ ਡੇਰਾ ਸੱਚਖੰਡ ਬੱਲਾਂ ਵਾਲਿਆਂ ਦੀ 9ਵੀਂ ਬਰਸੀ ਬਹੁਤ ਹੀ ਸ਼ਰਧਾ ਪੂਰਵਕ ਮਨਾਈ ਗਈ। ਇਸ ਸਬੰਧਤ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਰਖਾਏ ਗਏ ਅਤੇ ਭੋਗ ਪਾਏ ਜਾਣ ਉਪਰੰਤ ਗੁਰੂ ਘਰ ਦਾ ਜਥਾ ਭਾਈ ਜਸਪਾਲ ਸਿੰਘ ਤੇ ਭਾਈ ਨਿਰਮਲ ਸਿੰਘ ਜੀ ਨੇ ਸ਼ਬਦ ਗਾਇਨ ਕੀਤਾ, ਜਿਸ ਨੂੰ ਸੰਗਤਾਂ ਨੇ ਮਨ ਚਿੱਤ ਇਕਾਗਰਤਾ ਨਾਲ ਸਰਵਣ ਕੀਤਾ ਅਤੇ ਉਸ ਉਪਰੰਤ ਵੱਖ-ਵੱਖ ਬੁਲਾਰਿਆਂ ਨੇ ਸੰਤ ਰਾਮਾਨੰਦ ਜੀ ਦੇ ਜੀਵਨ ਅਤੇ ਉਹਨਾਂ ਦੁਆਰਾ ਕੀਤੇ ਕੰਮਾਂ ਦੀ ਜਾਣਕਾਰੀ ਸੰਗਤਾਂ ਨਾਲ ਸਾਂਝੀ ਕੀਤੀ, ਜਿਹਨਾਂ ਵਿਚ ਸਰਵ ਸ੍ਰੀ ਕੇਵਲ ਬੋਲੀਨਾ, ਹੰਸ ਰਾਜ ਕਾਜ਼ਲਾ, ਕਮਲ ਦੇਵ 'ਜੰਡੂਸਿੰਘਾ', ਦੀਪਕ ਸਰੋਇਆ, ਸੋਨੂੰ ਅੰਬੇਦਕਰ ਆਦਿ ਨੇ ਆਪੋ-ਆਪਣੇ ਵਿਚਾਰ ਰੱਖੇ।

ਯਾਦ ਰਹੇ ਕਿ ਸੰਤ ਰਾਮਾਨੰਦ ਅਧਿਆਤਮਕ ਵਿੱਦਿਆ ਦੇ ਨਾਲ ਨਾਲ ਸਕੂਲ/ਕਾਲਜ ਵਿਦਿਅਕ ਯੋਗਤਾ ਪ੍ਰਾਪਤ ਸਨ। ਉਹ ਸੰਤ ਸਮਾਜ ਦੇ ਸ਼ਾਇਦ ਪਹਿਲੇ ਗ੍ਰੈਜੂਏਟ ਯੋਗਤਾ ਪ੍ਰਾਪਤ ਸਨ। ਉਹਨਾਂ ਦੇ ਰਹਿੰਦਿਆਂ ਡੇਰੇ ਨੇ ਮੈਡੀਕਲ ਖੇਤਰ, ਵਿਦਿਅਕ ਅਤੇ ਪੱਤਰਕਾਰਿਤਾ 'ਚ ਵੀ ਪਹਿਚਾਣ ਬਣਾਈ। ਦੇਸ਼-ਵਿਦੇਸ਼ ਵਿਚ ਸਤਿਗੁਰੂ ਰਵਿਦਾਸ ਜੀ ਦੇ ਮਿਸ਼ਨ ਦਾ ਪ੍ਰਚਾਰ ਕੀਤਾ। ਅੱਜ ਦੇ ਬੁਲਾਰਿਆਂ 'ਚ ਵਿਸ਼ੇਸ਼ ਤੌਰ'ਤੇ ਸ੍ਰੀ ਕਮਲ ਦੇਵ ਜੰਡੂਸਿੰਘਾ ਜੀ ਦੇ ਵਿਚਕਾਰ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਪਹਿਲੂਆਂ ਨੂੰ ਬੜੀ ਸ਼ਿੱਦਤ ਦੇ ਨਾਲ ਸੰਗਤਾਂ ਦੇ ਸਨਮੁਖ ਰੱਖੇ।

ਅੱਜ ਦੇ ਸਮਾਗਮ ਵਿਚ ਸਰਵ ਸ੍ਰੀ ਗਿਆਨ ਚੰਦ ਕਾਜਲਾ, ਸੁੱਖ ਰਾਮ ਚੰਦੜ ਤਾਜਪੁਰੀ ਅਤੇ ਕੇਵਲ ਬੋਲੀਨਾ ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰ ਦੀ ਸੇਵਾ ਕੀਤੀ ਗਈ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਆਗਿਆ ਰਾਮ ਚੰਦੜ ਜੋ ਸ੍ਰੀ ਸੁੱਖ ਰਾਮ ਚੰਦੜ ਤਾਜਪੁਰੀ ਦੇ ਵੱਡੇ ਭਾਈ ਸਾਹਿਬ ਨੇ, ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ।

ਸਟੇਜ ਦੀ ਸੇਵਾ ਸ੍ਰੀ ਬਲਜੀਤ ਸਿੰਘ ਨੇ ਨਿਭਾਈ ਅਤੇ ਸ੍ਰੀ ਹੰਸ ਰਾਜ ਕਾਜਲਾ ਨੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਦਾ ਧੰਨਵਾਦ ਕੀਤਾ।




KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ


Kashmiri Bhatia & his wife

K&K AUTO REPAIR
and Car Wash
63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਜਸਵੀਰ ਸ਼ਰਮਾ ਦੱਦਾਹੂਰ ਦੀ ਚੌਥੀ ਕਿਤਾਬ 'ਪੰਜਾਬੀ ਵਿਰਸੇ ਦੀਆਂ ਅਣਮੁੱਲੀਆਂ ਯਾਦਾਂ' ਫੱਤਣਵਾਲਾ ਨਿਵਾਸ ਵਿਖੇ ਕੀਤੀ ਰਿਲੀਜ਼

**ਬਠਿੰਡਾ (ਗੁਰਬਾਜ ਗਿੱਲ)–** ਸ਼ੇਅਰਾਂ, ਗੀਤ, ਗ਼ਜ਼ਲਾਂ ਅਤੇ ਕਾਵਿ-ਰਚਨਾਵਾਂ ਤੋਂ ਹੁੰਦੇ ਹੋਏ, "ਵਿਰਸੇ ਦੀ ਲੋਅ", "ਵਿਰਸੇ ਦੀ ਖੁਸਬੋ" ਅਤੇ "ਵਿਰਸੇ ਦੀ ਸੌਗਾਤ" ਆਦਿ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਉਣ ਵਾਲੇ, "ਵਿਰਸੇ ਦਾ ਵਾਰਿਸ" ਖਿਤਾਬ ਨਾਲ ਸਨਮਾਨਿਤ ਜਸਵੀਰ ਸ਼ਰਮਾਂ ਦੱਦਾਹੂਰ ਦੀ ਚੌਥੀ ਕਿਤਾਬ 'ਪੰਜਾਬੀ ਵਿਰਸੇ ਦੀਆਂ ਅਣਮੁੱਲੀਆਂ ਯਾਦਾਂ' ਨੂੰ ਸ੍ਰ: ਗੁਰਰਾਜ ਸਿੰਘ ਫੱਤਣਵਾਲਾ ਦੇ ਗ੍ਰਹਿ ਵਿਖੇ ਇਲਾਕੇ ਦੇ ਚੋਣਵੇਂ ਸਾਹਿਤਕਾਰਾਂ, ਪੱਤਰਕਾਰਾਂ ਅਤੇ ਮੁਅੱਜਿਜ ਹਸਤੀਆਂ ਦੀ ਹਾਜ਼ਰੀ ਵਿੱਚ ਰਿਲੀਜ਼ ਕੀਤੀ ਗਈ। ਫੱਤਣਵਾਲਾ ਨਿਵਾਸ ਵਿਖੇ ਹੋਏ ਸਾਦਾ ਪਰ ਪ੍ਰਭਾਵਸ਼ਾਲੀ ਸਮਾਗਮ ਵਿੱਚ ਪਹੁੰਚੇ ਸਾਰੇ ਪਤਵੰਤੇ ਸੱਜਣਾ ਮਿੱਤਰਾਂ ਨੇ ਜਿਥੇ ਜਸਵੀਰ ਸ਼ਰਮਾਂ ਦੱਦਾਹੂਰ ਨੂੰ ਉਹਨਾਂ ਦੀ ਚੌਥੀ ਕਿਤਾਬ ਦੀ ਘੁੰਡ ਚੁਕਾਈ ਦੀਆਂ ਮੁਬਾਰਕਾਂ ਦਿੱਤੀਆਂ, ਉਥੇ ਜਸਵੀਰ ਸ਼ਰਮਾਂ ਨੂੰ ਉਹਨਾਂ ਦੇ ਜਨਮ ਦਿਨ ਦੀਆਂ ਵਧਾਈਆਂ ਵੀ ਦਿੱਤੀਆਂ ਗਈਆਂ। ਇਸ ਸਮੇਂ ਜਗਜੀਤ ਸਿੰਘ ਹਨੀ ਫੱਤਣਵਾਲਾ ਨੇ ਆਪਣੇ ਗ੍ਰਹਿ ਨਿਵਾਸ ਵਿਖੇ ਪਹੁੰਚੇ ਸਾਰੇ ਵਿਦਵਾਨ ਮਿੱਤਰਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਫੱਤਣਵਾਲਾ ਪਰਿਵਾਰ ਦੀ ਖੁਸ਼ ਨਸ਼ੀਬੀ ਹੈ ਕਿ ਉਹਨਾਂ ਨੂੰ ਇਲਾਕੇ ਦੇ ਬੁੱਧੀਜੀਵੀਆਂ ਦੀ ਸੰਗਤ ਕਰਨ ਦਾ ਅਵਸਰ ਪ੍ਰਾਪਤ ਹੋਇਆ ਹੈ। ਉਹਨਾਂ ਕਿਹਾ ਕਿ ਜਸਵੀਰ ਸ਼ਰਮਾਂ ਜੀ ਆਪਣੀ ਕਲਮ ਰਾਹੀਂ ਭੁੱਲੇ ਵਿਸਰੇ ਪੁਰਾਤਨ ਵਿਰਸੇ ਬਾਰੇ ਖੋਜ ਕਰਕੇ ਪੰਜਾਬ ਦੇ ਅਮੀਰ ਵਿਰਸੇ ਨਾਲ ਅੱਜ ਦੀ ਪੀੜੀ ਨੂੰ ਜੋੜਦੇ ਹਨ, ਇਹ ਸਾਡੇ ਲਈ ਅਤੇ ਸਮੁੱਚੇ ਇਲਾਕੇ ਲਈ ਮਾਣ ਅਤੇ ਫਖਰ ਵਾਲੀ ਗੱਲ ਹੈ। ਉਹਨਾਂ ਵਿਸ਼ਵਾਸ਼ ਦਿਵਾਇਆ ਕਿ ਉਹਨਾਂ ਦਾ ਪਰਿਵਾਰ ਇਲਾਕੇ ਦੇ ਬੁੱਧੀਜੀਵੀਆਂ ਦੀ ਹਰ ਤਰ੍ਹਾਂ ਦੀ ਸੇਵਾ ਕਰਨ ਲਈ ਹਰ ਸਮੇਂ ਤਿਆਰ ਹੈ। ਇਸ ਸਮਾਗਮ ਨੂੰ ਮਨਜੀਤ ਸਿੰਘ ਫੱਤਣਵਾਲਾ ਨੇ ਵੀ ਸੰਬੋਧਨ ਕੀਤਾ। ਸ੍ਰ. ਗੁਰਰਾਜ ਸਿੰਘ ਫੱਤਣਵਾਲਾ ਨੇ ਜਸਵੀਰ ਸ਼ਰਮਾਂ ਨੂੰ ਉਚੇਚੇ ਤੌਰ ਤੇ ਮੁਬਾਰਕਾਂ ਪੇਸ਼ ਕੀਤੀਆਂ ਅਤੇ ਉਹਨਾਂ ਦੀ ਨਵੀ ਕਿਤਾਬ 'ਪੰਜਾਬੀ ਵਿਰਸੇ ਦੀਆਂ ਅਣਮੁੱਲੀਆਂ ਯਾਦਾਂ' ਦੀ ਸਭ ਤੋਂ ਪਹਿਲਾਂ ਖਰੀਦ ਕਰਕੇ ਇਤਿਹਾਸ ਸਿਰਜਿਆ। ਉਥੇ ਸਮਾਜ ਸੇਵੀ ਬੂਟਾ ਰਾਮ ਕਮਰਾ ਨੇ ਜਸਵੀਰ ਸ਼ਰਮਾਂ ਦੱਦਾਹੂਰ ਦੀ ਆਉਣ ਵਾਲੀ ਕਿਤਾਬ ਦੀ ਛਪਾਈ ਅਤੇ ਹੋਰ ਖਰਚਿਆਂ ਵਿੱਚ ਅੱਧ ਦੇ ਖਰਚੇ ਆਪਣੇ ਜੁੰਮੇ ਲੈਣ ਦਾ ਐਲਾਨ ਕੀਤਾ। ਪੁਸਤਕ ਦੀ ਘੁੰਡ ਚੁਕਾਈ ਤੋਂ ਬਾਅਦ ਸ਼ਮਸ਼ੇਰ ਗਾਫਿਲ ਨੇ ਮਾਊਥ ਆਰਗਨ ਨਾਲ ਧੁਨ ਵਜਾ ਕੇ ਮਾਹੌਲ ਨੂੰ ਸੰਗੀਤਮਈ ਕੀਤਾ। ਅਵਤਾਰ ਮੁਕਤਸਰੀ ਨੇ ਪੁਸਤਕ ਦੀ ਘੁੰਡ ਚੁਕਾਈ ਦੇ ਸੰਬੰਧ ਵਿੱਚ ਲਿਖਿਆ ਗੀਤ ਸੁਣਾ ਕੇ ਆਪਣਾ ਕਲਾ ਦਾ ਲੋਹਾ ਮਨਵਾਇਆ। ਪ੍ਰਕਾਸ਼ਿਕ ਰੋਹਿਤ ਸੋਨੀ ਨੇ ਕਿਤਾਬ ਦੇ ਮੈਟਰ ਦੇ ਸਬੰਧ ਵਿੱਚ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਅਪੀਲ ਕੀਤੀ ਕਿ ਸਾਨੂੰ ਆਪਣੇ ਬੱਚਿਆਂ ਨੂੰ ਪੁਰਾਤਣ ਵਿਰਸੇ ਬਾਰੇ ਜਾਣੂੰ ਕਰਾਉਣ ਲਈ ਉਚੇਚੇ ਤੌਰ ਤੇ ਇਹ ਕਿਤਾਬ ਪੜ੍ਹਾਉਣੀ ਚਾਹੀਦੀ ਹੈ। ਸਰਬੱਤ ਦਾ ਭਲਾ ਟਰੱਸਟ ਤੋਂ ਗੁਰਬਿੰਦਰ ਸਿੰਘ ਬਰਾੜ ਨੇ ਸ਼ਰਮਾਂ ਜੀ ਨੂੰ ਉਹਨਾਂ ਦੇ 64ਵੇਂ ਜਨਮ ਦਿਨ ਦੀਆਂ ਮੁਬਾਰਕਾਂ ਦੇਣ ਤੋਂ ਇਲਾਵਾ ਉਹਨਾਂ ਦੀ ਲੇਖਣੀ ਬਾਰੇ ਉਸਾਰੂ ਟਿਪਣੀਆਂ ਕੀਤੀਆਂ।






ਪ੍ਰੋਫੈਸਰ ਮੋਹਨ ਸਿੰਘ ਨੇ ਪੰਜਾਬ ਦੇ ਪੁਰਾਤਨ ਵਿਰਸੇ ਦੀ ਅਮੀਰੀ ਬਾਰੇ ਜਾਣਕਾਰੀ ਦਿੱਤੀ ਅਤੇ ਨਸੀਅਤ ਦਿੱਤੀ ਕਿ ਆਪਣਾ ਵਿਰਸਾ ਭੁੱਲਣ ਵਾਲੇ ਲੋਕ ਆਪਣੀ ਜੜ੍ਹ ਗੁਆ ਬੈਠਦੇ ਹਨ। ਇਸ ਤੋਂ ਇਲਾਵਾ ਨਿਰਭੈ ਸਿੰਘ, ਰਾਜਵਿੰਦਰ ਸਿੰਘ, ਬਲਵਿੰਦਰ ਦੋਦਾ, ਸਾਮਲਾਲ ਬਾਂਸਲ, ਸੰਦੀਪ ਲਾਧੂਕੇ, ਸੁਰਜੀਤ ਕੌਰ ਭਿੰਡਰ, ਰਾਜ ਕੁਮਾਰ ਉਦੇਕਰਨ, ਜਸਵਿੰਦਰ ਸਿੰਘ, ਸੁਖਮੰਦਰ ਸਿੰਘ ਰੱਖੜਾ, ਇਕਬਾਲ ਸਿੰਘ ਸੰਗੂਧੋਣ, ਹਰਪਾਲ ਸਿੰਘ, ਜਸਕਰਨ ਸਿੰਘ ਲੰਬੀ, ਅੰਮ੍ਰਿਤਪਾਲ ਸਿੰਘ, ਮੁਕੇਸ਼ ਬਰੀਵਾਲਾ, ਅੰਗਰੇਜ਼ ਸਿੰਘ ਬੂੜਾ ਗੁੱਜਰ, ਅਜੀਤ ਸਿੰਘ ਬੂੜਾ ਗੁੱਜਰ, ਕਰਨ ਸਿੰਘ ਜੇਈ, ਜੱਗਾ ਰੱਤੇਵਾਲਾ, ਮਨਦੀਪ ਸ਼ਰਮਾਂ, ਅਨੁਰਾਗ ਸ਼ਰਮਾਂ, ਇੰਦਰ ਸਿੰਘ ਦਰਦੀ ਦੇ ਬੇਟੇ ਸਰਬਜੀਤ ਸਿੰਘ ਦਰਦੀ, ਬਲਦੇਵ ਸਿੰਘ ਜੱਸੇਆਣਾ, ਦਰਸ਼ਨ ਸਿੰਘ ਰਾਹੀ, ਨਵਦੀਪ ਸਿੰਘ ਸੁੱਖੀ, ਬੋਹੜ ਸਿੰਘ ਹਰਾਜ, ਜਸਕਰਨ ਸਿੰਘ ਹਰਾਜ, ਮਾਸਟਰ ਗੁਰਜੰਟ ਸਿੰਘ, ਅੰਗਰੇਜ ਸਿੰਘ ਜਗਤਸਿੰਘਵਾਲਾ, ਗੁਰਪ੍ਰੀਤ ਸਿੰਘ ਮਾਨ ਤੋਂ ਇਲਾਵਾ ਗੀਤਕਾਰ ਗੁਰਦਿੱਤਾ ਸਿੰਘ ਸੁੱਖਣਵਾਲਾ ਅਤੇ ਗੁਰਦੀਪ ਸਿੰਘ ਚੀਮਾ ਨੇ ਵੀ ਜਸਵੀਰ ਸ਼ਰਮਾਂ ਦੱਦਾਹੂਰ ਨੂੰ ਆਪਣੇ ਅੰਦਾਜ ਵਿੱਚ ਉਹਨਾਂ ਦੇ ਜਨਮ ਦਿਨ ਦੀਆਂ ਅਤੇ ਚੌਥੀ ਪੁਸਤਕ ਰਿਲੀਜ਼ ਕਰਨ ਦੀਆਂ ਮੁਬਾਰਕਾਂ ਦਿੱਤੀਆਂ। ਇਨ੍ਹਾਂ ਵਿੱਚੋਂ ਬਹੁਤ ਸਾਰੇ ਮਿੱਤਰਾਂ ਨੇ ਆਪਣੀਆ ਆਪਣੀਆਂ ਰਚਨਾਂਵਾਂ ਵੀ ਸੁਣਾਈਆਂ ਅਤੇ ਮਾਹੌਲ ਨੂੰ ਤਰੋਤਾਜਾ ਕਰੀ ਰੱਖਿਆ।

ਮੰਚ ਸੰਚਾਲਣ ਨਿਰੰਜਣ ਸਿੰਘ ਰੱਖੜਾ ਨੇ ਨਿਵੇਕਲੇ ਅੰਦਾਜ਼ ਵਿੱਚ ਕੀਤਾ। ਉਹਨਾਂ ਨੇ ਸਮਾਗਮ ਵਿੱਚ ਪਹੁੰਚੇ ਹਰ ਮਹਿਮਾਨ ਨੂੰ ਮੰਚ ਤੋਂ ਪੂਰਾ ਮਾਣ ਸਤਿਕਾਰ ਦੇ ਕੇ ਆਪਣੀ ਲਿਆਕਤ ਦਾ ਮੁਜਾਹਰਾ ਕੀਤਾ। ਮਹਿਮਾਨਾਂ ਦੀ ਸੇਵਾ ਸੰਭਾਲ ਦਾ ਸਾਰਾ ਪ੍ਰਬੰਧ ਜਗਜੀਤ ਸਿੰਘ ਹਨੀ ਫੱਤਣਵਾਲਾ ਅਤੇ ਉਹਨਾਂ ਦੇ ਪਰਿਵਾਰ ਵਲੋਂ ਕੀਤਾ ਗਿਆ ਸੀ।

ਸਮਾਗਮ ਵਿੱਚ ਆਏ ਹਰ ਮਹਿਮਾਨ ਨੂੰ ਇੱਥੇ ਆਪਣੇ ਘਰ ਵਰਗਾ ਮਾਹੌਲ ਅਤੇ ਆਪਣਾਪਣ ਮਿਲਿਆ। ਜਸਵੀਰ ਸ਼ਰਮਾਂ ਦੱਦਾਹੂਰ ਨੇ ਸਮਾਗਮ ਵਿੱਚ ਪਹੁੰਚੇ ਸੱਜਣਾਂ ਮਿੱਤਰਾਂ ਦਾ ਦਿਲ ਦੀਆਂ ਗਹਿਰਾਈਆਂ ਵਿੱਚੋਂ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਮੇਰੇ ਸੱਦੇ ਤੇ ਆਏ ਸਮੂਹ ਸਾਹਿਤਕਾਰਾਂ, ਪੱਤਰਕਾਰਾਂ ਅਤੇ ਰਿਸਤੇਦਾਰਾਂ ਨੇ ਮੇਰਾ ਮਾਣ ਵਧਾਇਆ ਹੈ ਅਤੇ ਆਪਣਾ ਆਸ਼ੀਰਵਾਦ ਦੇ ਕੇ ਮੈਨੂੰ ਵਿਰਸੇ ਪ੍ਰਤੀ ਹੋਰ ਅਧਿਆਨ ਕਰਨ ਲਈ ਪ੍ਰੇਰਿਤ ਕੀਤਾ ਹੈ। ਉਹਨਾਂ ਕਿਹਾ ਕਿ ਮੈਂ ਅਖੀਰਲੇ ਦਮ ਤੱਕ ਪੰਜਾਬੀ ਵਿਰਸੇ ਲਈ ਆਪਣਾ ਯੋਗਦਾਨ ਦਿੰਦਾ ਰਹਾਂਗਾ।

# ਨਿਊਜ਼ੀਲੈਂਡ ਦੇ ਟਰਾਂਸਪੋਰਟ ਮੰਤਰੀ ਨੇ ਘਰੇਲੂ ਉਡਾਣ ਭਰਨ ਵੇਲੇ ਜਹਾਜ਼ ਤੋਂ ਕੀਤੀ ਕਾਲ 'ਤੇ ਉਠਿਆ ਬਵਾਲ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)**–ਗਲਤੀ ਹੋ ਜਾਣਾ ਬਹੁਤ ਛੋਟੀ ਗੱਲ ਹੈ ਪਰ ਗਲਤੀ ਮੰਨ ਲੈਣਾ ਬਹੁਤ ਵੱਡੀ ਗੱਲ ਹੁੰਦੀ ਹੈ। ਜੇਕਰ ਗਲਤੀ ਕਿਸੇ ਨੇਤਾ ਜਾਂ ਮੰਤਰੀ ਨੇ ਕੀਤੀ ਹੋਵੇ ਤਾਂ ਮਾਮਲਾ ਕਈ ਵਵਾਲ ਤੱਕ ਜਾਂਦਾ ਹੈ। ਨਿਊਜ਼ੀਲੈਂਡ ਦੇ ਟਰਾਂਸਪੋਰਟ ਮੰਤਰੀ ਸ੍ਰੀ ਫਿੱਲ ਟਾਈਫੋਰਡ ਨੇ ਬੀਤੀ 17 ਮਈ ਨੂੰ ਵਲਿੰਗਟਨ ਤੋਂ ਘਰੇਲੂ ਉਡਾਣ ਲਈ ਸੀ। ਜਹਾਜ਼ ਉਡਣ ਦੀ ਤਿਆਰੀ ਵਿਚ ਸੀ ਅਤੇ ਦਰਵਾਜ਼ੇ ਬੰਦ ਹੋ ਚੁੱਕੇ ਸਨ, ਪਰ ਮੰਤਰੀ ਸਾਹਿਬ ਨੇ ਕਿਸੀ ਜਰੂਰੀ ਕੰਮ ਲਈ ਆਪਣੇ ਸਟਾਫ ਨੂੰ ਫੋਨ ਲਾ ਲਿਆ ਸੀ। ਮਾਮਲਾ ਵਿਰੋਧੀ ਧਿਰ ਦੇ ਨੋਟਿਸ ਵਿਚ ਆ ਗਿਆ ਅਤੇ ਮੰਤਰੀ ਸਾਹਿਬ ਨੂੰ ਪਾਰਲੀਮੈਂਟ ਦੇ ਵਿਚ ਪ੍ਰਸ਼ਨ ਦਾ ਉਤਰ ਦੇਣਾ




ਪੈ ਗਿਆ। ਇਸ ਮਾਮਲੇ ਦੇ ਵਿਚ ਜਿੱਥੇ ਮੰਤਰੀ ਸਾਹਿਬ ਨੇ ਹਵਾਬਾਜ਼ੀ ਕਾਨੂੰਨ ਦੀ ਕਦਰ ਕਰਦਿਆਂ ਆਪਣੀ ਗਲਤੀ ਮੰਨੀ ਉਥੇ ਨੈਤਿਕਤਾ ਦੇ ਅਧਾਰ ਉਤੇ ਆਪਣਾ ਅਸਤੀਫਾ ਵੀ ਪ੍ਰਧਾਨ ਮੰਤਰੀ ਨੂੰ ਪੇਸ਼ ਕਰ ਦਿੱਤਾ। ਭਾਵੇਂ ਪ੍ਰਧਾਨ ਮੰਤਰੀ ਨੇ ਉਨ੍ਹਾਂ ਦਾ ਅਸਤੀਫਾ ਪ੍ਰਵਾਨ ਨਹੀਂ ਕੀਤਾ ਪਰ ਉਨ੍ਹਾਂ ਨੇ ਮੰਤਰੀ ਸਾਹਿਬ ਕੋਲੋਂ 'ਸਿਵਲ ਐਵੀਏਸ਼ਨ ਅਥਾਰਟੀ' ਵਾਲੀ ਜ਼ਿੰਮੇਵਾਰੀ ਵਾਪਿਸ ਲੈ ਕੇ ਕਿਸੀ ਹੋਰ ਨੂੰ ਦੇ ਦਿੱਤੀ ਹੈ। ਇਸਦਾ ਸਿੱਧਾ ਸਬਕ ਇਹ ਬਣਦਾ ਹੈ ਕਿ ਮੰਤਰੀ ਸਾਹਿਬ ਇਸ ਜ਼ਿੰਮੇਵਾਰੀ ਨੂੰ ਨਿਭਾਉਣ ਦੇ ਵਿਚ ਕੁਤਾਹੀ ਕਰ ਗਏ ਹਨ ਜਿਸ ਕਰਕੇ ਇਹ ਜ਼ਿੰਮੇਵਾਰੀ ਨੂੰ ਉਨ੍ਹਾਂ ਕੋਲੋਂ ਵਾਪਿਸ ਲਿਆ ਜਾਂਦਾ ਹੈ।


## ਮੈਟਰੀਮੋਨੀਅਲ

ਸੋਹਣਾ-ਸੁਨੱਖਾ, ਆਦਿ ਧਰਮੀ ਪਰਿਵਾਰਕ ਲੜਕਾ, ਉਮਰ 24 ਸਾਲ, ਪੰਜਾਬ ਤੋਂ ਸਿਵਲ ਇੰਜੀਨੀਅਰਿੰਗ ਕੀਤੀ ਹੋਈ ਹੈ, ਯੂ. ਐਸ. ਏ. ਗ੍ਰੀਨ ਕਾਰਡ ਹੋਲਡਰ, ਸੈਕਰਾਮੈਂਟੋ ਰਹਿ ਰਿਹਾ ਹੈ, ਲਈ ਯੋਗ ਲੜਕੀ ਦੀ ਲੋੜ ਹੈ।

ਸਿਰਫ ਉਹ ਹੀ ਪਰਿਵਾਰ ਸੰਪਰਕ ਕਰਨ ਜੋ ਉਪਰੋਕਤ ਲੜਕੇ ਦੇ ਵੱਡੇ ਵੀਰ ਉਮਰ 29 ਸਾਲ, ਇਲੈਕਟ੍ਰਾਨਿਕ ਇੰਜੀਨੀਅਰਿੰਗ 'ਚ ਡਿਪਲੋਮਾ ਕੀਤਾ ਹੋਇਆ ਹੈ ਅਤੇ ਬੀ. ਟੈਕ ਆਖਰੀ ਸਮੈਸਟਰ ਦਾ ਵਿਦਿਆਰਥੀ ਹੈ, ਪਿਛਲਾ ਪਿੰਡ ਸਮਰਾਏ ਜ਼ਿਲ੍ਹਾ ਜਲੰਧਰ ਹੈ, ਦੇ ਲਈ ਅਮਰੀਕਾ ਰਹਿ ਰਹੀ ਸਿਟੀਜ਼ਨ ਲੜਕੀ ਨਾਲ ਵਿਆਹ ਕਰਵਾ ਕੇ ਅਮਰੀਕਾ ਲਿਆ ਸਕਦੇ ਹੋਣ।

ਲੜਕੇ ਦਾ ਇਕੋ ਇਕ ਵੱਡਾ ਭਰਾ ਹੈ। ਮਾਤਾ ਸੈਕਰਾਮੈਂਟੋ ਰਹਿ ਰਹੀ ਹੈ ਤੇ ਪਿਤਾ ਐਲ. ਆਈ. ਸੀ. 'ਚ ਚੰਗੀ ਪੁਜੀਸ਼ਨ ਅਫਸਰ ਪੋਸਟ 'ਤੇ ਹਨ। ਮਾਤਾ-ਪਿਤਾ ਦੋਵੇਂ ਹੀ ਯੂ. ਐਸ. ਏ. ਗ੍ਰੀਨ ਕਾਰਡ ਹੋਲਡਰ ਹਨ ਅਤੇ ਲੜਕੇ ਦੇ ਹੋਰ ਬਾਕੀ ਰਿਸ਼ਤੇਦਾਰ ਵੱਡੀ ਗਿਣਤੀ 'ਚ ਅਮਰੀਕਾ ਰਹਿ ਰਹੇ ਹਨ।

ਵਧੇਰੇ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ:

**ਸੁਖਮਿੰਦਰ ਕੁਮਾਰ ਮਾਹੀ (916) 917-7530**

**ਸੁੱਖ ਰਾਮ ਚੰਦੜ (916) 494-4694**



# A & S

## Auto Repair & Services

**Specializing in Brakes & Axles**

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਭੱਦਰ ਪੁਰਸ਼ ਚਿਹਰਿਆਂ ਦਾ ਉਤਰਿਆ ਨਕਾਬ

**ਇਸ ਸਾਲ ਯੂਰਪ ਦੇ ਕਾਂਸ ਫਿਲਮ ਸਮਾਰੋਹ ਵਿੱਚ ਪਹਿਲੀ ਵੇਰ ਜਿਨਸੀ ਦੁਰਾਚਾਰ ਦੇ ਵਿਰੁੱਧ ਹਾਟ ਲਾਈਨ ਦਾ ਪ੍ਰਬੰਧ ਕੀਤਾ ਗਿਆ। ਜੇਕਰ ਕੋਈ ਬੰਦਾ ਕਿਸੇ ਔਰਤ ਨਾਲ ਕਿਸੇ ਕਿਸਮ ਦੀ ਬਦਸਲੂਕੀ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਹਾਟ ਲਾਈਨ ਰਾਹੀਂ ਉਸਦੀ ਜਾਣਕਾਰੀ ਪ੍ਰਬੰਧਕਾਂ ਕੋਲ ਪਹੁੰਚਾਉਣ ਦਾ ਪ੍ਰਬੰਧ ਸੀ। ਕਾਂਸ ਫਿਲਮ ਸਮਾਰੋਹ ਦੇ ਟਿਕਟ ਅਤੇ ਸੱਦਾ-ਪੱਤਰ ਉਤੇ ਵੀ ਸਾਫ-ਸਾਫ ਲਿਖਿਆ ਗਿਆ- ਸ਼ਰਾਫਤ ਦਿਖਾਉ, ਪਾਰਟੀ ਬਰਬਾਦ ਨਾ ਕਰੋ, ਕਿਸੇ ਨਾਲ ਵੀ ਬਦਸਲੂਕੀ ਨਾ ਕਰੋ। ਕਾਂਸ ਦੀ ਇਹ ਪਹਿਲ ਬਹੁਤ ਜ਼ਰੂਰੀ ਸੀ ਅਤੇ ਇਸਦੀ ਸਿਫਤ ਕਰਨੀ ਵੀ ਬਣਦੀ ਹੈ। ਥੋੜੇ ਹੀ ਦਿਨ ਪਹਿਲਾ ਨਿਊਯਾਰਕ ਦੇ ਅਟਾਰਨੀ ਜਨਰਲ ਏਰਿਕ ਸਨਾਈਡਰਮੈਨ ਨੇ ਆਪਣੇ ਅਹੁਦੇ ਤੋਂ ਅਸਤੀਫਾ ਦਿੱਤਾ। ਉਸਦਾ ਕਾਰਨ ਇਹ ਹੈ ਕਿ ਉਸਦੀਆਂ ਚਾਰ ਪ੍ਰੇਮਿਕਾਵਾਂ ਨੇ ਉਸ ਉਤੇ ਦੋਸ਼ ਲਗਾਏ ਹਨ ਕਿ ਏਰਿਕ ਉਹਨਾ ਨੂੰ ਮਾਰਦਾ ਕੁੱਟਦਾ ਸੀ। ਏਰਿਕ ਸਨਾਈਡਮੈਨ ਹੁਣ ਤੱਕ ਔਰਤਾਂ ਦੀ ਆਜ਼ਾਦੀ ਦੇ ਸਮਰਥਕ ਵਜੋਂ ਜਾਣਿਆ ਜਾਂਦਾ ਸੀ। ਉਹ ਔਰਤਾਂ ਦੀ ਆਜ਼ਾਦੀ ਬਾਰੇ ਬਹੁਤ ਗੱਲਾਂ ਕਰਦਾ ਸੀ ਲੇਕਿਨ ਚਾਰ ਪੁਰਾਣੀਆਂ ਪ੍ਰੇਮਿਕਾਵਾਂ ਵਲੋਂ ਕੀਤੇ ਖੁਲਾਸੇ ਨੇ ਉਸਨੂੰ ਝੂਠਾ ਅਤੇ ਦੋਹਰੇ ਕਿਰਦਾਰ ਵਾਲਾ (ਦੋਗਲਾ) ਵਿਅਕਤੀ ਸਾਬਤ ਕਰ ਦਿੱਤਾ ਹੈ। ਇਸੇ ਸ਼ਰਮ ਦਾ ਮਾਰਿਆਂ ਉਸ ਅਸਤੀਫਾ ਦੇ ਦਿੱਤਾ।**



ਗੁਰਮੀਤ ਸਿੰਘ ਪਲਾਹੀ
91-98158-02070

**ਮੂਲ ਰੂਪ:- ਤਸਲੀਮਾ ਨਸਰੀਨ**
**ਪੰਜਾਬੀ ਰੂਪ:- ਗੁਰਮੀਤ ਪਲਾਹੀ**

ਇਸ ਸਾਲ ਜਗਤ ਪ੍ਰਸਿੱਧ ਸਾਹਿੱਤਕ ਨੋਬਲ ਪੁਰਸਕਾਰ ਕਿਸੇ ਵੀ ਲੇਖਕ ਨੂੰ ਨਾ ਦੇਣ ਦਾ ਫੈਸਲਾ ਲਿਆ ਗਿਆ ਹੈ। ਇਸ ਤੋਂ ਪਹਿਲਾਂ ਵੀ ਨੋਬਲ ਪੁਰਸਕਾਰ ਨਾ ਦੇਣ ਦੇ ਫੈਸਲੇ ਲਏ ਗਏ ਸਨ। ਪਰ ਜਿਨਸੀ ਦੁਰਾਚਾਰ ਕਾਰਨ ਨੋਬਲ ਪੁਰਸਕਾਰ ਨਾ ਦੇਣ ਦਾ ਫੈਸਲਾ ਪਹਿਲੀ ਵਾਰ ਲਿਆ ਗਿਆ ਹੈ। ਸਵੀਡਿਸ਼ ਅਕਾਦਮੀ ਦੇ ਮੈਂਬਰ ਹਰ ਸਾਲ ਸਾਹਿੱਤਕ ਖੇਤਰ ਦਾ ਪੁਰਸਕਾਰ ਦੇਣ ਲਈ ਸਾਹਿੱਕਾਰਾਂ ਦੀ ਚੋਣ ਕਰਦੇ ਹਨ। ਲੇਕਿਨ ਇਸ ਵੇਰ ਨੋਬਲ ਪੁਰਸਕਾਰ ਦਾ ਫੈਸਲਾ ਕਰਨ ਵਾਲੇ ਅਠਾਰਾਂ ਮੈਂਬਰਾਂ ਵਿਚੋਂ ਅਕਾਦਮੀ ਦੇ ਸਿਰਫ ਦਸ ਮੈਂਬਰ ਹੀ ਰਹਿ ਗਏ ਹਨ ਅਤੇ ਇਸ ਕਰਕੇ ਚੋਣ ਹੀ ਨਹੀਂ ਹੋ ਰਹੀ। ਪੁਰਸਕਾਰ ਦਾ ਐਲਾਨ ਕਰਨ ਲਈ ਦਸ ਤੋਂ ਵੱਧ ਮੈਂਬਰਾਂ ਦੀ ਜ਼ਰੂਰਤ ਹੁੰਦੀ ਹੈ। ਸਵਾਲ ਹੈ ਕਿ ਅਕਾਦਮੀ ਦੇ ਬਾਕੀ ਮੈਂਬਰ ਹਨ ਕਿਥੇ? ਅਸਲ 'ਚ ਇਹਨਾ ਅਕਾਦਮੀ ਮੈਂਬਰਾਂ ਨੇ ਅਸਤੀਫੇ ਦੇ ਦਿੱਤੇ ਹਨ ਕਿਉਂਕਿ ਅਕਾਦਮੀ ਦੇ ਇਕ ਮੈਂਬਰ ਦੇ ਪਤੀ ਉਤੇ ਅਠਾਰਾਂ ਲੜਕੀਆਂ ਦੇ ਜਿਨਸੀ ਦੁਰਾਚਾਰ ਦੇ ਇਲਜ਼ਾਮ ਲੱਗੇ ਹਨ। ਜਿਸ ਵਿਅਕਤੀ ਉਤੇ ਜਿਨਸੀ ਦੁਰਾਚਾਰ ਦਾ ਇਲਜ਼ਾਮ ਹੈ, ਉਹ ਵਲੋਂ ਬਣਾਈ ਅਤੇ ਚਲਾਈ ਜਾ ਰਹੀ ਇਕ ਸੰਸਥਾ ਨੂੰ ਸਵੀਡਿਸ਼ ਅਕਾਦਮੀ ਵਿੱਤੀ ਸਹਾਇਤਾ ਦਿੰਦੀ ਹੈ। ਉਸ ਵਿਅਕਤੀ ਉਤੇ ਦੋਸ਼ ਹੈ ਕਿ ਉਹ ਪਿਛਲੇ ਕਈ ਸਾਲਾਂ ਤੋਂ ਸਾਹਿੱਤ ਦਾ ਨੋਬਲ ਪੁਰਸਕਾਰ ਮਿਲਣ ਵਾਲੇ ਦਾ ਨਾਮ ਪਹਿਲਾਂ ਹੀ ਆਪਣੀ ਪਤਨੀ ਤੋਂ ਪਤਾ ਕਰਕੇ ਸਰਵਜਨਕ ਕਰ ਰਿਹਾ ਸੀ। ਇਹ ਜਾਣਕਾਰੀਆਂ ਲੋਕਾਂ ਹੱਥ ਆਉਣ ਤੋਂ ਬਾਅਦ ਸਵੀਡਿਸ਼ ਅਕਾਦਮੀ ਦੇ ਕੁਝ ਮੈਂਬਰਾਂ ਨੇ ਅਸਤੀਫੇ ਦੇ ਦਿੱਤੇ। ਉਸ ਵਿਅਕਤੀਆਂ ਦੀਆਂ ਕਰਤੂਤਾਂ ਇਸ ਲਈ ਸਰਵਜਨਕ ਹੋ ਸਕੀਆਂ, ਕਿਉਂਕਿ ਜਿਣਸੀ ਸੋਸ਼ਣ ਦਾ ਸ਼ਿਕਾਰ ਹੋਈਆਂ ਲੜਕੀਆਂ ਨੇ ਸਚਾਈ ਲੋਕਾਂ ਸਾਹਮਣੇ ਰੱਖੀ। ਜੇਕਰ ਸਚਾਈ ਅੱਗੇ ਨਾ ਆਉਂਦੀ ਤਾਂ "ਜਾਂ ਕਲਾਦ ਮਾਰਨੋ" ਇੱਕ ਭੱਦਰ ਪੁਰਸ਼ ਦੇ ਰੂਪ ਵਿੱਚ ਜਾਣਿਆ ਜਾਂਦਾ ਰਹਿੰਦਾ। ਪਰ ਹੁਣ ਉਸ ਆਦਮੀ ਦੀ ਇੱਜ਼ਤ ਮਿੱਟੀ ਵਿੱਚ ਮਿਲ ਗਈ ਹੈ, ਉਸਨੇ ਸਵੀਡਿਸ਼ ਅਕਾਦਮੀ ਤੋਂ ਮਿਲਣ ਵਾਲੀ ਸਹਾਇਤਾ ਗੁਆ ਲਈ ਹੈ, ਅਤੇ ਉਸਦੀਆਂ ਕਰਤੂਤਾਂ ਕਾਰਨ ਉਸਦੀ ਪਤਨੀ ਨੂੰ ਅਕਾਦਮੀ ਤੋਂ ਬਾਹਰ ਜਾਣਾ ਪਿਆ ਹੈ। ਜ਼ਾਹਿਰ ਹੈ, "ਮੀ ਟੂ" ਜਿਹੀ ਇੱਕ ਮੁਹਿੰਮ ਨੇ ਉਹਨਾ ਲੜਕੀਆਂ ਨੂੰ ਹਿੰਮਤ ਦਿੱਤੀ। ਕਹਿਣ ਦਾ ਭਾਵ ਇਹ ਕਿ ਬੰਦਾ ਚਾਹੇ ਜਿੰਨ੍ਹਾਂ ਮਰਜੀ ਅਮੀਰ ਜਾਂ ਪ੍ਰਭਾਵਸ਼ਾਲੀ ਕਿਉਂ ਨਾ ਹੋਵੇ, ਉਸਦੀਆਂ ਕਰਤੂਤਾਂ ਲੁਕੀਆਂ ਨਹੀਂ ਰਹਿੰਦੀਆਂ।

ਹਾਲੀਵੁੱਡ ਵਿੱਚ ਵੀ ਹੰਗਾਮਾ ਹੋ ਗਿਆ ਹੈ। ਵੱਡੇ ਨਿਰਮਾਤਾ ਹਾਰਵੀ ਵਿਸਟੀਨ ਦੇ ਵਿਰੁੱਧ ਇਸ ਤੋਂ ਬਾਅਦ ਇੱਕ ਔਰਤ ਨੇ ਜਿਣਸੀ ਸੋਸ਼ਣ ਦੇ ਇਲਜ਼ਾਮ ਲਗਾਏ ਹਨ। ਹਾਲੀਵੁੱਡ ਦੇ ਹੀ ਇੱਕ ਦੂਸਰੇ ਨਿਰਦੇਸ਼ਕ ਆਲਿਵਰ ਸਟੋਨ ਉਤੇ ਵੀ ਦੋਸ਼ ਲੱਗੇ ਹਨ। ਵੀਹ ਸਾਲ ਪਹਿਲਾਂ ਸਟੋਨ ਨੇ ਜਿਸ ਔਰਤ ਦੇ ਨਾਲ ਬਦਸਲੂਕੀ ਕੀਤੀ ਸੀ, ਉਸਨੇ ਹੁਣ ਜਾਕੇ ਸਚਾਈ ਸਰਵਜਨਕ ਕੀਤੀ ਹੈ। ਡਸਟਿਨ ਹਫਮੈਨ, ਮਿਲਵੇਸਟਰ ਸਟੈਲਨ, ਮਾਈਕਲ ਡਗਲਸ, ਰੋਮਨ ਪੋਲੰਸਕੀ, ਡੇਵਿਡ ਕਾਪਰਫੀਲਡ ਸਮੇਤ 122 ਸਿਰ ਕੱਢਵੀਆਂ ਸਖ਼ਸੀਅਤਾਂ ਉਤੇ ਲੜਕੀਆਂ ਨੇ ਜੋਨ ਸੋਸ਼ਣ ਅਤੇ ਬਦਸਲੂਕੀ ਦੇ ਦੋਸ਼ ਲਾਏ ਹਨ। ਸਿਰਫ ਬਾਲੀਵੁੱਡ ਨਹੀਂ, ਗਾਣੇ ਦੀ ਦੁਨੀਆਂ ਸਿਆਸਤ ਦੀ ਦੁਨੀਆਂ ਅਤੇ ਕਾਰਪੋਰੇਟ ਤੋਂ ਲੈ ਕੇ ਮੀਡੀਆ ਖੇਤਰਾਂ ਸਮੇਤ ਸਮਾਜ ਦੇ ਵੱਖੋ-ਵੱਖਰੇ ਖੇਤਰ ਵਿੱਚ ਇਹ ਅੰਦੋਲਨ ਚੱਲ ਰਿਹਾ ਹੈ। ਸਿਰਫ ਸਧਾਰਨ ਲੜਕੀਆਂ ਨਹੀਂ, ਜਿਨਸੀ ਸੋਸ਼ਣ ਦਾ ਇਲਜ਼ਾਮ ਲਗਾਉਣ ਵਾਲਿਆਂ ਵਿੱਚ ਅਨੇਕਾਂ ਪ੍ਰਸਿੱਧੀ ਪ੍ਰਾਪਤ ਲੜਕੀਆਂ ਵੀ ਸ਼ਾਮਲ ਹਨ। "ਮੀ ਟੂ" ਅੰਦੋਲਨ ਨੇ ਬਹੁਤ ਤੇਜ਼ੀ ਨਾਲ ਭੱਦਰ ਪੁਰਸ਼ਾਂ ਦੇ ਚਿਹਰੇ ਤੋਂ ਨਕਾਬ ਹਟਾਇਆ ਹੈ।

ਇਸ ਸਾਲ ਯੂਰਪ ਦੇ ਕਾਂਸ ਫਿਲਮ ਸਮਾਰੋਹ ਵਿੱਚ ਪਹਿਲੀ ਵੇਰ ਜਿਨਸੀ ਦੁਰਾਚਾਰ ਦੇ ਵਿਰੁੱਧ ਹਾਟ ਲਾਈਨ ਦਾ ਪ੍ਰਬੰਧ ਕੀਤਾ ਗਿਆ ।ਜੇਕਰ ਕੋਈ ਬੰਦਾ ਕਿਸੇ ਔਰਤ ਨਾਲ ਕਿਸੇ ਕਿਸਮ ਦੀ ਬਦਸਲੂਕੀ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਹਾਟ ਲਾਈਨ ਰਾਹੀਂ ਉਸਦੀ ਜਾਣਕਾਰੀ ਪ੍ਰਬੰਧਕਾਂ ਕੋਲ ਪਹੁੰਚਾਉਣ ਦਾ ਪ੍ਰਬੰਧ ਸੀ। ਕਾਂਸ ਫਿਲਮ ਸਮਾਰੋਹ ਦੇ ਟਿਕਟ ਅਤੇ ਸੱਦਾ-ਪੱਤਰ ਉਤੇ ਵੀ ਸਾਫ-ਸਾਫ ਲਿਖਿਆ ਗਿਆ- ਸ਼ਰਾਫਤ ਦਿਖਾਉ,ਪਾਰਟੀ ਬਰਬਾਦ ਨਾ ਕਰੋ, ਕਿਸੇ ਨਾਲ ਵੀ ਬਦਸਲੂਕੀ ਨਾ ਕਰੋ। ਕਾਂਸ ਦੀ ਇਹ ਪਹਿਲ ਬਹੁਤ ਜ਼ਰੂਰੀ ਸੀ ਅਤੇ ਇਸਦੀ ਸਿਫਤ ਕਰਨੀ ਵੀ ਬਣਦੀ ਹੈ। ਥੋੜੇ ਹੀ ਦਿਨ ਪਹਿਲਾ ਨਿਊਯਾਰਕ ਦੇ ਅਟਾਰਨੀ ਜਨਰਲ ਏਰਿਕ ਸਨਾਈਡਰਮੈਨ ਨੇ ਆਪਣੇ ਅਹੁਦੇ ਤੋਂ ਅਸਤੀਫਾ ਦਿੱਤਾ। ਉਸਦਾ ਕਾਰਨ ਇਹ ਹੈ ਕਿ ਉਸਦੀਆਂ ਚਾਰ ਪ੍ਰੇਮਿਕਾਵਾਂ ਨੇ ਉਸ ਉਤੇ ਦੋਸ਼ ਲਗਾਏ ਹਨ ਕਿ ਏਰਿਕ ਉਹਨਾ ਨੂੰ ਮਾਰਦਾ ਕੁੱਟਦਾ ਸੀ। ਏਰਿਕ ਸਨਾਈਡਮੈਨ ਹੁਣ ਤੱਕ ਔਰਤਾਂ ਦੀ ਆਜ਼ਾਦੀ ਦੇ ਸਮਰਥਕ ਵਜੋਂ ਜਾਣਿਆ ਜਾਂਦਾ ਸੀ। ਉਹ ਔਰਤਾਂ ਦੀ ਆਜ਼ਾਦੀ ਬਾਰੇ ਬਹੁਤ ਗੱਲਾਂ ਕਰਦਾ ਸੀ ਲੇਕਿਨ ਚਾਰ ਪੁਰਾਣੀਆਂ ਪ੍ਰੇਮਿਕਾਵਾਂ ਵਲੋਂ ਕੀਤੇ ਖੁਲਾਸੇ ਨੇ ਉਸਨੂੰ ਝੂਠਾ ਅਤੇ ਦੋਹਰੇ ਕਿਰਦਾਰ ਵਾਲਾ (ਦੋਗਲਾ) ਵਿਅਕਤੀ ਸਾਬਤ ਕਰ ਦਿੱਤਾ ਹੈ। ਇਸੇ ਸ਼ਰਮ ਦਾ ਮਾਰਿਆਂ ਉਸ ਅਸਤੀਫਾ ਦੇ ਦਿੱਤਾ।

ਮੈਂ ਖ਼ੁਦ ਆਪਣੇ ਜੀਵਨ ਵਿੱਚ ਦੋਹਰੇਪਨ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ। ਕਵੀ ਰੁਦਰ ਮਹੁੰਮਦ ਸ਼ਹੀਦੁੱਲਾ ਨਾਲ ਕਦੇ ਮੈਂ ਪਿਆਰ ਕੀਤਾ ਸੀ, ਅਤੇ ਉਸ ਨਾਲ ਵਿਆਹ ਵੀ ਕਰਵਾਇਆ । ਪਰ ਉਹਨਾ ਨੇ ਮੇਰੇ ਨਾਲ ਕਿਸ ਤਰ੍ਹਾਂ ਧੋਖਾ ਕੀਤਾ ਇਹ ਮੈਂ ਆਪਣੀ ਆਤਮਕਥਾ ਦੇ ਦੂਜੇ ਭਾਗ ਵਿੱਚ ਲਿਖਿਆ ਹੈ। ਇਹ ਵੇਸਵਾ ਘਰਾਂ 'ਚ ਜਾਂਦੇ ਸਨ। ਉਹਨਾ ਨੂੰ ਜਿਨਸੀ ਰੋਗ ਹੋ ਗਿਆ ਸੀ।

ਇਹ ਸਚਾਈ ਪੜ੍ਹਨ ਦੇ ਬਾਵਜੂਦ ਬੰਗਲਾ ਦੇਸ਼ ਦੇ ਲੋਕਾਂ ਵਿੱਚ ਕਵੀ ਰੁਦਰ ਪ੍ਰਤੀ ਥੋੜ੍ਹੀ-ਬਹੁਤੀ ਨਫਰਤ ਵੀ ਪੈਦਾ ਨਹੀਂ ਹੋਈ, ਬਲਕਿ ਰੁਦਰ ਦੀ ਹਰਮਨ ਪਿਆਰਤਾ 'ਚ ਵਾਧਾ ਹੀ ਹੋਇਆ। ਰੁਦਰ ਦੀ ਵਿਜਾਏ ਲੋਕਾਂ ਨੇ ਮੈਨੂੰ ਨਿਸ਼ਾਨਾ ਬਣਾਇਆ ਕਿਉਂਕਿ ਮੈਂ ਵਰਜਿਤ ਜਿਨਸੀ ਮੁੱਦਿਆਂ ਉਤੇ ਲਿਖਣ ਦਾ ਹੌਸਲਾ ਕੀਤਾ। ਉਹਨਾ ਨੇ ਨਤੀਜਾ ਕੱਢਿਆ ਮੈਂ ਪਤਿਤ ਹਾਂ। ਦਰਅਸਲ ਸਾਡਾ ਸਮਾਜ ਉਹਨਾ ਔਰਤਾਂ ਨੂੰ ਹੀ ਚੰਗਾ ਗਿਣਦਾ ਹੈ, ਜੋ ਅੱਖਾਂ ਬੰਦ ਕਰਕੇ ਆਪਣੇ ਪਤੀ ਦਾ ਅਤਿਆਚਾਰ ਸਹਿੰਦੀਆਂ ਹਨ। ਆਤਮ ਕਥਾ ਦੇ ਤੀਜੇ ਭਾਗ ਵਿੱਚ ਮੈਂ ਇਸ ਬਾਰੇ ਲਿਖਿਆ ਕਿ ਬੰਗਲਾ ਦੇਸ਼ ਦੇ ਨਾਮਵਰ ਸਾਹਿੱਤਕਾਰ ਸਈਅਦ ਸ਼ਾਮਉਲ ਹੱਕ ਦੱਸਿਆ ਕਰਦੇ ਸਨ ਕਿ ਉਹਨਾ ਦੇ ਕਿੰਨੀਆਂ ਲੜਕੀਆਂ ਨਾਲ ਸਬੰਧ ਹਨ। ਇਕ ਵੇਰ ਮੈਨੂੰ ਵੀ ਉਹਨਾ ਨੇ ਆਪਣੇ ਜਾਲ ਵਿੱਚ ਫਸਾਉਣ ਦੀ ਕੋਸ਼ਿਸ਼ ਕੀਤੀ, ਪਰ ਸਫਲ ਨਹੀਂ ਹੋਏ। ਮੈਂ ਜਦ ਉਹਨਾ ਦੀ ਅਸਲੀਅਤ ਜੱਗ-ਜ਼ਾਹਿਰ ਕੀਤੀ ਤਾਂ ਸ਼ਰਮਿੰਦਾ ਹੋਣ ਦੀ ਵਿਜਾਏ ਉਹਨਾ ਨੇ ਮੇਰੇ ਵਿਰੁੱਧ ਸੌ ਕਰੋੜ ਟਕੇ ਦਾ ਮੁਕੱਦਮਾ ਠੋਕ ਦਿੱਤਾ ਅਤੇ ਹਾਈਕੋਰਟ ਵਿੱਚ ਮੇਰੀ ਕਿਤਾਬ ਉਤੇ ਰੋਕ ਲਗਵਾ ਦਿੱਤੀ। ਅੱਜ ਸਈਅਦ ਹੱਕ ਜੀਊਂਦੇ ਨਹੀਂ ਹਨ, ਪਰੰਤੂ ਮੇਰੀ ਕਿਤਾਬ ਉਤੇ ਅੱਜ ਵੀ ਪਾਬੰਦੀ ਹੈ।

ਇਸ ਦੁਨੀਆਂ ਤੋਂ ਰੁਸਖਤ ਹੋ ਚੁੱਕੇ, ਚਰਚਿਤ ਬੰਗਲਾ ਸਾਹਿੱਤਕਾਰ ਸੁਨੀਲ ਗੰਗੋਪਧਿਆਏ ਨੇ ਇੱਕ ਵੇਰ ਮੇਰੇ ਨਾਲ ਗਲਤ ਵਰਤਾਉ ਕੀਤਾ। ਇਹ ਦੇਖਦੇ ਮੈਂ ਹੈਰਾਨ-ਪ੍ਰੇਸ਼ਾਨ ਹੋ ਗਈ। ਸੋਸ਼ਲ ਮੀਡੀਆ ਵਿੱਚ ਮੈਂ ਇਹ ਜਾਣਕਾਰੀ ਸਰਵਜਨਕ ਕੀਤੀ, ਤਾਂ ਲੋਕਾਂ ਨੇ ਸੁਨੀਲ ਦੀ ਵਿਜਾਏ ਮੈਨੂੰ ਹੀ ਬੁਰਾ-ਭਲਾ ਕਿਹਾ। ਬਹੁਤ ਲੋਕਾਂ ਨੂੰ ਪਤਾ ਸੀ ਕਿ ਮੈਂ ਸੱਚ ਬੋਲ ਰਹੀ ਹਾਂ, ਫਿਰ ਵੀ ਉਹਨਾ ਨੇ ਸੁਨੀਲ ਦਾ ਪੱਖ ਲਿਆ, ਕਿਉਂਕਿ ਉਹ ਮੰਨਦੇ ਸਨ ਕਿ ਔਰਤਾਂ ਨਾਲ ਬਦਸਲੂਕੀ ਕਰਨ ਦਾ ਅਧਿਕਾਰ ਮਰਦਾਂ ਕੋਲ ਹੈ। ਮੇਰੀ ਆਤਮ ਕਥਾ ਉਤੇ ਪਾਬੰਦੀ ਲਗਾਉਣ ਦੇ ਅਭਿਆਨ ਵਿੱਚ ਲੱਗੇ ਸੁਨੀਲ ਨੇ ਉਦੋਂ ਆਪਣੇ ਬਚਾਅ ਵਿੱਚ ਕਿਹਾ ਸੀ, ਦੋ ਲੋਕ ਬੰਦ ਬੂਹੇ-ਬਾਰੀਆਂ ਦੇ ਅੰਦਰ ਕੀ ਕਰਦੇ ਹਨ, ਇਸਦੀ ਜਾਣਕਾਰੀ ਬਾਹਰ ਬਿਲਕੁਲ ਵੀ ਨਹੀਂ ਆਉਣੀ ਚਾਹੀਦੀ। ਅੱਜ ਸੋਚਦੀ ਹਾਂ ਕਿ "ਮੀ ਟੂ" ਅੰਦੋਲਨ ਦੇਖਕੇ ਸੁਨੀਲ ਕੀ ਕਹਿੰਦੇ?

# ਪਿੰਡ ਰਾਮਗੜ੍ਹ ਚੂੰਘਾਂ ਵਿਖੇ ਹੋਇਆ 'ਨਵਯੁੱਗ' ਲਾਇਬ੍ਰੇਰੀ ਦਾ ਉਦਘਾਟਨ

## ਕਵੀ ਦਰਬਾਰ ਅਤੇ 'ਜਾਗਦੇ ਰਹੋ' ਨਾਟਕ ਨੇ ਲਾਈਆਂ ਰੌਣਕਾਂ

**ਬਠਿੰਡਾ (ਗੁਰਬਾਜ ਗਿੱਲ)-** 'ਪਹਿਲੀ ਕਿਰਨ' ਰੰਗਮੰਚ ਪਿੰਡ ਰਾਮਗੜ੍ਹ ਚੂੰਘਾਂ ਵੱਲੋਂ ਨਿਵੇਕਲਾ ਕਾਰਜ ਕਰਦਿਆਂ ਪਿੰਡ ਵਿੱਚ 'ਨਵਯੁੱਗ' ਲਾਇਬ੍ਰੇਰੀ ਦਾ ਉਦਘਾਟਨ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਉੱਘੇ ਗੀਤਕਾਰ ਗੁਰਾਂਦਿੱਤਾ ਸਿੰਘ ਸੰਧੂ ਸੁੱਖਣਵਾਲਾ ਅਤੇ ਚੌ: ਅਮੀ ਚੰਦ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਇਸ ਸਮਾਗਮ ਵਿੱਚ 'ਪੰਜਾਬੀ ਸਾਹਿਤ ਸਭਾ' ਸ੍ਰੀ ਮੁਕਤਸਰ ਸਾਹਿਬ ਦੇ ਸਹਿਯੋਗ ਨਾਲ ਕਵੀ ਦਰਬਾਰ ਅਤੇ ਨਾਟਕ ਮੇਲਾ ਕਰਵਾਇਆ ਗਿਆ। ਕਵੀ ਦਰਬਾਰ ਵਿੱਚ ਅਵਤਾਰ ਮੁਕਤਸਰੀ, ਜਸਵੀਰ ਸ਼ਰਮਾ ਦੱਦਾਹੂਰ, ਸੇਵਕ ਬਰਾੜ ਖੋਖਰ, ਜਸਪਾਲ ਵਧਾਈਆਂ, ਲੱਕੀ ਚਾਵਲਾ ਮੁਕਤਸਰ, ਬਲਦੇਵ ਇਕਵੰਨ ਤੋਂ ਇਲਾਵਾ ਬਹੁਤ ਸਾਰੇ ਲੇਖਕਾਂ ਨੇ ਆਪਣੀਆਂ ਰਚਨਾਵਾਂ ਦੀ ਪੇਸ਼ਕਾਰੀ ਕੀਤੀ। ਇਸ ਉਪਰਤ ਮੁੱਖ ਮਹਿਮਾਨ ਗੁਰਾਂਦਿੱਤਾ ਸਿੰਘ ਸੰਧੂ ਨੇ ਰਸਮੀ ਤੌਰ ਤੇ ਰੀਬਨ ਕੱਟ ਕੇ ਲਾਇਬ੍ਰੇਰੀ ਦਾ ਉਦਘਾਟਨ ਕਰਦਿਆਂ 'ਪਹਿਲੀ ਕਿਰਨ' ਰੰਗਮੰਚ ਰਾਮਗੜ੍ਹ ਚੂੰਘਾਂ ਅਤੇ ਸਮੂਹ ਪਿੰਡ ਵਾਸੀਆਂ ਨੂੰ ਵਧਾਈਆਂ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਪਿੰਡ ਵਿੱਚ ਲਾਇਬ੍ਰੇਰੀ ਖੋਲਣ ਨਾਲ ਜਿੱਥੇ ਨੌਜਵਾਨ ਪੀੜ੍ਹੀ ਸਾਹਿਤ ਜੁੜੇਗੀ, ਉੱਥੇ ਹੀ ਗਿਆਨ ਵਿੱਚ ਵੀ ਅਥਾਹ ਵਾਧਾ ਹੋਵੇਗਾ। ਚੌ: ਅਮੀ ਚੰਦ ਨੇ ਆਪਣੀ ਰਚਨਾ ਪੇਸ਼ ਕਰਦਿਆਂ ਪ੍ਰਬੰਧਕਾਂ ਨੂੰ ਵਧਾਈ ਦਿੱਤੀ। ਇਸ ਉਪਰੰਤ 'ਪੰਜਾਬੀ ਲੋਕ ਰੰਗਮੰਚ' ਨੱਥੂਵਾਲਾ ਗਰਬੀ (ਮੋਗਾ) ਵੱਲੋਂ ਛਿੰਦਾ ਸਿੰਘ ਛਿੰਦਾ ਦੇ ਨਿਰਦੇਸ਼ਨ ਹੇਠ ਨਾਟਕ ਦੇ ਪਾਤਰਾਂ ਰਾਜਪਾਲ ਕੌਰ, ਪੁਸ਼ਪਿੰਦਰ ਸਿੰਘ, ਲਵਪ੍ਰੀਤ ਸਿੰਘ, ਰਮਨਦੀਪ ਸਿੰਘ, ਪ੍ਰਸ਼ੋਤਮ ਸਿੰਘ, ਸਲੀਮ ਅਖਤਰ, ਪ੍ਰਵੇਜ ਅਖਤਰ, ਰਣਜੀਤ ਬਿੱਟਾ, ਧਰਮਿੰਦਰ ਸਿੰਘ, ਰਵਿੰਦਰ ਸਿੰਘ, ਸਰਬਜੀਤ ਸਿੰਘ, ਬੇਨਜੀਰ, ਵੀਰਪਾਲ ਕੌਰ, ਨਿਰਮਲਜੀਤ ਸਿੰਘ ਨੇ 'ਜਾਗਦੇ ਰਹੋ' ਨਾਟਕ ਖੇਡ ਕੇ ਨਸ਼ਿਆਂ ਵਰਗੀਆਂ ਭੈੜੀਆਂ ਕੁਰੀਤੀਆਂ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਪ੍ਰੋਗਰਾਮ ਦੇ ਸਨਮਾਨ ਸਮਾਰੋਹ ਮੌਕੇ ਮਹਿਮਾਨ ਸਖਸ਼ੀਅਤਾਂ ਸ. ਗੁਰਾਂਦਿੱਤਾ ਸਿੰਘ ਸੰਧੂ ਅਤੇ ਚੌ: ਅਮੀ ਚੰਦ ਨੂੰ ਵਿਸ਼ੇਸ਼ ਸਨਮਾਨ ਚਿੰਨ ਦੇ ਕੇ ਸਨਮਾਨਿਤ ਕਰਨ ਤੋਂ ਇਲਾਵਾ ਪੰਜਾਬੀ ਸਾਹਿਤ ਸਭਾ ਸ੍ਰੀ ਮੁਕਤਸਰ ਸਾਹਿਬ ਦੇ ਪ੍ਰਧਾਨ ਲੱਕੀ ਚਾਵਲਾ ਮੁਕਤਸਰ, ਜਨਰਲ ਸਕੱਤਰ ਕੁਲਵੰਤ ਸਰੋਤਾ ਅਤੇ ਪ੍ਰੈੱਸ ਸਕੱਤਰ ਜੱਗਾ ਸਿੰਘ ਰੱਤੇਵਾਲਾ ਨੂੰ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦੇ ਸਹਿਯੋਗੀ ਸੱਜਣ ਏ.ਡੀ.ਓ ਸੁਖਵਿੰਦਰ ਸਿੰਘ, ਮਾ: ਸਰਦੂਲ ਸਿੰਘ, ਬਲਜੀਤ ਸਿੰਘ ਫੌਜੀ, ਪਿਆਰਾ ਸਿੰਘ ਸੰਧੂ, ਬੋਹੜ ਸਿੰਘ ਸੰਧੂ, ਪ੍ਰੋ: ਬਲਜਿੰਦਰ ਸਿੰਘ ਅਤੇ ਵਾਲੀਬਾਲ ਟੂਰਨਾਮੈਂਟ ਕਮੇਟੀ ਰਾਮਗੜ੍ਹ ਚੂੰਘਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਸਮੁੱਚੇ ਪ੍ਰੋਗਰਾਮ ਦਾ ਮੰਚ ਸੰਚਾਲਨ ਕੁਲਵੰਤ ਸਰੋਤਾ ਬਰੀਵਾਲਾ ਨੇ ਬਾਖੂਬੀ ਨਿਭਾਇਆ। ਇਸ ਪ੍ਰੋਗਰਾਮ ਮੌਕੇ ਇਲਾਕੇ ਦੇ ਲੇਖਕਾਂ ਵੱਲੋਂ ਕਿਤਾਬਾਂ ਭੇਟ ਕਰਕੇ ਲਾਇਬ੍ਰੇਰੀ ਦੀ ਰੌਣਕ ਵਧਾਈ। ਇਸ ਮੌਕੇ ਪਹਿਲੀ ਕਿਰਨ ਰੰਗਮੰਚ ਦੇ ਪ੍ਰਧਾਨ ਰਛਪਾਲ ਸਿੰਘ, ਜਨਰਲ ਸਕੱਤਰ ਹਰਦੇਵ ਇੰਸਾਂ, ਸੁਖਦੀਪ ਸਿੰਘ, ਲਵਪ੍ਰੀਤ ਸਿੰਘ ਢਿੱਲੋ, ਹਰਮਨ ਢਿੱਲੋ ਤੋਂ ਇਲਾਵਾ ਸਮੂਹ ਪਿੰਡ ਵਾਸੀ ਹਾਜਰ ਸਨ।




# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਥੇੜਾ ਨੰਗਲ ਦਾ ਸਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ

**ਨੰਗਲ-** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਕਥੇੜਾ ਨੰਗਲ ਦਾ ਸਲਾਨਾ ਇਨਾਮ ਵੰਡ ਸਮਾਗਮ ਪ੍ਰਿੰਸੀਪਲ ਪਰਵਿੰਦਰ ਕੌਰ ਦੂਆ ਦੀ ਅਗਵਾਈ ਵਿਚ ਕਰਵਾਇਆ ਗਿਆ। ਇਸ ਸਮਾਗਮ ਵਿਚ ਵਿਧਾਨ ਸਭਾ ਸਪੀਕਰ ਪੰਜਾਬ ਰਾਣਾ ਕੇਪੀ ਸਿੰਘ ਬਤੌਰ ਮੁੱਖ ਮਹਿਮਾਨ ਹਾਜਰ ਹੋਏ।

ਇਸ ਮੌਕੇ ਤੇ ਸਕੂਲ ਪ੍ਰਿੰਸੀਪਲ ਮੈਡਮ ਪਰਵਿੰਦਰ ਕੌਰ ਦੂਆ ਨੇ ਸਕੂਲ ਦੀਆਂ ਪ੍ਰਾਪਤੀਆਂ ਬਾਰੇ ਰਿਪੋਰਟ ਪੜੀ। ਮੁੱਖ ਮਹਿਮਾਨ ਰਾਣਾ ਕੇਪੀ ਸਿੰਘ ਨੇ ਸਕੂਲ ਦੀਆਂ ਪ੍ਰਾਪਤੀਆਂ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਆਪਣੇ ਅਖਤਿਆਰੀ ਫੰਡ ਵਿਚੋਂ ਸੂਕਲ ਲਈ 10 ਲੱਖ ਰੁਪਏ ਦੇਣ

ਅਤੇ 45 ਲੱਖ ਰੁਪਏ ਦੀ ਲਾਗਤ ਨਾਲ ਹਾਲ ਕਮਰੇ ਅਤੇ ਹੋਰ ਵਿਕਾਸ ਕਾਰਜ ਕਰਵਾਉਣ ਦਾ ਵਾਅਦਾ ਕੀਤਾ। ਸਪੀਕਰ ਰਾਣਾ ਕੇਪੀ ਸਿੰਘ ਨੇ ਸੰਬੋਧਨ ਕਰਦਿਆਂ ਹੋਏ ਵਿਸ਼ਵ ਪ੍ਰਸਿਧ ਆਗੂ ਨੈਲਸਨ ਮੰਡੇਲਾ ਅਤੇ ਇਬਰਾਹਿਮ ਲਿੰਕਨ ਦਾ ਹਵਾਲਾ ਦੇ ਕੇ ਅਪੀਲ ਕੀਤੀ ਕਿ ਸਿੱਖਿਆ ਸੰਸਥਾਵਾਂ ਦੇ ਵਿਕਾਸ ਲਈ ਲੋਕ ਇਕੱਠੇ ਹੋਕੇ ਕੰਮ ਕਰਨ ਅਤੇ ਰਾਜਨੀਤਿਕ ਲੜਾਈ ਸਿਰਫ ਚੋਣਾ ਵੇਲੇ ਕਰ ਲਿਆ ਕਰਨ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸ਼ਲਾਘਾ ਕੀਤੀ ਜਿਨ੍ਹਾਂ ਨੇ ਹਰ ਵਿਭਾਗ ਦਾ ਬਜਟ 5 ਫੀਸਦੀ ਘਟਾ ਕੇ ਸੂਬੇ ਵਿੱਚ ਸਿੱਖਿਆ ਦੀ ਬਿਹਤਰੀ ਲਈ ਦੇ ਦਿੱਤਾ ਹੈ। ਇਸ ਮੌਕੇ ਤੇ ਉਨ੍ਹਾਂ ਸਿਵਲ ਹਸਪਤਾਲ ਨੰਗਲ ਦੇ ਮੁੱਦੇ ਤੇ ਬੋਲਦਿਆਂ ਹੋਏ ਕਿਹਾ ਕਿ ਜਲਦੀ ਹੀ ਇਸ ਹਸਤਪਾਲ ਦੀਆਂ ਤਮਾਮਾ ਘਾਟਾਂ ਨੂੰ ਪੂਰਾ ਕਰਕੇ ਇਸ ਨੂੰ ਲੋਕਾਂ ਦੇ ਹਵਾਲੇ ਕੀਤਾ ਜਾਵੇਗਾ। ਇਸ ਮੌਕੇ ਨਗਰ ਕੌਂਸਲ ਨੰਗਲ ਦੇ ਪ੍ਰਧਾਨ ਅਸ਼ੋਕ ਪੁਰੀ, ਮਨਜਿੰਦਰ ਸਿੰਘ ਕਾਰਜ ਸਾਧਕ ਅਫਸਰ, ਐਮ ਈ ਮੁਕੇਸ਼, ਪ੍ਰਿੰਸੀਪਲ ਵਰਿੰਦਰ ਸ਼ਰਮਾ, ਪ੍ਰਿੰਸੀਪਲ ਲੋਕੇਸ਼ ਮੋਹਨ, ਪ੍ਰਿੰਸੀਪਲ ਕਿਰਨ, ਪ੍ਰਿੰਸੀਪਲ ਰਾਜ ਕੁਮਾਰ ਖੋਸਲਾ, ਪ੍ਰਿੰਸਪਲ ਡੀ ਐਨ ਪ੍ਰਸ਼ਾਦ, ਪ੍ਰਿੰਸੀਪਲ ਬਲਜੀਤ ਕੌਰ, ਬਲਾਕ ਕਾਂਗਰਸ ਨੰਗਲ ਦੇ ਪ੍ਰਧਾਨ ਸੰਜੇ ਸਾਹਨੀ, ਨਗਰ ਸੁਧਾਰ ਟਰੱਸਟ ਰੂਪਨਗਰ ਦੇ ਸਾਬਕਾ ਚੈਅਰਮੇਨ ਅਸ਼ੋਕ ਸਵਾਮੀਪੁਰ, ਉਮਾਂ ਕਾਂਤ ਸ਼ਰਮਾ, ਭਾਖੜਾ ਡੈਮ ਦੇ ਪੀਆਰਓ ਸਤਨਾਮ ਸਿੰਘ, ਕੌਂਸਲਰ ਡਾਕਟਰ ਪੁਰਸ਼ੋਤਮ, ਅੰਜੂ ਬਾਲਾ, ਹਰਸ਼ ਕਪਿਲਾ, ਅਨੀਤਾ ਸ਼ਰਮਾ, ਵਿਦਿਆ ਸਾਗਰ, ਮੈਡਮ ਸੁਸਮਾ ਬਰਾਰੀ, ਪ੍ਰਿੰਸੀਪਲ ਸਿਮਰਨ ਕੌਰ, ਸਾਬਕਾ ਕੌਂਸਲਰ ਇੰਦੂ ਬਾਲਾ, ਸੁਰੇਸ਼ ਮਲਿਕ, ਰਾਮ ਕੁਮਾਰ ਦ੍ਵਿਵੇਦੀ, ਅਸ਼ੋਕ ਸੈਣੀ, ਅਮਰੀਕ ਸਿੰਘ ਸਨੋਲੀ, ਰਵਿੰਦਰ ਸਿੰਘ, ਦੀਪਕ ਨੰਦਾ, ਵਰੁਣ ਦੀਵਾਨ, ਦਵਿੰਦਰ ਸ਼ਰਮਾ ਪ੍ਰਧਾਨ ਅੱਖਰ ਚੇਤਨਾ ਮੰਚ, ਕਮਲ ਜੋਸ਼ੀ, ਰਾਕੇਸ਼ ਵਰਮਾ, ਪ੍ਰੋ ਜੈ ਐਸ ਦੂਆ, ਵੀਣਾ ਐਰੀ, ਰਾਜੀ ਖੰਨਾ, ਪ੍ਰਦੀਪ ਕੌਸ਼ਲ, ਭੁਪਿੰਦਰ, ਸੰਦੀਪ, ਨੀਰਜ, ਸੁਨੀਤਾ, ਦੀਪ ਰਮਨ ਕਥੂਰੀਆ, ਕਵਿਤਾ ਢੱਲ, ਰੇਖਾ ਅਦਿ ਹਾਜਰ ਸਨ।



**- ਕੁਲਦੀਪ ਚੰਦ (91-94175-63054)**

## ਵਿਰਸੇ ਦੀਆਂ ਬਾਤਾਂ

ਜਸਵੀਰ ਸ਼ਰਮਾ ਦੱਦਾਹੂਰ 91-94176-22046

# ਅਲੋਪ ਹੋਈਆਂ ਪਿੰਡਾਂ ਵਾਲੀਆਂ ਭੱਠੀਆਂ

ਇਸ ਗੀਤ ਦੇ ਬੋਲ ਸਾਨੂੰ ਸੱਚੀਂ-ਮੁੱਚੀਂ ਪੁਰਤਾਨ ਪੰਜਾਬ ਦੀ ਝਲਕ ਹੂ-ਬ-ਹੂ ਵਿਖਾ ਦਿੰਦੇ ਹਨ। ਜਦੋਂ ਸ਼ਾਮਾਂ ਨੂੰ ਤਾਈ ਭਾਨੀ ਦੀ ਭੱਠੀ ਤੋਂ ਲਾਈਨਾਂ ਵਿੱਚ ਲੱਗ ਕੇ ਦਾਣੇ ਭੁੰਨਾਉਂਦੇ ਹੁੰਦੇ ਸਾਂ। ਚਾਰ ਕੁ ਵਜਦੇ ਸ਼ਾਮ ਨੂੰ ਤਾਈ ਨੇ ਭੱਠੀ ਤਪਾ ਲੈਣੀ ਤੇ ਫਿਰ ਵਾਰੀ-ਵਾਰੀ ਛੋਲਿਆਂ ਦੇ, ਮੱਕੀ ਦੇ, ਜਵਾਰ ਜਾਂ ਫਿਰ ਘਾਟ ਭੁਨਾ ਕੇ ਚੱਬਣੀ ਤੇ ਫਿਰ ਘਰੇ ਵੀ ਲੈ ਕੇ ਆਉਣਾ। ਤਾਈ ਕੋਈ ਨਗਦ ਪੈਸਾ ਤਾਂ ਭਾਂਵੇ ਦਾਣੇ ਭੁੰਨ-ਾਈ ਦਾ ਨਹੀਂ ਸੀ ਲੈਂਦੀ ਪਰ ਕੜਾਹੀ ਵਿੱਚ ਦਾਣੇ ਪਾਉਣ ਵੇਲੇ ਉਹ ਲੱਪ ਨਾਲ ਪਹਾੜਾ ਜਰੂਰ ਲੈਂਦੀ ਸੀ ਦਾਣੇ ਭੁੰਨਣ ਦਾ। ਇਹਨਾਂ ਭੁੰਨੇ ਹੋਏ ਦਾਣਿਆਂ ਵਿੱਚ ਅਸੀ ਲੋੜ ਮੁਤਾਬਕ ਗੁੜ ਜਾਂ ਸ਼ੱਕਰ ਮਿਲਾ ਕੇ ਖਾਣਾ, ਬੜੇ ਸਵਾਦੀ ਲੱਗਦੇ ਸਨ ਉਹ ਭੱਠੀ ਤੇ ਭੁੰਨੇ ਦਾਣੇ। ਇਹ ਵਤੀਰਾ ਹਰ ਰੋਜ਼ ਦਾ ਸੀ। ਜੇਕਰ ਕਿਤੇ ਤਾਈ ਨੇ ਬਾਹਰ ਜਾਣਾ ਜਾਂ ਕਬੀਲਦਾਰੀ ਦੇ ਕਿਸੇ ਜ਼ਰੂਰੀ ਕਰਕੇ ਭੱਠੀ ਤਪਾਉਣ ਦਾ ਨਾਂਗਾ ਪਾ ਦੇਣਾ ਤਾਂ ਸਾਡਾ ਦਿਲ ਪੁੱਛਿਆ ਹੀ ਜਾਣਦਾ ਸੀ। ਜਦੋਂ ਇੱਕ ਦੋ ਦਿਨ ਬਾਅਦ ਤਾਈ ਨੇ ਭੱਠੀ ਫਿਰ ਤਪਾਉਣੀ ਤਾਂ ਉਸ ਨਾਲ ਅਸੀ ਬੜਾ ਗੁੱਸੇ ਹੋਣਾ 'ਤੇ ਤਾਈ ਨੇ ਸਾਡੀਆਂ ਗੱਲਾਂ ਦਾ ਕਦੇ ਗੁੱਸਾ ਨਾ ਕਰਨਾ ਸਗੋਂ ਹੱਸ ਕੇ ਟਾਲ ਦੇਣਾ।



ਉਹ ਪਿਆਰੇ ਤੇ ਨਿਆਰੇ ਸਮੇਂ ਕਦੇ ਵਾਪਸ ਨਹੀਂ ਆਉਣੇ। ਉਹ ਸਮੇਂ ਹੀ ਬਹੁਤ ਪਿਆਰੇ ਸਨ। ਛੱਪੜਾਂ, ਖੂਹਾਂ, ਟੋਭਿਆਂ ਤੇ ਭੱਠੀਆਂ ਤੇ ਸ਼ਾਮ ਵੇਲੇ ਰੌਣਕਾਂ ਲੱਗੀਆਂ ਰਹਿੰਦੀਆਂ ਸਨ। ਛੱਪੜਾਂ ਤੇ ਸਾਡੇ ਬਜ਼ੁਰਗ ਮੱਝਾਂ ਗਾਵਾਂ ਨੂੰ ਪਾਣੀ ਪਿਲਾਉਂਦੇ, ਨਹਾਉਂਦੇ ਤੇ ਕਾਫ਼ੀ ਚਿਰ ਛੱਪੜਾਂ ਵਿੱਚ ਮੱਝਾਂ ਬੈਠੀਆਂ ਰਹਿਣੀਆਂ। ਬਜ਼ੁਰਗਾਂ ਕੋਲ ਹਰ ਸਮੇਂ ਤਾਸ਼ ਜੇਬ ਵਿੱਚ ਪਾਈ ਹੁੰਦੀ ਸੀ, ਉਥੇ ਹੀ ਬੈਠ ਕੇ ਤਾਸ਼ ਦੀਆਂ ਬਾਜੀਆਂ ਲਾਈ ਜਾਣੀਆਂ। ਨਾਲੇ ਬਜ਼ੁਰਗ ਖੁਸ਼, ਨਾਲੇ ਘਰ ਦੇ ਖੁਸ਼ ਕਿ ਸਾਡੇ ਬਾਪੂ ਜੀ ਛੱਪੜ ਤੋਂ ਡੰਗਰ ਪਿਆਉਣ ਗਏ ਹਨ। ਜਦੋਂ ਆਪਣੀ ਮਰਜ਼ੀ ਨਾਲ ਮੱਝਾਂ ਨੇ ਬਾਹਰ ਆਉਣਾ ਤਾਂ ਕਿਤੇ ਜਾ ਕੇ ਉਹਨਾਂ ਦੀ ਤਾਸ਼ ਵਾਲੇ ਪਾਸਿਓਂ ਨਿਗ੍ਹਾ ਹਟਣੀ 'ਤੇ ਸਭ ਕੁਝ ਸਮੇਟ ਕੇ ਮੱਝਾਂ ਮਗਰ ਘਰੋਂ ਘਰੀਂ ਆਉਣ ਸਾਰੇ ਬਜ਼ੁਰਗਾਂ ਦੀ ਸੇਵਾ ਲਈ ਦੁੱਧ ਦਾ ਗਿਲਾਸ ਤੇ ਨਾਲ ਹੀ ਭੱਠੀ ਤੋਂ ਭੁਨਾਏ ਦਾਣੇ ਲੈ ਆਉਣੇ। ਵਧੀਆ ਸਿਹਤਾਂ ਹੁੰਦੀਆਂ ਸਨ ਕਿਉਂਕਿ ਉਹਨਾਂ ਸਮਿਆਂ ਵਿੱਚ ਪੰਜਾਬ ਵਿੱਚ ਨਸ਼ੇ ਨਾਮ ਦੀ ਕੋਈ ਚੀਜ਼ ਹੀ ਨਹੀਂ ਸੀ ਹੁੰਦੀ, ਚਾਹ ਵੀ ਕੋਈ ਟਾਂਵਾ-ਟਾਂਵਾ ਘਰ ਹੀ ਬਣਾਉਂਦਾ ਸੀ। ਦੁੱਧ ਪੀਣ ਦਾ ਰਿਵਾਜ਼ ਸਿਖ਼ਰਾਂ ਤੇ ਸੀ। ਜਦੋਂ ਵੀ ਰੋਟੀ ਖਾਣੀ ਤਾਂ ਰੋਟੀ ਦੇ ਨਾਲ ਦੁੱਧ ਤੇ ਲੱਸੀ ਹੀ ਪ੍ਰਧਾਨ ਸਨ। ਇਹੀ ਸੀ ਵਧੀਆ ਸਿਹਤਾਂ ਦਾ ਰਾਜ਼।

ਅਜੋਕੇ ਸਮੇਂ ਵਿੱਚ ਜਿੱਥੇ ਪਿੰਡਾਂ ਵਿੱਚੋਂ ਭੱਠੀਆਂ ਅਲੋਪ ਹਨ, ਉਥੇ ਸਰਕਾਰਾਂ ਨੇ ਛੱਪੜਾਂ ਦੀ ਥਾਂ ਵੀ ਪੂਰ ਕਰ ਦਿੱਤੀ ਹੈ ਜਿੱਥੇ ਕਿ ਸਾਂਝੀਆਂ ਥਾਵਾਂ ਵਿੱਚ ਡਿਸਪੈਂਸਰੀਆਂ, ਪਸ਼ੂ ਹਸਪਤਾਲ, ਆਰ.ਓ ਸਿਸਟਮ, ਪੰਚਾਇਤ ਘਰ, ਪਟਵਾਰਖ਼ਾਨੇ ਆਦਿ ਬਣਾ ਦਿੱਤੇ ਹਨ। ਅਜੋਕੇ ਬਦਲੇ ਜ਼ਮਾਨੇ ਵਿੱਚ ਸਾਡੀ ਨਵੀਂ ਪੀੜ੍ਹੀ ਪੌਪ ਕੌਰਨ ਜਾਂ ਹੋਰ ਭਾਂਤ-ਭਾਂਤ ਤੇ ਵਿਅੰਜਨ ਖਾ ਖਾ ਕੇ ਜਿੱਥੇ ਅਨੇਕਾਂ ਬਿਮਾਰੀਆਂ ਦੀ ਸ਼ਿਕਾਰ ਹੋ ਰਹੀ ਹੈ ਉਥੇ ਸਿਹਤ ਪੱਖੋਂ ਵੀ ਗਿਰਾਵਟ ਵੱਲ ਜਾ ਰਹੀ ਹੈ।

ਸਾਡੀ ਅਜੋਕੀ ਪੀੜ੍ਹੀ ਭੱਠੀਆਂ ਦੀ ਬਾਬਤ ਬਿਲਕੁਲ ਨਹੀਂ ਜਾਣਦੀ। ਸਾਡੇ ਆਧੁਨਿਕ ਅਜਾਇਬ ਘਰਾਂ ਵਿੱਚ ਭੱਠੀਆਂ ਦੇ ਮਾਡਲ ਬਣਾ ਕੇ ਰੱਖੇ ਹੋਏ ਹਨ ਜੋ ਸਾਡੇ ਵਿੱਛੜ ਚੁੱਕੇ ਵਿਰਸੇ ਦੀ ਯਾਦ ਤਾਜਾ ਕਰਵਾਉਂਦੇ ਰਹਿੰਦੇ ਹਨ।

# ਪੰਜਾਬ ਵਿੱਚ ਚੜ੍ਹਤ ਰਹੀ ਹੈ ਫਿਰਕੀ ਵਾਲੇ ਛੱਤ ਪੱਖੇ ਦੀ

ਜਿੱਥੇ ਪੰਜਾਬ ਸੂਬੇ ਨੂੰ ਖੇਤੀ ਪ੍ਰਧਾਨ ਸੂਬੇ ਨਾਲ ਜਾਣਿਆਂ ਜਾਂਦਾ ਹੈ ਉਥੇ ਜੇਕਰ ਪੁਰਾਤਨ ਸਮਿਆਂ ਵਾਲੇ ਪੰਜਾਬ ਨੂੰ ਸ਼ਾਂਤੀ ਤੇ ਭਾਈਚਾਰੇ ਵਾਲਾ ਸੂਬਾ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਕਿਉਂਕਿ ਪੰਜਾਬ ਵਾਸੀ ਹਰ ਦੁਖੀਏ ਦੀ ਮਦਦ ਕਰਨ ਵਿੱਚ ਭਰਾਤਰੀ ਭਾਈਚਾਰੇ ਦੇ ਪਿਆਰ ਵਿੱਚ ਰਲਮਿਲ ਕੇ ਬਿਨ੍ਹਾਂ ਕਿਸੇ ਜਾਤੀ ਧਰਮ ਫਿਰਕੇ ਦੇ ਸਾਂਝੀਵਾਰਤਾ ਤੇ ਪਿਆਰ ਨਾਲ ਰਹਿਣ ਵਿੱਚ ਵੀ ਪੂਰੇ ਸੰਸਾਰ ਵਿੱਚੋਂ ਪਹਿਲੇ ਨੰਬਰ ਤੇ ਰਹੇ ਹਨ। ਬੇਸ਼ੱਕ ਅਜੋਕੇ ਪੰਜਾਬ ਵਿੱਚ ਭਰਾਵੀਂ ਪਿਆਰ ਖਿੰਡ-ਪੁੰਡ ਗਏ ਹਨ, ਮਸ਼ੀਨੀ ਯੁੱਗ ਵਿੱਚ ਤੇ ਅਗਾਂਹਵਧੂ ਜ਼ਮਾਨੇ ਵਿੱਚ ਅਸੀ ਰੁਲ ਗਏ ਹਾਂ ਪਰ ਪੁਰਾਤਨ ਪੰਜਾਬ ਦੀ ਜੇਕਰ ਗੱਲ ਕਰੀਏ ਤਾਂ ਕੋਈ ਪੰਜ ਦਹਾਕੇ ਪਹਿਲਾਂ ਜਿਆਦਾਤਰ ਵਸੋਂ ਪਿੰਡਾਂ ਵਿੱਚ ਹੀ ਰਹੀ ਹੈ। ਤੇ ਸਭ ਇਕੱਠੇ ਰਲਮਿਲ ਕੇ ਰਹਿਣਾ ਕੋਈ ਜਾਤੀ ਧਰਮ ਤੇ ਮਜ੍ਹਬ ਕਦੇ ਵੀ ਪੰਜਾਬੀਆਂ ਤੇ ਭਾਰੂ ਨਹੀਂ ਸੀ ਪਿਆ। ਭਾਈਚਾਰਕ ਸਾਂਝਾ ਕਾਇਮ ਸਨ। ਪੰਜਾਬੀ ਖਿੱਤੇ ਦੇ ਲੋਕ ਜਿੱਥੇ ਸਾਰੇ ਦੇਸ਼ ਨੂੰ ਅਨਾਜ ਉਗਾ ਕੇ ਦੇਣ 'ਚ ਮੋਹਰੀ ਨੇ ਉਥੇ ਇਹ ਪਿੰਡਾਂ ਦੀਆਂ ਕੋਈ ਛੋਟੀਆਂ ਮੋਟੀਆਂ ਗੱਲਾਂ ਜਾਂ ਕੋਈ ਛੋਟਾ ਮੋਟਾ ਤਕਰਾਰ ਪਿੰਡਾਂ ਵਿੱਚ ਹੀ ਨਿਪਟਾਉਂਦੇ ਰਹੇ ਹਨ। ਮਜਾਲ ਹੈ ਕੋਈ ਅਜੋਕੇ ਸਮੇਂ ਵਾਂਗ ਗੱਲ-ਗੱਲ ਤੇ ਥਾਣੇ ਚਲੇ ਜਾਣ ਨੂੰ ਕਦੇ ਪਹਿਲ ਨਹੀਂ ਸੀ ਦਿੰਦੇ। ਪਰਿਵਾਰਕ ਤੌਰ ਤੇ ਗੱਲ ਨਿਪਟਾ ਲੈਣੀ ਤੇ ਜੇਕਰ ਨਾ ਨਿਪਟਣੀ ਤਾਂ ਵੱਧ ਤੋਂ ਵੱਧ ਪਿੰਡ ਦੇ ਮੋਹਤਬਰ ਬੰਦਿਆਂ ਕੋਲ ਜਾਂ ਫਿਰ ਪਿੰਡ ਦੇ ਸਰਪੰਚ ਦੇ ਹੁਕਮ ਤੇ ਸਭ ਹੀ ਫੁੱਲ ਚੜ੍ਹਾਉਂਦੇ ਸਨ ਪਰ ਉਹਨਾਂ ਸਮਿਆਂ ਵਿੱਚ ਸਰਪੰਚ ਰਸਾਲਦਾਰ ਜਾਂ ਪਿੰਡ ਦਾ ਕੋਈ ਮੋਹਤਬਰ ਬੰਦਾ, ਜੀਹਦੀ ਪਟੜੀ ਬੰਨੇ ਗੱਲ ਸੁਣੀ ਜਾਂਦੀ ਸੀ ਉਥੇ ਜਾ ਕੇ ਹਮੇਸ਼ਾਂ ਗੱਲ ਨਿੱਬੜ ਜਾਂਦੀ ਸੀ। ਇਹ ਉਹ ਸਮੇਂ ਸਨ ਜਦੋਂ ਪਿੰਡਾਂ ਵਿੱਚ ਹਾਲੇ ਬਿਜ਼ਲੀ ਆਈ ਹੀ ਨਹੀਂ ਸੀ। ਗਰਮੀ ਦੇ ਮਹੀਨਿਆਂ ਵਿੱਚ ਜਦੋਂ ਜੇਠ ਹਾੜ ਦੇ ਮਹੀਨੇ ਹੋਣੇ ਤਾਂ ਬਹੁਤ ਵੱਡਾ ਪੱਖਾ (ਤਸਵੀਰ ਵਰਗਾ) ਕਿਸੇ ਰੱਸੀ ਨਾਲ ਬੰਨ੍ਹ ਕੇ ਫਿਰਕੀ ਦੇ ਆਸਰੇ ਲੰਬੀ ਰੱਸੀ ਨਾਲ ਛੱਤ ਦੇ ਨਾਲ ਟੰਗ ਕੇ ਖਿੱਚ ਕੇ ਸਾਰਿਆਂ ਨੂੰ ਹਵਾ ਦਿੱਤੀ ਜਾਂਦੀ ਰਹੀ ਹੈ। ਪਿੰਡਾਂ ਦੇ ਸਾਰੇ ਫੈਂਸਲੇ ਹੀ ਸਰਪੰਚ ਜਾਂ ਮੋਹਤਬਰ ਬੰਦਿਆਂ ਦੀਆਂ ਵੱਡੀਆਂ-ਵੱਡੀਆਂ ਹਵੇਲੀਆਂ ਵਿੱਚ ਹੁੰਦੇ ਰਹੇ ਹਨ। ਬਿਨ੍ਹਾਂ ਕਿਸੇ ਭੇਦ-ਭਾਵ ਦੇ ਸਹੀ ਤੇ ਨਿਰਪੱਖ ਫੈਂਸਲੇ ਕੀਤੇ ਜਾਂਦੇ ਰਹੇ ਹਨ ਪਰ ਗਰਮੀ ਤੋਂ ਬਚਣ ਦਾ ਇਹੀ ਪੱਖਾ ਬਹੁਤ ਵੱਡਾ ਸਾਧਨ ਰਿਹਾ ਹੈ। ਘਰ ਦਾ ਸੀਰੀ ਜਾਂ ਸਪੈਸ਼ਲ ਏਸੇ ਕੰਮ ਲਈ ਰੱਖਿਆ ਸੇਵਾਦਾਰ ਰੱਸੀ ਖਿੱਚ ਕੇ ਸਭਨਾਂ ਨੂੰ ਹਵਾ ਝੱਲਦਾ ਰਿਹਾ ਹੈ। ਕਈ ਵਾਰ ਕਿਸੇ ਕੰਮ ਕਰਵਾਉਣ ਆਏ ਬੰਦਿਆਂ ਦੇ ਵਿੱਚੋਂ ਵੀ ਉਸਤੋਂ ਵਾਰੀ ਨਾਲ ਪੱਖੇ ਵਾਲੀ ਰੱਸੀ ਫੜ੍ਹ ਕੇ ਉਹਨੂੰ ਸਾਹ ਦਿਵਾ ਦਿੰਦੇ ਸਨ। ਹਰ ਆਏ ਗਏ ਨੂੰ ਚਾਹ ਨਹੀਂ ਦੁੱਧ ਨਾਲ ਸੇਵਾ ਹੁੰਦੀ ਰਹੀ ਹੈ ਉਹਨਾਂ ਸਮਿਆਂ ਵਿੱਚ ਸਰਪੰਚ, ਰਸਾਲਦਾਰ ਜਾਂ ਪਿੰਡ ਦੇ ਮੋ-ਹਤਬਰ ਬੰਦਿਆਂ ਦੇ ਘਰਾਂ ਵਿੱਚੋਂ। ਕੱਚੇ ਘਰ ਵੱਡੀਆਂ ਸਵਾਤਾਂ ਹੁੰਦੀਆਂ ਸਨ ਜੋ ਕਿ ਸ਼ਤੀਰੀਆਂ ਬਾਲਿਆਂ, ਸਰ ਕਾਂਹੀ ਵਾਲੀਆਂ ਛੱਤਾਂ ਹੋਣੀਆਂ ਤੇ ਕੱਚੀਆਂ ਗਾਰੇ ਨਾਲ ਕੱਢੀਆਂ ਚੌੜੀਆਂ ਕੰਧਾਂ ਕਰਕੇ ਬਹੁਤ ਗਰਮੀ ਦੇ ਵਿੱਚ ਵੀ ਘਰ ਠੰਡੇ ਹੋਇਆ ਕਰਦੇ ਸਨ। ਇੱਕ ਬੰਦੇ ਦੇ ਹੀ ਰੱਸੀ ਖਿੱਚਣ ਨਾਲ ਕੋਈ ਬੈਠੇ ਵੀਹ-ਪੱਚੀ ਬੰਦਿਆਂ ਨੂੰ ਹਵਾ ਆਉਂਦੀ ਸੀ। ਬੈਠਣ ਲਈ ਅਜੋਕੇ ਸਮੇਂ ਵਾਂਗ ਕੁਰਸੀਆਂ ਘੱਟ ਪਰ ਮੂੜ੍ਹੇ ਜਾਂ ਦੇਸੀ ਬੁਣੇ ਹੋਏ ਮੰਜੇ ਹੁੰਦੇ ਸਨ। ਉਹਨਾਂ ਤੇ ਹੀ ਸਭਨੇ ਬੈਠਣਾ ਤੇ ਆਪੋ ਆਪਣੀ ਵਾਰੀ ਮੁਤਾਬਕ ਜਿੰਮੇਵਾਰ ਬੰਦਿਆਂ ਨੂੰ ਆਪਣੀ ਗੱਲ ਦੱਸਣੀ ਤੇ ਥੋੜ੍ਹੀ ਬਹੁਤੀ ਰਾਇ ਕਰਨ ਤੋਂ ਬਾਅਦ ਅਜੋਕੀਆਂ ਕਚਿਹਰੀਆਂ ਵਾਂਗ ਸਾਲਾਂ ਬੱਧੀ ਨਹੀਂ ਸਗੋਂ ਉਥੇ ਹੀ ਹੁਕਮ ਹੋ ਜਾਂਦੇ ਸਨ। ਤੇ ਲਾਲ ਵਹੀਆਂ ਤੇ ਸਾਰਾ ਲਿਖ-ਲਖਾ ਕਰਕੇ ਉਸਤੇ ਫੁੱਲ ਚੜ੍ਹਾ ਦਿੰਦੇ ਸਨ ਭਾਵ ਮੰਨ ਲੈਂਦੇ ਸਨ।



ਪਰ ਬਦਲੇ ਸਮੇਂ ਵਿੱਚ ਤਾਂ ਘਰ ਦੇ ਚਾਰ ਜੀਆਂ ਦਾ ਮੂੰਹ ਵੀ ਅਲੱਗ ਅਲੱਗ ਹੈ ਤੇ ਇਸ ਦੇਸੀ ਪੱਖੇ ਦੀ ਹੋਂਦ ਵੀ ਖ਼ਤਮ ਹੋ ਚੁੱਕੀ ਹੈ ਕਿਉਂਕਿ ਅਜੋਕੇ ਸਮੇਂ ਵਿੱਚ ਅਸੀ ਏ.ਸੀਆਂ ਵਾਲੇ ਹੋ ਗਏ ਹਾਂ ਤੇ ਇਹਨਾਂ ਪੱਖਿਆਂ ਦਾ ਸਥਾਨ ਕਿਸੇ ਕਿਸੇ ਅਜਾਇਬ ਘਰ ਵਿੱਚ ਹੀ ਰਹਿ ਗਿਆ ਹੈ।

# ਪੰਜਾਬ ਦੇ ਮਸ਼ਹੂਰ ਮੇਲੇ

ਮੇਲਿਆਂ ਚੋਂ ਮੇਲਾ ਹੈ ਮਸ਼ਹੂਰ ਸ਼੍ਰੀ ਮੁਕਤਸਰ ਸਾਹਿਬ ਵਾਲਾ,
ਗੁਰੂ ਜੀ ਨੇ ਸਿੱਖਾਂ ਦੀ ਟੁੱਟੀ ਜਿਥੇ ਗੰਢੀ ਸੀ!
ਸਬਕ ਸਿਖਾ ਕੇ ਪਾਈ ਭਾਜੜ ਸੀ ਮੁਗਲਾਂ ਨੂੰ,
ਭਾਈ ਭਾਈ ਵਿਚ ਜਿਹੜੇ ਪਾਉਣੀ ਚਾਹੁੰਦੇ ਵੰਡੀ ਸੀ!!
ਅਮਰ ਸ਼ਹੀਦ ਹੋਏ ਚਾਲੀ ਸਿੰਘ ਇਸੇ ਥਾਂ ਤੇ,
ਘਰ ਆਪੋ ਆਪਣੇ ਤੋਂ ਪਈ ਜਦ ਝਾੜ ਸੀ!
ਟੁੱਟੀ ਗੰਢ ਦਿਤੀ ਗੁਰੂ ਭੁੱਲੜ ਨਿਮਾਣਿਆਂ ਦੀ,
ਜਦ ਮਹਾਂ ਸਿੰਘ ਸਾਹਮਣੇ ਬੇਦਾਵਾ ਦਿਤਾ ਪਾੜ ਸੀ!!
ਮਾਘੀ ਵਾਲੇ ਦਿਨ ਯਾਦ ਕਰਦੇ ਨੇ ਤਾਜੀ ਸਾਰੇ,
ਦਿੰਦੇ ਸ਼ਰਧਾਂਜਲੀ ਨੇ ਗੁਰ ਸਿੱਖ ਆਕੇ ਜੀ!
ਦਸਤਾਰਾਂ ਪੀਲੀਆਂ ਤੇ ਨੀਲੀਆਂ ਦਾ ਹੜ੍ਹ ਜਿਹਾ ਆ ਜਾਂਦਾ,
ਹੁੰਦੇ ਨਤਮਸਤਕ ਨੇ ਸੀਸ ਨੂੰ ਝੁਕਾ ਕੇ ਜੀ!!
ਸਾਹਿਬਜਾਦਿਆਂ ਦੀ ਯਾਦ ਵਿਚ ਮੇਲੇ,
ਫਤਿਹਗੜ੍ਹ ਤੇ ਚਮਕੌਰ ਸਾਹਿਬ ਵਿਚ ਭਰਦੇ!
ਉਨਾਂ ਦੀ ਲਾਸਾਨੀ ਕੁਰਬਾਨੀ ਨੂੰ ਨੇ ਗੁਰ ਸਿੱਖ,
ਯਾਦ ਸੱਚੇ ਮਨੋਂ ਕਰਦੇ!!
ਭਾਈ ਕੀ ਡਰੋਲੀ ਮੇਲਾ ਭਰਦਾ ਹੈ ਬਹੁਤ ਭਾਰੀ,
ਛੇਵੀਂ ਪਾਤਸ਼ਾਹੀ ਦਾ ਓਹ ਜਨਮ ਅਸਥਾਨ ਹੈ!
ਮੋਗੇ ਜਿਲ੍ਹੇ ਦਾ ਹੈ ਵੀਰੋ ਪਿੰਡ ਬਹੁਤ ਵੱਡਾ ਇਹੇ,
ਮੇਲਿਆਂ ਦੇ ਵਿਚੋਂ ਇਹਦੀ ਵੱਖਰੀ ਪਛਾਣ ਹੈ!!
ਤਖਤੂਪੁਰੇ ਦੇ ਵਿਚ ਮੇਲਾ ਲੱਗੇ ਹਰ ਸਾਲ,
ਮਾਲਵੇ ਦਾ ਪਿੰਡ ਇਹੇ ਬਹੁਤ ਮਸ਼ਹੂਰ ਹੈ!
ਸਿੱਖ ਇਤਹਾਸ ਵਿਚ ਵੱਖਰੀ ਪਹਿਚਾਣ ਇਹਦੀ,
ਨਿਹਾਲੇਵਾਲੇ ਸ਼ਹਿਰ ਤੋਂ ਇਹ ਥੋੜ੍ਹੀ ਜਿੰਨੀ ਦੂਰ ਹੈ!!
ਛਪਾਰ ਅਤੇ ਜਰਗ ਦੇ ਮੇਲੇ ਵੀ ਨੇ ਬਹੁਤ ਭਾਰੇ,
ਲਗਦੇ ਪੰਜਾਬ ਵਿਚ ਵਾਰੀ ਵਾਰੀ ਨਾਲ ਜੀ!
ਹਰ ਇਕ ਮੇਲੇ ਦੀ ਦਿੱਖ ਵੱਖੋ ਵੱਖਰੀ ਹੈ,
ਗਰਮੀ ਚ ਭਰਦੇ ਕਈ ਲੱਗਦੇ ਸਿਆਲ ਜੀ!!
ਮਲੇਰਕੋਟਲੇ ਦਾ ਮੇਲਾ ਲੱਗੇ ਪੀਰ ਦੀ ਜਗ੍ਹਾ ਦੇ ਉੱਤੇ,
ਹਿੰਦੂ ਸਿੱਖ ਕਰਦੇ ਨੇ ਸਜਦਾ ਹੈ ਜਾਅ ਜੀ!
ਬੱਚਿਆਂ ਦੀ ਸ਼ਹੀਦੀ ਵੇਲੇ ਕੋਟਲੇ ਦੇ ਪੀਰ ਨੇ ਹੀ,
ਮੁਗਲ ਸਿਆਸਤ ਨੂੰ ਨਾਅਰਾ ਮਾਰਿਆ ਹਾਅ ਸੀ!!
ਦਾਮੂੰ ਸ਼ਾਹ ਦਾ ਮੇਲਾ ਪਿੰਡ ਲੱਗਦਾ ਲੁਹਾਰੇ ਵਿਚ,
ਜੀਹਦੀ ਇਸ ਇਲਾਕੇ ਵਿਚ ਬਹੁਤ ਵਡਿਆਈ ਹੈ!
ਸੱਜਦਾ ਨੇ ਕਰਦੇ ਲੋਕ ਇਥੇ ਖੜ੍ਹ ਖੜ੍ਹ,
ਝੋਲੀਆਂ ਭਰਾਉਂਦਾ ਜੀਹਨੇ ਸੱਚੇ ਦਿਲੋਂ ਲਾਈ ਹੈ!!
ਵੱਖੋ ਵੱਖ ਥਾਵਾਂ ਤੇ ਨੇ ਲਗਦੇ ਇਹ ਮੇਲੇ ਵੀਰੋ,
ਵੱਖੋ ਵੱਖੋ ਇਨਾਂ ਦਾ ਵੀਰੋ ਇਤਹਾਸ ਹੈ!
ਬਜ਼ੁਰਗਾਂ ਤੋ ਸੁਣਿਆ ਕਈ ਅੱਖੀਂ ਹਨ ਆਪ ਵੇਖੇ,
ਸੱਚੋ ਸੱਚ ਲਿਖਿਆ ਨਾ ਕੋਈ ਮਿਥਿਹਾਸ ਹੈ!!
ਰੋਸ਼ਨੀ ਦਾ ਮੇਲਾ ਜਗਰਾਵਾਂ ਵਿਚ ਭਰਦਾ ਹੈ,
ਜਿਥੇ ਇਕ ਪੀਰ ਦੀ ਪੁਰਾਤਨ ਮਜਾਰ ਹੈ!
ਸਦੀਆਂ ਤੋ ਲੋਕ ਇਹਨੂੰ ਸਜਦਾ ਨੇ ਕਰਦੇ,
ਡੁੱਬਿਆਂ ਦੇ ਬੇੜੇ ਵੀਰੋ ਕਰਦਾ ਇਹ ਪਾਰ ਹੈ!!
ਪਰ ਅੱਜਕਲ ਥਾਂ ਥਾਂ ਸਿਆਸਤ ਹੈ ਹਾਵੀ ਹੋਈ,
ਮੇਲਿਆਂ ਦੀ ਦਿੱਖ ਨਾ ਪਹਿਲਾਂ ਜਿਹੀ ਰਹੀ ਜੀ!
ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਕੋਈ ਨਹੀਂ ਹੁੰਦੀ,
ਇਸੇ ਲਈ ਸੱਚੋ ਸੱਚ ਗੱਲ ਇਹੇ ਕਹੀ ਜੀ!!
ਸਿਆਸਤ ਦੀ ਭੇਟ ਚੜ੍ਹ ਚੁਕੇ ਹਨ ਸਾਰੇ ਮੇਲੇ,
ਬਿਲਕੁਲ ਸੱਚ ਗੱਲ ਝੂਠ ਨਹੀ ਰਾਈ ਜੀ!
ਵਾਚਿਆ ਜੋ ਅੱਖਾਂ ਨਾਲ ਸੁਣਿਆਂ ਹੈ ਕੰਨਾਂ ਨਾਲ,
ਦੱਦਾਹੂਰੀਏ ਨੇ ਦੋਸਤੋ ਕੋਈ ਗੱਲ ਨਾ ਲਕਾਈ ਜੀ!!

**-ਜਸਵੀਰ ਸ਼ਰਮਾ ਦੱਦਾਹੂਰ**
**91-9417622046**

# ਫ਼ਰਕ ਬਹੁਤ ਹੈ



ਆਪਣੇ ਅਤੇ ਪਰਾਇਆਂ ਦੇ ਵਿੱਚ ਫ਼ਰਕ ਬਹੁਤ ਹੈ।
ਵਕਤ ਦੇ ਹੱਥੋਂ ਸਤਾਇਆਂ ਨਾ ਸਤਾਇਆਂ ਦੇ ਵਿੱਚ ਫ਼ਰਕ ਬਹੁਤ ਹੈ।।
ਖਾਣੀ ਪੈਂਦੀ ਸਮੇਂ ਦੇ ਹੱਥੋਂ ਮਾਰ ਕਦੇ ਤਾਂ।
ਰਵਾਇਆਂ ਅਤੇ ਹਸਾਇਆਂ ਦੇ ਵਿੱਚ ਫ਼ਰਕ ਬਹੁਤ ਹੈ।।
ਪਰਛਾਵੇਂ ਕੋਲੋਂ ਕਦੇ ਕਦੇ ਤਾਂ ਬੰਦਾ ਡਰ ਜਾਏ।
ਅਸਲੀ ਅਤੇ ਸਾਇਆਂ ਦੇ ਵਿੱਚ ਫ਼ਰਕ ਬਹੁਤ ਹੈ।।
ਦੁਖੀ ਨਾ ਕਰਨਾ ਕਦੇ ਕਿਸੇ ਨੂੰ ਐ ਇਨਸਾਨਾਂ।
ਝਿੜਕਿਆਂ ਅਤੇ ਵਰਾਇਆਂ ਦੇ ਵਿੱਚ ਫ਼ਰਕ ਬਹੁਤ ਹੈ।।
ਕਿਸੇ ਗਰੀਬ ਦੀ ਮਦਦ ਕਰਨਾ ਫਰਜ ਹੈ ਬਣਦਾ।
ਡੇਗਿਆਂ ਅਤੇ ਉਠਾਇਆਂ ਦੇ ਵਿੱਚ ਫ਼ਰਕ ਬਹੁਤ ਹੈ।
ਕੋਈ ਗਲਤ ਰਾਹੇ ਪੈਂਦੈ ਤਾਂ ਬਚਾ ਲੋ ਉਸਨੂੰ।
ਕੁਰਾਹੋਂ ਰਾਹੇ ਪਾਇਆਂ ਦੇ ਵਿੱਚ ਫ਼ਰਕ ਬਹੁਤ ਹੈ।।
ਯਾਰ ਮਾਰ ਨਾ ਕਰੀਏ ਕਦੇ ਵੀ ਨਾਲ ਕਿਸੇ ਦੇ।
ਡਬੋਇਆਂ ਤੇ ਬੰਨ੍ਹੇ ਲਾਇਆਂ ਦੇ ਵਿੱਚ ਫ਼ਰਕ ਬਹੁਤ ਹੈ।।
ਜਿੱਤਿਆਂ ਤੋਂ ਤਾਂ ਹਰ ਕੋਈ ਨਾਲ ਜਸ਼ਨ ਮਨਾਉਂਦਾ।
ਸੱਚੇ ਮਨੋਂ ਹਰਾਇਆਂ ਤੇ ਜਤਾਇਆਂ ਦੇ ਵਿੱਚ ਫ਼ਰਕ ਬਹੁਤ ਹੈ।।
'ਦੱਦਾਹੂਰੀਆਂ ਲਿਖ਼ਣ ਦਾ ਆਪਣਾ ਫ਼ਰਜ਼ ਨਿਭਾਈ ਜਾ ਤੂੰ।
ਸਮਝਾਇਆਂ ਤੇ ਨਾ ਸਮਝਾਇਆਂ ਦੇ ਵਿੱਚ ਫ਼ਰਕ ਬਹੁਤ ਹੈ।

**-ਜਸਵੀਰ ਸ਼ਰਮਾ ਦੱਦਾਹੂਰ 91-94176-22046**

# ਦਰਿਆਵਾਂ ਦਾ ਪਾਣੀ ਜਹਿਰੀਲਾ ਕਰਨ ਵਾਲਿਆਂ ਖਿਲਾਫ ਹੋਵੇ ਸਖਤ ਤੋਂ ਸਖਤ ਕਾਰਵਾਈ



ਸਤਲੁਜ ਅਤੇ ਬਿਆਸ ਦਰਿਆ ਦੇ ਪਾਣੀ ਵਿੱਚ ਕੀੜੀ ਅਫਗਾਨਾ ਦੀ ਸੂਗਰ ਮਿੱਲ ਵਲੋ ਜਹਿਰੀਲਾ ਸੀਰਾ ਛੱਡਣ ਨਾਲ ਲੱਖਾ ਦੀ ਤਦਾਦ ਵਿੱਚ ਮੱਛੀਆ ਅਤੇ ਹੋਰ ਪਾਣੀ ਵਿੱਚ ਰਹਿਣ ਵਾਲੇ ਅਣ-ਗਿਣਤ ਜੀਵ ਮਾਰੇ ਗਏ ਅਤੇ ਹੁਣ ਇਹ ਜਹਿਰੀਲਾ ਪਾਣੀ ਪੰਜਾਬ ਅਤੇ ਰਾਜਸਥਾਨ ਦੀਆ ਨਹਿਰਾਂ ਵਿੱਚ ਛੱਡਿਆ ਗਿਆ ਜਿਸ ਦੇ ਪੀਣ ਨਾਲ ਮਨੁੱਖੀ ਜਾਨਾਂ ਵੀ ਚਲੀਆਂ ਜਾ ਸਕਦੀਆ ਹਨ। ਪੰਜਾਬ ਦੇ ਲੋਕ ਤਾਂ ਪਹਿਲਾ ਹੀ ਕੈਂਸਰ ਜਿਹੀ ਬਿਮਾਰੀ ਦੀ ਮਾਰ ਝੱਲ ਰਹੇ ਹਨ, ਜੇਕਰ ਇਸੇ ਤਰਾ ਦਰਿਆਵਾਂ ਦੇ ਪਾਣੀ ਨਾਲ ਖਿਲਵਾੜ ਹੁੰਦਾ ਰਿਹਾ ਤਾਂ ਫਿਰ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਅਤੇ ਰਾਜਸਥਾਨ ਦੇ ਲੋਕ ਭਿਆਨਕ ਬਿਮਾਰੀਆ ਦੇ ਸ਼ਿਕਾਰ ਹੋ ਜਾਣਗੇ। ਇਸ ਦੇ ਸਬੰਧ ਵਿੱਚ ਆਲ ਇੰਡੀਆ ਕਸੱਤਰੀਆ ਟਾਂਕ ਪ੍ਰਤੀਨਿਧ ਸਭਾ ਰਜਿ ਦੇ ਕੋਮੀ ਪ੍ਰਧਾਨ ਨਿਰੰਜਣ ਸਿੰਘ ਰੱਖਰਾ ਸ੍ਰੀ ਮੁਕਤਸਰ ਸਾਹਿਬ ਨੇ ਪੰਜਾਬ ਸਰਕਾਰ ਤੋ ਮੰਗ ਕੀਤੀ ਹੈ ਕਿ ਦਰਿਆਵਾਂ ਦੇ ਪਾਣੀ ਨੂੰ ਗੰਦਾ ਅਤੇ ਜਹਿਰੀਲਾ ਕਰਨ ਵਾਲਿਆ ਨੂੰ ਸਖਤ ਤੋਂ ਸਖਤ ਸਜਾ ਦਿਵਾਈ ਜਾਵੇ। ਇਸ ਸਮੇਂ ਉਹਨਾਂ ਦੇ ਨਾਲ ਲਾਰਡ ਬੁੱਧਾ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਜਗਦੀਸ਼ ਰਾਏ ਢੋਸੀਵਾਲ, ਕਾਲਾ ਸਿੰਘ ਬੇਦੀ, ਚੋਧਰੀ ਬਲਵੀਰ ਸਿੰਘ, ਡਾ ਵਿਜੈ ਸੁਖੀਜਾ, ਅਸ਼ੀਰਵਾਦ ਕਲੱਬ ਦੇ ਸਰਪ੍ਰਸਤ ਬੂਟਾ ਰਾਮ ਕਮਰਾ, ਉਮ ਪ੍ਰਕਾਸ਼ ਖਿੰਚੀ, ਰਜੀਵ ਕਟਾਰੀਆ, ਨਵਦੀਪ ਸਿੰਘ ਸੁੱਖੀ, ਲਾਇਨ ਅਰਵਿੰਦਰਪਾਲ ਸਿੰਘ ਬੱਬੂ, ਉਮ ਪ੍ਰਕਾਸ਼ ਛਾਬੜਾ, ਮੈਡਮ ਬੀਰਬਾਲਾ ਸੱਦੀ ਅਤੇ ਸਹਿਤ ਕਾਰ ਜਸਵੀਰ ਸ਼ਰਮਾ ਦੱਦਾਹੂਰ ਮੌਜੂਦ ਸਨ।

# ਗੁਰਦੁਆਰਾ ਸਾਹਿਬ ਚੈਲ (ਹਿਮਾਚਲ ਪ੍ਰਦੇਸ਼)



ਸਤਨਾਮ ਸਿੰਘ ਮੱਟੂ
91-97797-08257

ਪੰਜਾਬ ਦਾ ਗੁਆਂਢੀ ਰਾਜ ਹਿਮਾਚਲ ਪ੍ਰਦੇਸ਼ ਪੱਛਮੀ ਹਿਮਾਲਿਆ ਪਰਬਤ ਦੀਆਂ ਚੋਟੀਆਂ ਚ ਵਸਿਆ ਕੁਦਰਤੀ ਖ਼ੂਬਸੂਰਤੀ ਭਰਪੂਰ ਸ਼ਹਿਰ ਹੈ।ਆਸਮਾਨ ਛੂੰਹਦੀਆਂ ਉੱਚੀਆਂ ਪਹਾੜੀ ਚੋਟੀਆਂ ਅਤੇ ਡੂੰਘੀਆਂ ਖਾਈਆਂ,ਸੱਪ ਵਾਂਗ ਮੇਲ੍ਹਦੀਆਂ ਕੱਚ ਵਰਗੇ ਸਾਫ ਪਾਣੀ ਦੀਆਂ ਨਦੀਆਂ ਇੱਕ ਵੱਖਰਾ ਜਲਵਾ ਅਤੇ ਕੁਦਰਤੀ ਕ੍ਰਿਸ਼ਮਾ ਲੱਗਦਾ ਹੈ।ਭੀੜ-ਭੜੱਕੇ ਅਤੇ ਗੱਡੀਆਂ ਦੇ ਹੜਗੰਭ ਤੋਂ ਮੁਕਤ ਇਹ ਸ਼ਾਂਤਮਈ ਅਤੇ ਠੰਡਕ ਭਰੇ ਵਾਤਾਵਰਣ ਨਾਲ ਸਥਾਨ ਹੈ।ਇਹ ਸਥਾਨ ਕੰਡਾਘਾਟ ਤੋਂ 29 ਅਤੇ ਕੁਫਰੀ ਤੋਂ 44 ਕਿਲੋਮੀਟਰ ਦੂਰ ਹੈ।ਇਸਦੀ ਸਮੁੰਦਰੀ ਤਲ ਤੋਂ ਉਚਾਈ 7000 ਫੁੱਟ ਹੈ।ਕੰਡਾ ਘਾਟ ਤੋਂ ਇੱਥੇ ਬੱਸ ਅੱਡੇ ਪਹੁੰਚਦਿਆਂ ਸੱਜੇ ਹੱਥ ਸਿੱਧੀ ਚੜ੍ਹਾਈ ਵਾਲਾ ਰਸਤਾ ਇੱਥੇ ਸਥਿਤ ਗੁਰੂਦੁਆਰਾ ਸਾਹਿਬ ਨੂੰ ਜਾਂਦਾ ਹੈ।

ਗੁਰਦੁਆਰਾ ਸਾਹਿਬ ਬੱਸ ਅੱਡੇ ਦੇ ਨਾਲ ਹੀ 150 ਮੀਟਰ ਦੀ ਦੂਰੀ 'ਤੇ ਲੰਮੇ-ਲੰਮੇ ਸੌ-ਡੇਢ ਸੌ ਫੁੱਟ ਉੱਚੇ, ਤਿੰਨ-ਚਾਰ ਸੌ ਸਾਲ ਪੁਰਾਣੇ ਤੀਰ ਵਾਂਗੂ ਸਿੱਧੇ ਦਿਓਦਾਰ ਤੇ ਬਾਣ ਦੇ ਦਰਖ਼ਤਾਂ ਵਿਚਕਾਰ ਗੁਰਦੁਆਰਾ ਸਾਹਿਬ ਦੀ ਸੁੰਦਰ,ਆਲੀਸ਼ਾਨ ਅਤੇ ਰਮਣੀਕ ਇਮਾਰਤ ਬਣੀ ਹੋਈ ਹੈ।

ਦੇਸ਼ ਚੋਂ ਰਿਆਸਤਾਂ ਖ਼ਤਮ ਹੋਣ ਤੋਂ ਪਹਿਲਾਂ ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਦੀ ਗਰਮੀਆਂ ਦੀ ਰਾਜਧਾਨੀ ਚੈਲ ਹੁੰਦੀ ਸੀ। ਇੱਥੇ ਵਸਦੇ ਲੋਕਾਂ ਦੀ ਦੰਦ ਕਥਾ ਅਨੁਸਾਰ ਜਦੋਂ ਮਹਾਰਾਜਾ ਪਟਿਆਲਾ ਇੱਥੇ ਇੱਕ ਪਹਾੜੀ 'ਤੇ ਆਪਣੀ ਰਹਿਣਗਾਹ ਉਸਾਰਨ ਲੱਗੇ ਤਾਂ ਉਹਨਾਂ ਨੂੰ ਸੁਪਨੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਾਖਸ਼ਾਤ ਦਰਸ਼ਨ ਹੋਏ।




ਮਹਾਰਾਜਾ ਨੂੰ ਸਮਝ ਹੋਈ ਕਿ ਇਹ ਅਸਥਾਨ ਪੂਜਾ ਭਗਤੀ ਦਾ ਸਥਾਨ ਹੈ। ਨਾਨਕਸ਼ਾਹੀ ਸੰਮਤ 438 (ਸੰਨ 1907) ਨੂੰ ਮਹਾਰਾਜਾ ਨੇ ਇਸ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਉਸਾਰੀ ਕਰਵਾਈ। ਗੁਰੂ ਸਾਹਿਬ ਦੀ ਬਖ਼ਸ਼ਿਸ਼ ਸਦਕਾ ਮਹਾਰਾਜਾ ਪਟਿਆਲਾ ਦੀਆਂ ਸਭ ਮਨੋਕਾਮਨਾਵਾਂ ਪੂਰੀਆਂ ਹੋਈਆਂ। ਗੁਰਦੁਆਰੇ ਵਿੱਚ ਲਗਾਏ ਗਏ ਬਿਜਲੀ ਮੀਟਰ ਦਾ ਨੰਬਰ ਵੀ ਇੱਕ ਹੈ। ਗੁਰਦੁਆਰੇ ਦੇ ਜਿਸ ਹਾਲ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ ਉਸ ਦਾ ਸਾਈਜ਼ 60ਣ20 ਫੁੱਟ ਹੈ। ਹਾਲ ਦੀ ਛੱਤ 20-22 ਫੁੱਟ ਉੱਚੀ ਹੈ। ਇਸ ਦੀ ਉਸਾਰੀ ਪੱਛਮੀ ਕਲਾ ਅਤੇ ਗੋਆ ਦੇ ਚਰਚਾਂ ਦੇ ਭਵਨ ਨਿਰਮਾਣ ਕਲਾ ਦਾ ਉੱਤਮ ਨਮੂਨਾ ਹੈ।ਉੱਚਾ ਝੂਲਦਾ ਕੇਸਰੀ ਨਿਸ਼ਾਨ ਆਪਣੇ ਆਪ ਚ ਇੱਕ ਵੱਖਰੀ ਪਛਾਣ ਹੈ। ਇਸ ਦਾ ਪ੍ਰਬੰਧ ਹਿਮਾਚਲ ਸਰਕਾਰ ਕੋਲ ਹੈ। ਨਿਰਦੇਸ਼ਕ ਭਾਸ਼ਾ ਕਲਾ ਤੇ ਸੰਸਕ੍ਰਿਤੀ ਵਿਭਾਗ ਹਿਮਾਚਲ ਪ੍ਰਦੇਸ਼ ਵੱਲੋਂ ਗੁਰੂ ਘਰ ਦੀ ਸੰਭਾਲ ਦਾ ਜਿੰਮਾ ਚੁੱਕਿਆ ਹੋਇਆ ਹੈ। ਗਿਆਨੀ ਪ੍ਰਿਤਪਾਲ ਸਿੰਘ (ਐਮ.ਏ. ਪੰਜਾਬੀ) ਇੱਥੇ ਗ੍ਰੰਥੀ ਵਜੋਂ ਸੇਵਾ ਨਿਭਾ ਰਹੇ ਹਨ। ਉਹ ਆਪਣੇ ਪਰਿਵਾਰ ਤੇ ਤਿੰਨ ਬੇਟੀਆਂ ਨਾਲ ਗ੍ਰੰਥੀ, ਸੇਵਾਦਾਰ ਤੇ ਹੋਰ ਸਾਰੀਆਂ ਡਿਊਟੀਆਂ ਨਿਭਾਅ ਰਹੇ ਹਨ। ਇੱਥੇ 100 ਵਿਆਕਤੀਆਂ ਦੀ ਰਿਹਾਇਸ਼ ਦਾ ਸਾਦਾ ਪ੍ਰਬੰਧ ਹੈ।ਗਿਆਨੀ ਪ੍ਰਿਤਪਾਲ ਸਿੰਘ ਅਨੁਸਾਰ ਇੱਥੇ ਪੰਜਾਬੀ ਸੰਗਤਾਂ ਘੱਟ ਹੋਣ ਕਾਰਣ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਚਲਾਉਣ ਵਿੱਚ ਬਹੁਤ ਦਿੱਕਤ ਪੇਸ਼ ਆ ਰਹੀ ਹੈ।ਉਹ ਸ਼ੋਸ਼ਲ ਮੀਡੀਆ ਰਾਹੀਂ ਦੇਸ਼ ਵਿਦੇਸ਼ ਅਤੇ ਇੱਥੇ ਦਰਸ਼ਨ ਕਰਨ ਆਉਂਦੀਆਂ ਸੰਗਤਾਂ ਨੂੰ ਗੁਰੁਦਆਰਾ ਸਾਹਿਬ ਦੀ ਕਾਰ ਸੇਵਾ ਲਈ ਬੇਨਤੀ ਕਰਦੇ ਰਹਿੰਦੇ ਹਨ ਕਿਉਂਕਿ ਹਿਮਾਚਲ ਸਰਕਾਰ ਇੱਥੋਂ ਆਮਦਨ ਨਾ ਹੋਣ ਕਾਰਣ ਕੋਈ ਮਾਇਕ ਸਹਾਇਤਾ ਨਹੀਂ ਕਰਦੀ। ਉਹਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਜਾਬ, ਦਿੱਲੀ ਅਤੇ ਹਿਮਾਚਲ ਪ੍ਰਦੇਸ਼ ਨੂੰ ਇਸ ਗੁਰਦੁਆਰਾ ਸਾਹਿਬ ਦੀ ਸੁੰਦਰਤਾ ਵਧਾਉਣ ਅਤੇ ਹੋਰ ਸਹੂਲਤਾਂ ਪ੍ਰਦਾਨ ਕਰਨ ਦੀ ਬੇਨਤੀ ਕੀਤੀ ਹੈ।

# ਪੰਜਾਬੀ ਗਇਕੀ ਦਾ ਚਮਕਦਾ ਸਿਤਾਰਾ 'ਸੱਜਣ ਅਦੀਬ'



ਨਵਜੋਤ ਬਜਾਜ ਗੱਗੂ
91-98721-02614

ਬਗੀਚੀ ਵਿੱਚ ਭਾਵੇ ਹਜਾਰਾ ਫੁੱਲ ਖਿੜੇ ਹੋਣ, ਪਰ ਗੁਲਾਬ ਦੇ ਫੁੱਲ ਦੀ ਅਪਣੀ ਵੱਖਰੀ ਹੀ ਮਹਿਕ ਹੁੰਦੀ ਹੈ।ਅੱਜ ਮੈ ਪੰਜਾਬੀ ਲੋਕ ਗਾਇਕੀ ਦੀ ਬਗੀਚੀ ਦੇ ਇੱਕ ਅਜਿਹੇ ਗੁਲਾਬ ਦੀ ਗੱਲ ਕਰਨ ਜਾ ਰਿਹਾ ਹਾਂ ਜਿਸ ਦੀ ਮਹਿਕ ਦਾ ਆਨੰਦ ਸਿਰਫ ਪੰਜਾਬ ਵਿੱਚ ਹੀ ਨਹੀ ਸਗੋ-ਦੇਸਾ ਵਿਦੇਸ਼ਾ ਵਿੱਚ ਵਸਦੇ ਪੰਜਾਬੀ ਵੀ ਮਾਨਦੇ ਹਨ।ਪੰਜਾਬੀਆਂ ਦੀਆਂ ਰੂਹਾ ਨੂੰ ਨਸ਼ਿਆਉਦੀ ਇਸ ਮਹਿਕ ਦਾ ਨਾ ਹੈ 'ਸੱਜਣ ਅਦੀਬ' 29 ਮਈ 1990 ਨੂੰ ਮਾਲਵੇ ਦੇ ਛੋਟੇ ਜਿਹੇ ਕਸਬੇ ਭਗਤਾ ਭਾਈ ਕਾ ਵਿਖੇ ਪਿਤਾ ਸ; ਪ੍ਰੀਤਮ ਸਿੰਘ ਦੇ ਘਰ ਅਤੇ ਮਾਤਾ ਮਲਕੀਤ ਕੌਰ ਦੀ ਕੁੱਖੋ ਇੱਕ ਬਾਲ ਨੇ ਜਨਮ ਲਿਆ ਤੇ ਅੱਜ ਉਹ ਬਾਲ ਪੰਜਾਬੀਆ ਦਾ ਮਹਿਬੂਬ ਗਾਇਕ ਸੱਜਣ ਅਦੀਬ ਬਣ ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਰਿਹਾ ਹੈ ਅਤੇ ਨਾਲ-ਨਾਲ ਆਮ ਲੋਕਾਂ ਦੇ ਦੁੱਖ ਦਰਦ ਦਾ ਸਰੀਕ ਬਣ ਕੇ ਵਿੱਚਰ ਰਿਹਾ ਹੇ। ਮਿਲਾਪੜਾ ਸੁਭਾਅ, ਮਿੱਠੀ ਮੁਸਕਾਨ, ਨੇਕ ਦਿਲ ਤੇ ਅਸਲੀਲਤਾ ਭਰੀ ਗਾਇਕੀ ਤੋ ਦੂਰ ਰਹਿਣ ਵਾਲੇ ਗੁਣ ਸੱਜਣ ਅਦੀਬ ਵਿੱਚ ਡੁਲ-ਡੁਲ ਪੈਦੇ ਹਨ। ਅਦੀਬ ਦਾ ਦਿਲੀ ਸੁਪਨਾਂ ਹੈ ਕਿ ਉਸ ਦਾ ਨਾਂ 'ਪੰਜਾਬੀ ਮਾ



ਬੋਲੀ' ਨੂੰ ਅੰਤਰ ਰਾਸਟਰੀ ਪੱਧਰ ਤੱਕ ਲਿਜਾਣ ਵਾਲਿਆਂ ਸੰਗ ਮੂਹਰਲੀ ਕਤਾਰ ਵਿੱਚ ਆਵੇ।ਅਦੀਬ ਨੇ ਜਦੋ ਵੀ ਪਿੰਡ ਆਉਣਾ ਸਭ ਤੋ ਪਹਿਲਾ ਧਾਰਮਿਕ ਸਥਾਨ ਤੇ ਜਾਣਾ, ਫਿਰ ਪਰਿਵਾਰ ਨਾਲ ਸਮਾਂ ਬਿਤਾਉਣਾ ਤੇ ਬਾਅਦ ਵਿੱਚ ਆਪਣੇ ਸੰਗੀ ਸਾਥੀਆ ਭਾਵ ਯਾਰਾਂ ਦੋਸਤਾਂ ਨੂੰ ਮਿਲਣਾ, ਉਸ ਦੇ ਨਿਘੇ ਤੇ ਮਿਲਾਪੜੇ ਸੁਭਾਅ ਦਾ ਪ੍ਰਗਟਾਵਾ ਕਰਦਾ ਹੈ। ਭਾਵੇ ਛੋਟੇ ਹੁੰਦਿਆ ਤੋ ਹੀ ਅਦੀਬ ਨੇ ਆਪਣਾ ਬਚਪਨ ਭਗਤਾ ਭਾਈ ਕਾ ਪਿੰਡ ਚ ਹੀ ਗੁਜਾਰਿਆ, ਪਰ ਮਾਤਾ-ਪਿਤਾ ਦੇ ਦਿੱਤੇ ਸੰਸਕਾਰ ਅੱਜ ਬੁਲੰਦੀਆ ਤੇ ਪਹੁੰਚ ਕੇ ਵੀ ਅਦੀਬ ਦੀ ਸਖਸੀਅਤ ਵਿੱਚੋ ਸਾਫ ਝਲਕਦੇ ਹਨ।

ਸਾਫ ਸੁਥਰੀ ਗਾਇਕੀ ਨੂੰ ਪਸੰਦ ਕਰਨ ਵਾਲੇ ਅਦੀਬ ਦੇ ਸਾਰੇ ਗੀਤ ਹੀ ਸੁਪਰ-ਹਿਟ ਗਏ ਤੇ ਸਰੋਤਿਆ ਨੇ ਰੱਜਵਾ ਪਿਆਰ ਦਿੱਤਾ ਜਿਵੇ 'ਇਸਕਾ ਦੇ ਲੇਖੇ' 'ਆਹ ਚੱਕ ਛੱਲਾ' 'ਰੰਗ ਦੀ ਗੁਲਾਬੀ' 'ਚੇਤਾ ਤੇਰਾ' ਹੁਣ ਚੱਲ ਰਿਹਾ ਨਵਾਂ ਗੀਤ ਨਾਰਾ ਨੇ ਵੀ ਇੱਕ ਵੱਖਰਾ ਮੁਕਾਮ ਹਾਸਲ ਕਰ ਲਿਆ ਹੈ।

ਇੱਕ ਗੀਤ 'ਚੱਕ ਹਵਾ ਦਿਆ ਬੁਲਿਆ' ਭਲਵਾਨ ਸਿੰਘ ਮੁਵੀ ਵਿੱਚ ਵੀ ਗਾਇਆ ਹੈ।ਹਮੇਸਾ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਅਦੀਬ ਦਾ ਕੱਦ ਦਿਨੋ-ਦਿਨ ਉਚਾ ਹੋ ਰਿਹਾ ਹੈ। ਹੁਣ ਤਾਂ ਸਰੋਤੇ ਅਦੀਬ ਦੀ ਗਾਇਕੀ ਦੇ ਨਾਲ-ਨਾਲ ਉਸ ਨੂੰ ਪੰਜਾਬੀ ਫਿਲਮ ਵਿੱਚ ਹੀਰੋ ਬਣਿਆ ਵੀ ਵੇਖਣਾ ਚਾਹੁੰਦੇ ਹਨ।

'ਸੱਜਣ ਅਦੀਬ' ਦੇ ਜਨਮ ਦਿਨ ਤੇ ਉਸ ਦੇ ਪ੍ਰਸੰਸਕ ਇਹੀ ਦੁਆ ਕਰਦੇ ਹਨ ਕਿ ਸਾਡਾ ਸੱਜਣ ਅਦੀਬ ਨਿਤ ਨਵੀਆਂ ਮੰਜਿਲਾਂ ਸਰ ਕਰਦਾ ਜਾਵੇ।

# ਮਾਝੀ ਸਕੂਲ ਦੇ ਵਜ਼ੀਫਾ ਪ੍ਰਾਪਤ ਕਰਨ ਵਾਲੇ ਬੱਚਿਆਂ ਦਾ ਸਨਮਾਨ ਕੀਤਾ

ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਵਲੋਂ ਬਹੁਤ ਸਾਰੇ ਵਜ਼ੀਫੇ ਸਰਕਾਰੀ ਅਤੇ ਏਡਿਡ ਸਕੂਲਾਂ ਦੇ ਵਿਦਿਆਰਥੀਆਂ ਨੂੰ ਵੱਖ-ਵੱਖ ਸਕੀਮਾਂ ਅਧੀਨ ਦਿੱਤੇ ਜਾ ਰਹੇ ਹਨ।ਇਨ੍ਹਾਂ ਵਿੱਚੋਂ ਹੀ ਇੱਕ ਸਕੀਮ 'ਨੈਸ਼ਨਲ ਮੀਨਸ ਕਮ-ਮੈਰਿਟ ਸ਼ਕਾਲਰਸ਼ਿਪ ਸਕੀਮ' ਆਰਥਿਕ ਤੌਰ ਤੇ ਗਰੀਬ ਅਤੇ ਹੁਸ਼ਿਆਰ ਵਿਦਿਆਰਥੀਆਂ ਲਈ ਹੈ ਜਿਨ੍ਹਾਂ ਦੇ ਪਰਿਵਾਰ ਦੀ ਸਾਲਾਨਾ ਆਮਦਨ ਡੇਢ ਲੱਖ ਤੋਂ ਘੱਟ ਹੈ।ਇਸੇ ਸਕੀਮ ਅਧੀਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਝੀ (ਸੰਗਰੂਰ) ਦੇ ਪਿਛਲੇ ਸਾਲਾਂ ਦਾ ਰਿਕਾਰਡ ਤੋੜਦੇ ਹੋਏ ਅੱਠਵੀਂ ਦੇ ਛੇ ਵਿਦਿਆਰਥੀਆਂ ਨੇ ਨੈਸ਼ਨਲ ਮੀਨਸ ਕਮ-ਮੈਰਿਟ ਸ਼ਕਾਲਰਸ਼ਿਪ ਸਕੀਮ ਅਧੀਨ ਵਜ਼ੀਫਾ ਪ੍ਰਾਪਤ ਕਰਕੇ ਆਪਣੇ ਸਕੂਲ ਅਤੇ ਮਾਪਿਆਂ ਦਾ ਨਾਂ ਉੱਚਾ ਕੀਤਾ ਹੈ।ਇਹ ਵਜ਼ੀਫਾ ਨੌਵੀਂ ਸ਼੍ਰੇਣੀ ਤੋਂ ਲੈ ਕੇ ਬਾਰ੍ਹਵੀਂ ਸ਼੍ਰੇਣੀ ਤੱਕ 500 ਰੁ: ਪ੍ਰਤੀ ਮਹੀਨਾ ਦੇ ਹਿਸਾਬ ਨਾਲ ਪੰਜ ਸਾਲਾਂ ਲਈ 30000 ਰੁ: ਮਿਲਣਯੋਗ ਹੈ।ਇਸ ਤਰ੍ਹਾਂ ਬੱਚਿਆਂ ਨੂੰ ਉਚੇਰੀ ਪੜ੍ਹਾਈ ਲਈ ਮਦਦ ਮਿਲੇਗੀ।ਪਿੰਸੀਪਲ ਮੈਡਮ ਛਿੰਦਰਪਾਲ ਕੌਰ ਦੀ ਯੋਗ ਅਗਵਾਈ ਹੇਠ ਸਕੂਲ ਦੇ ਮਿਹਨਤੀ ਅਤੇ ਸਮਰਪਿਤ ਸੰਬੰਧਤ ਵਿਸ਼ਾ ਅਧਿਆਪਕਾਂ ਦੀ ਸਖ਼ਤ ਮਿਹਨਤ ਹੀ ਇਹ ਰੰਗ ਲਿਆਈ ਹੈ। ਵਜ਼ੀਫਾ ਪ੍ਰਾਪਤ ਕਰਨ ਵਾਲੇ ਅੱਠਵੀਂ ਸ਼੍ਰੇਣੀ ਪਾਸ ਕਰ ਚੁੱਕੇ ਵਿਦਿਆਰਥੀਆਂ ਗੁਰਵਿੰਦਰ ਸਿੰਘ,ਸੁਖਮਨਪ੍ਰੀਤ ਸਿੰਘ,ਸੁਮਨਪ੍ਰੀਤ ਕੌਰ, ਮਹਿਕਦੀਪ ਕੌਰ,ਗਗਨਦੀਪ ਕੌਰ ਅਤੇ ਰਿੰਪੀ ਕੌਰ ਨੂੰ ਸਵੇਰ ਦੀ ਸਭਾ ਵਿਚ ਸੰਸਥਾ ਦੇ ਮੁੱਖੀ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਛਿੰਦਰਪਾਲ ਕੌਰ ਅਤੇ ਸਮੂਹ ਸਟਾਫ ਵਲੋਂ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਪ੍ਰਿੰਸੀਪਲ ਮੈਡਮ ਸ਼੍ਰੀਮਤੀ ਛਿੰਦਰਪਾਲ ਕੌਰ ਨੇ ਇਸ ਮੌਕੇ ਆਪਣੇ ਅਧਿਆਪਕਾਂ ਦੀ ਕਰਾਈ ਸਖਤ ਮਿਹਨਤ ਤੇ ਤਸੱਲੀ ਪ੍ਰਗਟ ਕਰਦੇ ਹੋਏ ਉਨ੍ਹਾਂ ਨੂੰ ਅਤੇ ਬੱਚਿਆਂ ਨੂੰ ਐਨ.ਐਮ.ਐਮ.ਐਸ.ਵਜ਼ੀਫੇ ਦੇ ਇਸ ਸ਼ਾਨਦਾਰ ਨਤੀਜੇ ਲਈ ਵਧਾਈ ਦਿੱਤੀ। **-ਮੇਜਰ ਸਿੰਘ ਨਾਭਾ**



# ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ?

**(ਸਫਾ 6 ਦੀ ਬਾਕੀ)**

ਜਾਂਦਾ ਸੀ ਕਿ ਉਸ ਦੇ ਖ਼ੂਨ ਤੋਂ ਹੋਰ ਸ਼ਹੀਦ ਨਾਂ ਪੈਦਾ ਹੋ ਜਾਣ) ਸੋ ਇਸ ਤਰੀਕੇ ਨਾਲ 2 ਹਾੜ ਬਿਕਰਮੀ ਸੰਮਤ 1663 ਮੁਤਾਬਕ 30 ਮਈ ਸੰਨ 1606 (ਜੂਲੀਅਨ) ਦਿਨ ਸ਼ੁਕਰਵਾਰ ਨੂੰ, ਗੁਰੂ ਅਰਜਨ ਸਾਹਿਬ ਨੂੰ ਭਿਆਨਕ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਅੱਜ ਨਾਨਕਸ਼ਾਹੀ ਕੈਲੰਡਰ ਮੁਤਾਬਿਕ ਇਹ ਸ਼ਹੀਦੀ ਦਿਹਾੜਾ 2 ਹਾੜ (16 ਜੂਨ) ਨੂੰ ਵਿਦਵਾਨਾਂ ਵੱਲੋਂ ਪੱਕਾ ਕੀਤਾ ਗਿਆ ਅਤੇ ਹੁਣ ਸਿੱਖ ਕੌਮ ਹਰ ਸਾਲ 16 ਜੂਨ ਨੂੰ ਹੀ ਇਹ ਦਿਹਾੜਾ ਮਨਾਉਂਦੀ ਹੈ।

ਪ੍ਰਤੀਕਰਮ-ਜਿਸ ਦਾ ਪ੍ਰਤੀਕਰਮ ਇਹ ਹੋਇਆ ਕਿ ਛੇਵੇਂ ਗੁਰੂ ਹਰਗੋਬਿੰਦ ਜੀ ਨੇ ਗੁਰੂ-ਪਿਤਾ ਦੇ ਆਦੇਸ਼ ਤੇ ਚਲਦਿਆਂ ਅਕਾਲ ਤਖ਼ਤ ਦੀ ਰਚਨਾ ਕੀਤੀ, ਮੀਰੀ ਪੀਰੀ ਦੀਆਂ ਤਲਵਾਰਾਂ ਪਹਿਣ ਲਈਆਂ, ਦੂਰ-ਦੂਰ ਹੁਕਨਾਮੇ ਭੇਜ ਦਿੱਤੇ ਕਿ ਹੁਣ ਸਿੱਖ ਰਸਤਾਂ ਬਸਤਾਂ ਦੇ ਨਾਲ ਜਵਾਨੀਆਂ, ਸ਼ਸ਼ਤਰ, ਘੋੜੇ ਭੇਟ ਕਰਨ, ਸ਼ਸ਼ਤਰ ਵਿਦਿਆ ਦਾ ਅਭਿਆਸ ਕਰਨ ਅਤੇ ਸ਼ਿਕਾਰ ਖੇਡਣ। ਇਸ ਤਰ੍ਹਾਂ ਥੋੜੇ ਸਮੇਂ ਵਿੱਚ ਹੀ ਗੁਰੂ ਦੀ ਫੌਜ ਤਿਆਰ ਹੋ ਗਈ। ਗੁਰੂ ਜੀ ਨੇ ਜਾਲਮ ਹਕੂਮਤ ਨਾਲ ਚਾਰ ਜੰਗਾਂ ਲੜੀਆਂ ਜਿਨ੍ਹਾਂ ਵਿੱਚ ਸਰਕਾਰ ਨੂੰ ਕਰਾਰੀ ਹਾਰ ਹੋਈ। ਲੋਕ ਇਨਸਾਫ ਲਈ ਦਿੱਲੀ ਦਾ ਤਖ਼ਤ ਛੱਡ, ਅਕਾਲ ਤਖ਼ਤ ਪਰ ਗੁਰੂ ਦੀ ਸ਼ਰਣ ਆਉਣ ਲੱਗ ਪਏ। ਮੁਗਲੀਆਂ ਹਕੂਮਤ ਦੀਆਂ ਜੜਾਂ ਖੋਖਲੀਆਂ ਹੋ ਗਈਆਂ ਅਤੇ ਜਹਾਂਗੀਰ ਨੂੰ ਸੁਲਾਹ ਲਈ ਗੁਰੂ ਦੀ ਸ਼ਰਣ ਆਉਣਾ ਪਿਆ। ਸਿੱਖਾਂ ਦੇ ਸਤਵੇਂ, ਅਠਵੇਂ ਗੁਰੂ ਤੱਕ ਸ਼ਾਂਤੀ ਰਹੀ ਪਰ ਗੁਰੂ ਦਰਬਾਰ ਵਿੱਚ ਸਿੱਖ ਫੌਜ ਹਮੇਸ਼ਾਂ ਬਰਕਰਾਰ ਰਹੀ। ਨੌਵੇਂ ਗੁਰੂ ਨੇ ਵੀ ਧਰਮ ਦੀ ਖਾਤਰ ਮਜ਼ਲੂਮ ਦੀ ਰੱਖਿਆ ਲਈ ਆਪਾ ਕੁਰਬਾਨ ਕੀਤਾ। ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਖੰਡੇ ਦੀ ਪਹੁਲ ਦੇ ਕੇ ਖ਼ਾਲਸਾ ਫੌਜ ਦਾ ਲਕਬ ਦਿੱਤਾ, ਸਦਾ ਤਿਆਰ ਬਰ ਤਿਆਰ ਰਹਿਣ ਦਾ ਆਦੇਸ਼ ਦਿੱਤਾ। ਔਰੰਗਜ਼ੇਬ ਦੀ ਜ਼ਾਲਮ ਹਕੂਮਤ ਅਤੇ ਅਕਿਰਤਘਣ ਪਹਾੜੀ ਰਾਜਿਆਂ ਨਾਲ ੧੪ ਜੰਗਾਂ ਬੇਇਨਸਾਫੀ ਅਤੇ ਜ਼ੁਲਮ ਦੇ ਵਿਰੁੱਧ ਲੜੀਆਂ, ਜਿਸ ਦਾ ਫਲ ਬਾਬਾ ਬੰਦਾ ਸਿੰਘ ਬਹਾਦਰ ਨੇ ੮ ਸਾਲ ਰਾਜ ਕੀਤਾ।ਸਿੱਖ ਮਿਸਲਾਂ ਨੇ ਵੀ ਜ਼ਾਲਮ ਹਕੂਮਤ ਨੂੰ ਵਖਤ ਪਾਈ ਰੱਖਿਆ ਅਤੇ ਮਹਾਂਰਾਜਾ ਰਣਜੀਤ ਸਿੰਘ ਦੀ ਅਗਵਾਈ ਵਿੱਚ ੫੦ ਸਾਲ ਰਾਜ ਕੀਤਾ ਜੋ ਫੁੱਟ ਕਰਕੇ ਜਾਂਦਾ ਰਿਹਾ ਅਤੇ ਅੱਜ ਤੱਕ ਨਹੀਂ ਮਿਲਿਆ। ਗੁਰਦੁਆਰਿਆਂ ਤੇ ਮਹੰਤ ਕਾਬਜ਼ ਹੋ ਗਏ ਜੋ ਭਾਰੀ ਕੁਰਬਾਨੀਆਂ ਕਰਕੇ ਕੱਢਣੇ ਪਏ। ਸਿੰਘ ਸਭਾ ਲਹਿਰ ਪੈਦਾ ਹੋਈ ਸਿੱਖੀ ਦਾ ਪ੍ਰਚਾਰ ਹੋਇਆ ਪਰ ਇਨ੍ਹਾਂ ਕਰਮਕਾਂਡੀ ਮਹੰਤਾਂ ਦਾ ਅਸਰ ਖਤਮ ਨਹੀਂ ਗਿਆ।

ਜੂਨ ੮੪ ਦਾ ਘੱਲੂਘਾਰਾ-ਜੂਨ 1984 ਵਿੱਚ ਫਿਰ ਬਹਾਦਰ ਸਿੱਖ ਕੌਮ ਜਿਸ ਨੇ ਭਾਰਤ ਨੂੰ ਅਜ਼ਾਦ ਕਰਾਉਣ ਲਈ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਜਿਨ੍ਹਾਂ ਨੂੰ ਭੁਲਾ ਕੇ ਅਕ੍ਰਿਤਘਣਤਾ ਦਾ ਸਬੂਤ ਦਿੰਦੇ ਹੋਏ, ਪੰਚਮ ਪਾਤਸ਼ਾਹ ਦੇ ਸ਼ਹੀਦੀ ਪੁਰਬ ਤੇ ਇਕੱਤਰ ਹੋਈਆਂ ਹਜਾਰਾਂ ਸੰਗਤਾਂ ਸਮੇਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਭਾਰਤੀ ਹਕੂਮਤ ਨੇ ਹਮਲਾ ਕਰਕੇ, ਗੁਰੂਆਂ ਭਗਤਾਂ ਦੀਆਂ ਹੱਥ ਲਿਖਤਾਂ, ਗੁਰੂ ਗ੍ਰੰਥ ਸਾਹਿਬ ਦੀਆਂ ਪੁਰਾਤਨ ਬੀੜਾਂ, ਇਤਿਹਾਸਕ ਦਸਤਾਵੇਜ ਜੋ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚ ਸਾਂਭੇ ਪਏ ਸਨ, ਨੂੰ ਲੁੱਟਿਆ, ਸਾੜਿਆ ਅਤੇ ਖੁਰਦ-ਬੁਰਦ ਕੀਤਾ। ਨਿਹੱਥੇ ਸਿੱਖ ਆਗੂਆਂ ਅਤੇ ਸੰਗਤਾਂ ਨੂੰ ਦ੍ਰਿੰਦਗੀ ਦਾ ਨਾਚ ਨੱਚਦੇ ਹੋਏ ਰਫਲਾਂ ਦੀਆਂ ਗੋਲੀਆਂ ਅਤੇ ਤੋਪਾਂ ਦੇ ਗੋਲਿਆਂ ਨਾਲ ਭੁੰਨਿਆਂ। ਬਚ ਗਈਆਂ ਔਰਤਾਂ ਨਾਲ ਬਲਾਤਕਾਰ ਕੀਤੇ ਜਿਵੇਂ ਮਹੰਤ ਨਰੈਣੂ ਨੇ ਨਨਕਾਣਾ ਸਾਹਿਬ ਵਿਖੇ ਕੀਤੇ ਸਨ। ਉਧਰ ਬਾਬਾ ਜਰਨੈਲ ਸਿੰਘ, ਜਨਰਲ ਸ਼ੁਬੇਗ ਸਿੰਘ, ਬੱਬਰ ਖਾਲਸਾ ਅਤੇ ਹੋਰ ਪੰਥਕ ਜਥੇਬੰਦੀਆਂ ਦੀ ਕਮਾਨ ਹੇਠ, ਮੁੱਠੀ ਭਰ ਸਿੱਖਾਂ ਨੇ ਪੰਚਮ ਪਾਤਸ਼ਾਹ ਦੀ ਸ਼ਹੀਦੀ ਪਰੰਪਰਾ ਨੂੰ ਕਾਇਮ ਰੱਖਦੇ ਹੋਏ, ਮੁਕਾਬਲਾ ਕਰਕੇ ਦੱਸ ਦਿੱਤਾ ਕਿ ਅਜੇ ਸਾਡੇ ਵਿੱਚ ਸਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ, ਗੁਰੂ ਤੇਗ ਬਹਾਦਰ ਦੀ ਕੁਰਬਾਨੀ, ਸਾਹਿਬਜ਼ਾਦੇ, ਅਨੇਕਾਂ ਅਕੀਦਤਮੰਦ ਅਤੇ ਬਹਾਦਰ ਸਿੰਘ ਸਿੰਘਣੀਆਂ ਦੀ ਸ਼ਹੀਦੀ ਦੇ ਵਾਰਸ ਹੋਣ ਦਾ ਜ਼ਜਬਾ ਅਤੇ ਖ਼ੂਨ ਗਰਮ ਹੈ।

ਭਗਤਾਂ ਅਤੇ ਗੁਰੂਆਂ ਨੇ ਤਾਂ ਜ਼ੁਲਮ ਅੱਗੇ ਗੋਡੇ ਨਹੀਂ ਸਨ ਟੇਕੇ ਪਰ ਅੱਜ ਅਸੀਂ ਗੁਰੂ-ਹੁਕਮਾਂ ਨੂੰ ਛਿੱਕੇ ਟੰਗ ਡੇਰੇਦਾਰ ਸਾਧਾਂ-ਸੰਤਾਂ ਅੱਗੇ ਹੱਥ ਜੋੜੀ ਖੜੇ ਹਾਂ। ਖ਼ਾਲਸਾ ਪੰਥ ਨੂੰ ਕਈ ਸੰਪ੍ਰਦਾਵਾਂ ਵਿੱਚ ਵੰਡੀ ਬੈਠੇ ਹਾਂ ਜੋ ਆਏ ਦਿਨ ਸਾਨੂੰ ਲੁੱਟ ਕੇ, ਸਾਡਾ ਸ਼ੋਸ਼ਣ ਕਰ ਰਹੀਆਂ ਹਨ। ਗੁਰੂ ਅਰਜਨ ਸਾਹਿਬ ਦੀ ਸਭ ਤੋਂ ਵੱਡੀ ਦੇਣ ਸੰਸਾਰ ਵਾਸਤੇ ਭਗਤਾਂ ਅਤੇ ਗੁਰੂਆਂ ਦੀ ਬਾਣੀ ਦੀ ਸੰਪਾਦਨਾ ਹੈ ਜੋ ਸਾਇੰਟੇਫਿਕ ਰੱਬੀ ਗਿਆਨ ਦਾ ਸਰਬਸਾਂਝਾ ਭੰਡਾਰ ਹੈ। ਜਿਸ ਨੂੰ *ਪੋਥੀ ਪਰਮੇਸ਼ਰ ਕਾ ਥਾਨ* ਕਿਹਾ ਅਤੇ ਫਰਮਾਇਆ *ਗ੍ਰੰਥ ਰਿਦਾ ਗੁਰ ਕਾ ਇਹ ਜਾਨੋ ਊਤਮ ਹੈ ਸਰਬ ਸਮੇਂ ਸ੍ਰਬ ਥਾਂਨ ਰਹੈ ਹੈਂ* (ਸੂਰਜ ਪ੍ਰਕਾਸ਼) ਕਿਉਂਕਿ ਦੇਹ ਸਰੀਰ ਹਰ ਵੇਲੇ ਹਰ ਥਾਂ ਨਹੀਂ ਹੋ ਸਕਦੇ, ਜੋ ਬਿਨਸਣਹਾਰ ਹਨ। ਇਸ ਪੋਥੀ ਵਿੱਚ ਨੌਵੇਂ ਗੁਰੂ ਤੇਗ ਬਹਾਦਰ ਦੀ ਬਾਣੀ ਦਰਜ ਕਰਕੇ, ਦਸਵੇਂ ਪਾਤਸ਼ਾਹ ਨੇ ਗੁਰ-ਗੱਦੀ ਦੇ ਕੇ, ਗੁਰੂ ਗ੍ਰੰਥ ਸਾਹਿਬ ਕਹਿ ਸੀਸ ਨਿਵਾਇਆ ਅਤੇ ਹੁਕਮ ਕੀਤਾ-ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥ ਇਸ ਗੁਰੂ ਗ੍ਰੰਥ ਦੇ ਉਪਦੇਸ਼ ਸਰਬੱਤ ਦਾ ਭਲਾ ਮੰਗਦੇ ਹਨ-ਜਗਤੁ ਜਲੰਦਾ ਰਖਿ ਲੈ ਆਪਣੀ ਕ੍ਰਿਪਾ ਧਾਰਿ॥(੮੫੩) ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ..॥(੧੩੪੯) ਨਾ ਕੋ ਬੈਰੀ ਨਹੀਂ ਬਿਗਾਨਾ, ਸਗਲ ਸੰਗਿ ਹਮ ਕੋ ਬਨਿ ਆਈ॥(੧੨੯੯) ਵਿਦਿਆ ਵੀਚਾਰੀ ਤਾਂ ਪਰਉਪਕਾਰੀ॥(੩੫੬) ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥(੧੨੪੫) ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤੁ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ॥ (੧੧੦੫)

ਸੋ ਸੱਚ ਨਾਲ ਝੂਠ ਹਮੇਸ਼ਾਂ ਟਕਰਾਂਦਾ ਰਿਹਾ ਅਤੇ ਟਕਰਉਂਦਾ ਰਹੇਗਾ। ਓਦੋਂ ਮੁਗਲੀਆ ਹਕੂਮਤ ਸਿੱਖਾਂ ਨਾਲ ਟਕਰਾ ਰਹੀ ਸੀ, ਫਿਰ ਸਿੱਖ ਰਾਜ ਦੇ ਖਾਤਮੇ ਤੇ ਮਹੰਤਾਂ ਦੇ ਰੂਪ ਵਿੱਚ ਬ੍ਰਾਹਮਣ ਟਕਰਾਇਆ ਅਤੇ ਅੱਜ ਭੇਖਧਾਰੀ ਸਾਧ ਲਾਣਾ, ਸਿੱਖ ਸੰਸਥਾਵਾਂ ਵਿੱਚ ਘੁਸੜ ਅਤੇ ਹਕੂਮਤ ਦਾ ਵੋਟ ਬੈਂਕ ਬਣਕੇ ਟਕਰਾ ਰਿਹਾ ਹੈ। ਸਿੱਖਾਂ ਦੀ ਸਿਰਮੌਰ ਸੰਸਥਾ ਅਕਾਲ ਤਖਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਅਜ਼ਾਦ ਨਹੀਂ ਓਥੇ ਵੀ ਆਰ. ਐਸ. ਐਸ. ਦੀ ਪਿਛਲੱਗ ਭਾਜਪਾ ਦੀ ਪਿਉਂਦ ਵਾਲੇ ਬਾਦਲੀ ਬ੍ਰਾਹਮਣ ਕਾਬਜ ਹਨ। ਯਾਦ ਰੱਖੋ ਜੋ ਕੌਮਾਂ ਇੱਠੀਆਂ ਹੋ ਕੇ ਮੁਕਾਬਲਾ ਕਰਦੀਆਂ ਹਨ ਉਹ ਸਦਾ ਜੇਤੂ ਰਹਿੰਦੀਆਂ ਹਨ।

ਸੋ ਸਾਨੂੰ ਵੀ ਅੱਜ ਗੁਰੂ ਅਰਜਨ ਸਾਹਿਬ ਦੀ ਅਦੁੱਤੀ ਸ਼ਹਾਦਤ ਅਤੇ ਜੂਨ ੮੪ ਨੂੰ ਯਾਦ ਰੱਖਦੇ ਹੋਏ, ਆਪਣੇ ਸਾਰੇ ਮਤ-ਭੇਦ ਖ਼ਤਮ ਕਰਕੇ, ਖ਼ਾਲਸਾ ਪੰਥ ਵਿੱਚ ਸ਼ਾਮਲ ਹੋ ਜਾਣਾ ਚਾਹੀਦਾ ਹੈ। ਗੁਰਬਾਣੀ ਦੇ ਪਾਠ-ਕੀਰਤਨ ਠੇਕੇ ਤੇ ਕਰਾਉਣ ਦੀ ਬਜਾਏ ਆਪ ਸਮਝ ਕੇ ਕਰਨੇ, ਉਸ ਤੇ ਅਮਲ ਕਰਨਾ ਅਤੇ ਇਸ ਅਮੁੱਲ ਖਜ਼ਾਨੇ ਨੂੰ ਦੁਨੀਆਂ ਦੀ ਹਰੇਕ ਬੋਲੀ ਵਿੱਚ ਵੰਡਣ ਦੀ ਸੇਵਾ ਕਰਨੀ ਚਾਹੀਦੀ ਹੈ। ਇਹ ਹੀ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਅਤੇ ਸ਼ਹੀਦ ਸਿੰਘ-ਸਿੰਘਣੀਆਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

# ਭਾਰਤੀ ਲੋਕਾਂ ਨੂੰ ਸਮਾਜਿਕ ਸੁਧਾਰਾਂ ਦੀ ਕਿਉਂ ਲੋੜ ਪਈ



ਹਰਦੀਪ ਸਿੰਘ ਚੁੰਬਰ
+91-94636-01616

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਸਤਿਆਸੋਧਕ ਸਮਾਜ**

ਸਤਿਸ਼ੋਧਕ ਸਮਾਜ 24 ਸਤੰਬਰ 1873 ਨੂੰ ਭਾਰਤ ਵਿਚ ਪੂਨੇ ਵਿਚ ਜੋਤੀਰਓ ਫੂਲੇ ਦੁਆਰਾ ਸਥਾਪਿਤ ਕੀਤੀ ਇਹ ਇਕ ਸਮਾਜ ਸੁਧਾਰਕ ਸੰਸਥਾਸੀ। ਇਸ ਦਾ ਮਕਸਦ ਹਜਾਰਾਂ ਸਾਲਾਂ ਦੇ ਵੰਚਿਤਔਰਤਾਂ, ਸ਼ੂਦਰ ਅਤੇ ਦਲਿਤ ਸ਼ੋਸ਼ਤ ਅਤੇ ਜ਼ੁਲਮ ਦਾ ਸ਼ਿਕਾਰ ਸਮਾਜ ਨੂੰ ਪੜ੍ਹਉਣਾਂ ਵਿਸ਼ੇਸ਼ ਅਧਿਕਾਰ ਪ੍ਰਾਪਤ ਕਰਨ ਵਿਚ ਸਹਾਇਤਾ ਕਰਨਾਂ ਸੀ।

ਫੂਲੇ ਨੇ ਮਨੁੱਖੀ ਭਲਾਈ, ਖੁਸ਼ਹਾਲਤਾ, ਏਕਤਾ, ਬਰਾਬਰੀ ਅਤੇ ਅਸਾਨ ਧਾਰਮਿਕ ਅਸੂਲਾਂ ਅਤੇ ਰੀਤੀ ਰਿਵਾਜ ਦੇ ਆਦਰਸ਼ਾਂ ਨਾਲ ਸਤਿਆਸੋਧਕ ਸਮਾਜ ਦੀ ਸਥਾਪਨਾ ਕੀਤੀ। ਇਕ ਪੂਨੇ ਆਧਾਰਿਤ ਅਖਬਾਰ, ਦੀਨ ਬੰਧੂ, ਛਾਪਣਾ ਸੂਰੂ ਕੀਤਾ ਉਸਨੇ ਸਮਾਜ ਦੇ ਵਿਚਾਰਾਂ ਲਈ ਆਵਾਜ਼ ਪ੍ਰਦਾਨ ਕੀਤੀ।

ਇਸ ਦੀ ਮੈਂਬਰਸ਼ਿਪ ਵਿੱਚ ਸਮਾਜ ਦੇ ਮੁਸਲਮਾਨਾਂ, ਬ੍ਰਾਹਮਣਾਂ ਅਤੇ ਸਰਕਾਰੀ ਅਫਸਰਾਂ ਨੂੰ ਸ਼ਾਮਲ ਕੀਤਾ। ਹਾਲਾਂਕਿ, ਇਸ ਸੰਸਥਾ ਵਿਚ ਗੈਰ-ਬ੍ਰਾਹਮਣ ਜਾਤਾਂ ਦਾ ਵੱਧ ਪ੍ਰਭਾਵ ਸੀ। ਫੂਲੇ ਦੀ ਆਪਣੀ ਜਾਤੀ "ਮਾਲੀ" ਨੇ ਸੰਗਠਨ ਲਈ ਮੋਹਰੀ ਮੈਂਬਰਾਂ ਵਿਚੰ ਸਨ ਅਤੇ ਉਹਨਾਂ ਸਮਰਥਕਾਂ ਨੇ ਸੰਸਥਾ ਨੂੰ ਵਿੱਤੀ ਦੀ ਸਹਾਇਤਾ ਕੀਤੀ। ਸ਼ੂਦਰਾਂ ਅਤੇ ਅਛੂਤਾ ਲਈ ਕੋਈ ਵੀ ਰਾਜਨੀਤਕ ਅਧਿਕਾਰ ਪ੍ਰਾਪਤ ਕਰਨ ਦੀ ਉਨ੍ਹਾਂ ਦੀ ਉਮੀਦ ਦਾ ਕੋਈ ਸਵਾਲ ਨਹੀਂ ਸੀ ਕਿਉਂਕਿ ਉਨ੍ਹਾਂ ਕੋਲ ਉਨ੍ਹਾਂ ਦੇ ਪਿੱਛੇ ਕੋਈ ਤਾਕਤ ਜਾਂ ਸੰਸਥਾ ਨਹੀਂ ਸੀ। ਇਸ ਲਈ ਜੋਤੀਰਾਓ ਨੇ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਲਈ ਇੱਕ ਸੰਗਠਨ ਸਥਾਪਤ ਕਰਨ ਦਾ ਫੈਸਲਾ ਕੀਤਾ। ਇਸ ਅਨੁਸਾਰ ਜੋਤੀਰਾਵਾਂ ਨੇ 24 ਸਤੰਬਰ 1873 ਨੂੰ ਪੂਨਾ ਵਿਖੇ ਉਨ੍ਹਾਂ ਦੇ ਸਾਰੇ ਪ੍ਰਸ਼ੰਸਕ ਅਤੇ ਨਵੇਂ ਉਤਸਾਹਤ ਲੋਕਾਂ ਦੀ ਇਕ ਮੀਟਿੰਗ ਬੁਲਾਈ। ਮਹਾਰਾਸ਼ਟਰ ਦੇ ਕਈ ਮਹੱਤਵਪੂਰਨ ਕੇਂਦਰਾਂ ਤੋਂ ਤਕਰੀਬਨ 60 ਦੇ ਕਰੀਬ ਸਮਾਜ ਸੇਵਕ ਇਕੱਠੇ ਹੋਏ। ਜੋਤੀਰਾਓ ਨੇ ਇੱਕ ਸ਼ੁਰੂਆਤੀ ਭਾਸ਼ਣ ਦਿੱਤਾ ਅਤੇ ਅੰਦੋਲਨ ਦੇ ਮਾਰਗ-ਦਰਸ਼ਨ ਲਈ ਇਕ ਕੇਂਦਰੀ ਸੰਸਥਾ ਦੀ ਲੋੜ ਨੂੰ ਸਮਝਾਇਆ। ਕੁਝ ਚਰਚਾ ਅਤੇ ਕਈ ਹੋਰ ਭਾਸ਼ਣਾਂ ਤੋਂ ਬਾਅਦ, ਇਹ ਇਕ ਸੰਸਥਾ ਬਣਾਉਣ ਲਈ ਸਹਿਮਤ ਹੋ ਗਏ। ਜੋਤੀਰਾਓ ਨੇ ਇਸ ਸੰਸਥਾ ਨੂੰ ਸਤਿਅਸ਼ੋਧਕ ਸਮਾਜ ਦਾ ਨਾਂ ਦਿੱਤਾ ਹੈ।

ਜੋਤੀਰਾਓ ਨੂੰ ਸਤਿਆਸ਼ੋਧਕ ਸਮਾਜ ਦੇ ਪਹਿਲੇ ਪ੍ਰਧਾਨ ਅਤੇ ਖਜ਼ਾਨਚੀ ਚੁਣਿਆ ਗਿਆ ਸੀ ਅਤੇ ਨਾਰਾਇਣ ਰਾਓ ਗੋਵਿੰਦਰਾਓ ਕਡਾਲਕ ਨੂੰ ਇਸ ਦੇ ਪਹਿਲੇ ਸਕੱਤਰ ਵਜੋਂ ਚੁਣਿਆ ਗਿਆ ਸੀ। ਸਤਿਆਸ਼ੋਧਕ ਸਮਾਜ ਦੇ ਮੁੱਖ ਉਦੇਸ਼ ਸਨ;

1) ਸ਼ੂਦਰ ਅਤੇ ਅਤੀ-ਸ਼ੂਦਰ ਨੂੰ ਬ੍ਰਾਹਮਣੀ ਗ੍ਰੰਥਾਂ ਦੇ ਦੁਸ਼ਟ ਪ੍ਰਭਾਵ ਤੋਂ ਬਚਾਉਣਾਂ,ਜਿਸ ਦੇ ਤਹਿਤ ਬ੍ਰਾਹਮਣ ਪੁਜਾਰੀਆਂ ਦੇ ਜੁਲਮ, ਲੁੱਟ ਤੋਂ ਬਚਾਉਂਦੇ ਉਨ੍ਹਾਂ ਨੂੰ ਮਨੁੱਖੀ ਅਧਿਕਾਰਾਂ ਪ੍ਰਤੀ ਸੁਚੇਤ ਕਰਨਾ ਅਤੇ ਮਾਨਸਿਕ ਅਤੇ ਧਾਰਮਿਕ ਗੁਲਾਮੀ ਤੋਂ ਉਨ੍ਹਾਂ ਨੂੰ ਆਜ਼ਾਦ ਕਰਨ ਲਈ ਕਮਨ ਕਰਨਾ।

2) ਸਾਰੇ ਇਨਸਾਨ ਇੱਕੋ ਰੱਬ ਦੇ ਬੱਚੇ ਹਨ, ਜੋ ਇਸ ਤਰ੍ਹਾਂ ਉਹ ਉਹਨਾਂ ਸਭ ਦੇ ਪਿਤਾ ਹਨ ਦਾ ਪ੍ਰਚਾਰ ਕਰਨਾ।

3) ਸਮਝਾਉਣਾ ਕਿ ਮਾਂ ਜਾਂ ਪਿਉ ਦੀ ਪ੍ਰਾਰਥਨਾ ਕਰਨ ਲਈ ਕਿਸੇ ਵਿਚੋਲੇ ਦੀ ਲੋੜ ਨਹੀਂ ਹੁੰਦੀ ਜਿਵੇਂ ਕਿ ਪੁਜਾਰੀ ਜਾਂ ਵਿਚੋਲੇ ਰਾਹੀ ਰੱਬ ਅੱਗੇ ਅਰਦਾਸ ਕਰਨ ਦੀ ਲੋੜ ਨਹੀ।

ਸਤਿਆਸੋਧਕ ਸਮਾਜ ਦੇ ਮੈਂਬਰਾਂ ਨੂੰ ਖੰਡੇਰਾਓ ਦੇਵਤਾ ਦੇ ਨਾਂ ਤੇ ਸਹੁੰ ਚੁੱਕਣੀ ਪਈ ਅਤੇ ਬ੍ਰਿਟਿਸ਼ ਸ਼ਾਸਨ ਪ੍ਰਤੀ ਆਪਣੀ ਵਫ਼ਾਦਾਰੀ ਦਾ ਐਲਾਨ ਕਰਨਾ ਪਿਆ। ਸਮਾਜ ਦੀ ਮੈਂਬਰਸ਼ਿਪ ਮਹਾਰ, ਮੰਗਾਂ, ਯਹੂਦੀ ਅਤੇ ਮੁਸਲਮਾਨ ਸਮੇਤ ਸਾਰੀਆਂ ਜਾਤਾਂ ਦੀ ਪਹੁੰਚ ਤਕ ਵਧਾ ਦਿੱਤੀ ਗਈ ਸੀ। ਹਫ਼ਤਾਵਾਰੀ ਮੀਟਿੰਗਾਂ ਐਤਵਾਰ ਨੂੰ ਉਸ ਥਾਂ ਤੇ ਕੀਤੀਆਂ ਗਈਆਂ ਜਿੱਥੇ ਸਤਿਆਸ਼ੋਧਕ ਸਮਾਜ ਦੀਆਂ ਸ਼ਾਖਾਵਾਂ ਸਥਾਪਿਤ ਕੀਤੀਆਂ ਗਈਆਂ ਸਨ। ਜਿਨ੍ਹਾਂ ਵਿਸ਼ਿਆਂ 'ਤੇ ਚਰਚਾ ਕੀਤੀ ਗਈ ਉਹ ਸਨ:-

1) ਬਿਨਾ ਭੇਦਭਾਵ ਸੁਤੰਤਰ ਤੌਰ ਤੇ ਅਤੇ ਲਾਜ਼ਮੀ ਸਿੱਖਿਆ ਦੀ ਲੋੜ ਤੇ ਜੋਰ।

2) ਸਵਦੇਸ਼ੀ ਸਮਾਨ ਪ੍ਰਤੀ ਉਤਸ਼ਾਹ ਕਰਨਾਂ।

3) ਬ੍ਰਾਹਮਣ ਪੁਜਾਰੀ ਨੂੰ ਧਾਰਮਿਕ ਰਸ਼ਮਾਂ ਵਿਚੋ ਬਾਹਰ ਕਰਨਾ।

4) ਘੱਟੋ ਘੱਟ ਖਰਚਿਆਂ ਤੇ ਵਿਆਹ ਕਰਾਉਣ ਲਈ ਪ੍ਰਬੰਧ ਕਰਨਾ

5) ਜੋਤਸ਼-ਵਿੱਦਿਆ, ਭੂਤਾਂ ਪ੍ਰੇਤਾਂ ਦੇ ਵਿਸ਼ਵਾਸਾਂ ਤੋਂ ਮਨੁੱਖਾਂ ਨੂੰ ਆਜ਼ਾਦ ਕਰਨਾ।

6) ਮੁੱਖ ਹਮਲਾ ਜਾਤੀ ਪ੍ਰਣਾਲੀ ਖਤਮ ਕਰਨ ਅਤੇ ਮੂਰਤੀ ਪੂਜਾ ਉੱਤੇ ਸੀ।


7) ਪ੍ਰਮਾਤਮਾ ਸਭ ਦੇ ਪਿਤਾ ਅਤੇ ਮਨੁੱਖੀ ਭਾਈਚਾਰੇ ਦੇ ਸਿਧਾਂਤ 'ਤੇ ਜ਼ੋਰ ਦਿੱਤਾ ਗਿਆ।

**ਬ੍ਰਾਹਮਣਾਂ ਦਾ ਪ੍ਰਤੀਕਰਮ**

ਬ੍ਰਾਹਮਣ, ਆਪਣੇ ਮੁਢਲੇ ਪੜਾਅ ਵਿੱਚ ਇਸ ਅੰਦੋਲਨ ਨੂੰ ਤਬਾਹ ਕਰਨਾ ਚਾਹੁੰਦੇ ਸਨ, ਸਤਿਆਸ਼ੋਧਕ ਸਮਾਜ ਦੇ ਵਿਰੁੱਧ ਆਪਣੇ ਵਿਚਾਰਾਂ ਦਾ ਪ੍ਰਸਾਰ ਕਰਨ ਲੱਗੇ। ਉਨ੍ਹਾਂ ਨੇ ਪਿੰਡ ਵਾਸੀਆਂ 'ਤੇ ਦਬਾਅ ਪਾਇਆ ਕਿ ਉਹ ਸਤਿਆਸ਼ੋਧਕ ਸਮਾਜ ਦੇ ਮੈਂਬਰ ਨਾ ਬਣਨ। ਜਿਹੜੇ ਮੈਂਬਰ ਬਣ ਗਏ ਉਹਨਾਂ ਨੂੰ ਪਰੇਸ਼ਾਨ ਕੀਤਾ ਗਿਆ ਅਤੇ ਉਨ੍ਹਾਂ ਵਿਚੋਂ ਕੁਝ ਨੂੰ ਸਰਕਾਰੀ ਨੌਕਰੀਆਂ ਵਿਚ ਆਪਣੀ ਨੌਕਰੀ ਤੋਂ ਹੱਥ ਧੋ ਬੈਠੇ, ਕਿਉਂਕਿ ਬ੍ਰਾਹਮਣ ਸਰਕਾਰੀ ਨੌਕਰ ਉਹਨਾਂ ਦੇ ਸਰਕਾਰੀ ਸੁਪਰਵਾਈਜਰੀ ਦਾ ਕੰਮ ਕਰਦੇ ਸਨ। ਸਤਿਆਸ਼ੋਧਕ ਸਮਾਜ ਦੇ ਸਕੱਤਰ ਨਾਰਾਇਣ ਕਡਾਲਕਰ ਨੂੰ ਵੀ ਦੂਰ ਮਹਾਂਬਲੇਸ਼ਵਰ ਵਿਖੇ ਤਬਦੀਲ ਕੀਤਾ ਗਿਆ ਸੀ। ਸ਼ੂਦਰਾਂ ਨੂੰ ਇਹ ਵੀ ਦੱਸਿਆ ਗਿਆ ਸੀ ਕਿ ਜੇਕਰ ਉਹ ਬ੍ਰਾਹਮਣਾਂ ਤੋਂ ਬਿਨਾਂ ਆਪਣੀ ਸਮਾਜਿਕ ਸੰਸਥਾ ਵਿਚ ਕੰਮ ਕਰਨਗੇ ਤਾਂ ਉਨ੍ਹਾਂ ਦੇ ਪਰਿਵਾਰ ਉਤੇ ਪ੍ਰਕੋਪ ਆ ਜਾਵੇਗਾ ਅਤੇ ਖ਼ਤਮ ਹੋ ਜਾਣਗੇ ਜਾਂ ਬ੍ਰਾਹਮਣ ਉਨ੍ਹਾਂ ਦੇ ਦੇਵਤਿਆਂ ਦੇ ਸਰਾਪਾਂ ਕਾਰਨ ਮਰ ਦੇਣਗੇ।

ਕੁਝ ਬ੍ਰਾਹਮਣਾਂ ਨੇ ਵੱਖਰੇ ਸਮਾਜ ਸ਼ੁਰੂ ਕਰ ਦਿੱਤਾ। 1882 ਵਿਚ, ਸਤਿਆਸ਼ੋਧਕ ਸਮਾਜ ਦਾ ਮੁਕਾਬਲਾ ਕਰਨ ਲਈ ਆਰਿਆ ਸਮਾਜ ਦੀ ਸਥਾਪਨਾ ਕੀਤੀ ਗਈ। ਸਤਿਆਸ਼ੋਧਕ ਸਮਾਜ ਦੀਆਂ ਗਤੀਵਿਧੀਆਂ ਦੇ ਉਲਟ ਇਸ ਸਮਿਆਂ ਦੌਰਾਨ ਹੋਰ ਸਮਾਜ ਜਿਵੇਂ ਬ੍ਰਹਮੋ ਸਮਾਜ, ਪ੍ਰਾਰਥਨਾ ਸਮਾਜ ਦੀ ਸਥਾਪਨਾ ਕੀਤੀ ਗਈ। ਭਾਵੇਂ ਬ੍ਰਾਹਮੋ ਸਮਾਜ ਦਾ ਮੰਨਣਾ ਸੀ ਕਿ ਸਾਰੇ ਪੁਰਸ਼ ਇੱਕ ਪਰਮਾਤਮਾ ਦੇ ਬੱਚੇ ਸਨ, ਕੇਵਲ ਬ੍ਰਾਹਮਣਾਂ ਨੂੰ ਪੁਜਾਰੀਆਂ ਵਜੋਂ ਮਾਨਤਾ ਪ੍ਰਦਾਨ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ ਅਤੇ ਬ੍ਰਹਮੋ ਸਮਾਜ ਮੀਟਿੰਗਾਂ ਵਿੱਚ ਹਿੱਸਾ ਲਿਆ ਗਿਆ ਸੀ। ਇਹ ਕਿਹਾ ਗਿਆ ਕਿ ਬ੍ਰਹਮੋ ਸਮਾਜ ਨੂੰ ਪਵਿੱਤਰ ਰੱਖਣ ਦੀ ਖਾਸ ਹਦਾਇਤ ਸੀ ਅਤੇ ਹੁਕਮ ਸੀ ਕਿ ਗੈਰ-ਬ੍ਰਾਹਮਣਾਂ ਦੁਆਰਾ ਇਸ ਨੂੰ ਦੂਸ਼ਿਤ ਨਹੀਂ ਕੀਤਾ ਜਾਣਾ ਚਾਹੀਦਾ।

ਇਹ ਤਬਾਹਕੁਨ ਆਲੋਚਨਾ ਹਿੰਦੂ ਧਰਮ ਵਿੱਚ ਸਭ ਤੋਂ ਵੱਧ ਜਾਇਜ਼ ਹੈ, ਕਿਉਂਕਿ ਇੱਥੇ ਚਲਾਕ ਬ੍ਰਾਹਮਣਾਂ ਨੇ ਧਰਮ ਦੇ ਰੂਪ ਵਿੱਚ ਆਪਣੇ ਕਿਸਾਨ ਸ਼ਰਧਾਲੂਆਂ ਦੇ ਮਨਾਂ ਵਿਚ ਬ੍ਰਾਹਮਣਾ ਪ੍ਰਤੀ ਸਵਾਰਥੀ ਹਿੱਤਾਂ ਨੂੰ ਭਰਿਆ ਹੋਇਆ ਸੀ। , ਬ੍ਰਾਹਮਣਾਂ ਨੇ ਧਰਮ ਆਧਾਰਿਤ ਜਾਤੀ ਪ੍ਰਣਾਲੀ ਵਿਚੋਂ ਸ਼ੂਦਰਾਂ ਲਈ ਆਪਣੀ ਨਫ਼ਰਤ ਦੀ ਸਥਾਪਨਾ ਕਰਕੇ ਸ਼ੂਦਰਾਂ ਦੇ ਮੁੜ ਜੀਵਿਤ ਹੋਣ ਤੋਂ ਰੋਕਿਆ ਅਤੇ ਪਵਿੱਤਰਤਾ ਨੂੰ ਜਗਾਇਆ।ਇਸ ਡਰ ਤੋਂ ਕਿ ਕੁਝ ਦਿਨਾਂ ਵਿਚ ਫਿਰ ਤੋਂ ਸ਼ੂਦਰ ਦੁਬਾਰਾ ਬ੍ਰਾਹਮਣ ਦੀ ਸਰਬਉਚਤਾ ਨੂੰ ਚੁਣੌਤੀ ਦੇਣਗੇ, ਉਨ੍ਹਾਂ ਨੇ ਸ਼ੂਦਰਾਂ ਨੂੰ ਪੂਰਨ ਤੌਰ ਤੇ ਸਿੱਖਿਆ ਦੇਣ 'ਤੇ ਪਾਬੰਦੀ ਲਗਾਈ। ਹੇਠਲੀਆਂ ਜਾਤਾਂ ਦੀ ਸਿੱਖਿਆ 'ਤੇ ਪਾਬੰਦੀ ਕਾਰਨ ਅਨਪੜ੍ਹ ਔਰਤਾਂ ਅਤੇ ਸ਼ੂਦਰਾਂ ਨੇ ਆਪਣੇ ਤਰਕ ਦੀ ਸ਼ਕਤੀ ਨੂੰ ਖੋਰਾ ਲਾਇਆ ਅਤੇ ਹਰੀਵਿਜੈ ਦੀਆਂ ਵਿਅਰਥ ਕਹਾਣੀਆਂ ਵਿੱਚ ਵਿਸ਼ਵਾਸ ਰਖਣ ਲਈ ਕਿਹਾ, ਆਦਿ, ਅਤੇ ਤੀਰਥ ਯਾਤਰਾ ਦੇ ਬਾਅਦ, ਸਤਿਆਨਰਾਇਣ ਦੀ ਪੂਜਾ ਲਈ ਜਿਹਾ ਅਤੇ ਹਰ ਰੋਜ਼ ਪ੍ਰਮਾਤਮਾ ਦਾ ਨਾਮ ਲੱਖ ਵਾਰ ਲੈਣ ਉਸ ਦੇ ਹੀ ਜਸ਼ਨ ਮਨਾਉਣ ਲਈ ਕਿਹਾ।




**ਸਤਿਆਸ਼ੋਧਕ ਸਮਾਜ ਦੇ ਕੰਮ**

ਸੰਸਥਾ ਦਾ ਮੁੱਖ ਉਦੇਸ਼ ਸ਼ੂਦਰਾਂ ਅਤੇ ਅਤੀ ਸੂਦਰਾਂ ਨੂੰ ਵਹਿਮਾਂ ਭਰਮਾਂ, ਆਰਥਿਕ ਅਤੇ ਸਮਾਜਿਕ ਗੁਲਾਮੀ ਤੋਂ ਆਜ਼ਾਦ ਕਰਨਾ ਸੀ ਅਤੇ ਬ੍ਰਾਹਮਣਾਂ ਵਰਗੇ ਉੱਚ ਜਾਤੀਆਂ ਦੁਆਰਾ ਉਹਨਾਂ ਦੇ ਸ਼ੋਸ਼ਣ ਨੂੰ ਰੋਕਣਾ ਸੀ। ਜੋਤੀਰਾਓ ਨੇ ਇਸ ਸਤਿਆਸ਼ੋਧਕ ਸਮਾਜ ਜੇ ਮਾਧਿਮ ਦੁਆਰਾ, ਵੇਦ ਨੂੰ ਪਵਿੱਤਰ ਮੰਨਣ ਤੋਂ ਇਨਕਾਰ ਕਰਮ ਦਾ ਪ੍ਰਚਾਰ ਕਰ ਦਿੱਤਾ। ਉਸਨੇ ਮੂਰਤੀ-ਪੂਜਾ ਦਾ ਵਿਰੋਧ ਕੀਤਾ ਅਤੇ ਚਤੁਰਵਰਤਨ ਪ੍ਰਣਾਲੀ (ਜਾਤ ਪ੍ਰਣਾਲੀ) ਦੀ ਨਿੰਦਾ ਕੀਤੀ। ਸਤਿਆਧਕ ਸਮਾਜ ਨੇ ਤਰਕਸ਼ੀਲ ਸੋਚ ਦੇ ਪ੍ਰਸਾਰ ਦੀ ਪ੍ਰਸੰਸਾ ਕੀਤੀ ਅਤੇ ਇੱਕ ਬ੍ਰਾਹਮਣ ਪੁਜਾਰੀ ਵਰਗ ਦੇ ਵਿਦਿਅਕ ਅਤੇ ਧਾਰਮਿਕ ਆਗੂਆਂ ਵਜੋਂ ਲੋੜ ਨੂੰ ਰੱਦ ਕਰ ਦਿੱਤਾ। ਉਸਨੇ ਬੇਈਮਾਨ ਰੀਤੀ ਰਿਵਾਜ ਅਤੇ ਪ੍ਰਮੇਸ਼ਵਰ ਅਤੇ ਵਿਅਕਤੀ ਵਿਚਕਾਰ ਕਿਸੇ ਵਿਚੋਲੇ ਦਾ ਜ਼ੋਰਦਾਰ ਵਿਰੋਧ ਕੀਤਾ। ਸਤਿਆਸ਼ੋਧਕ ਸਮਾਜ ਦਾ ਵਿਸ਼ਵਾਸ ਸੀ ਕਿ ਜਾਤ ਪ੍ਰਣਾਲੀ ਵਿਚ ਅਤੇ ਨਾ ਹੀ ਸਮਾਜ ਦੇ ਮੁਢਲੇ ਚਾਰ ਵਰਣ ਸਿਸ਼ਟਮ ਨੂੰ ਖਾਰਜ ਕੀਤਾ ਅਤੇ ਪ੍ਰਮੁੱਖ ਬੁੱਧੀਜੀਵੀਆਂ ਦਾ ਵਰਣ ਵਿਵਸਥਾ ਵਿਰੋਧੀ ਸਨ। ਉਨ੍ਹਾਂ ਦੇ ਦਾਰਸ਼ਨਿਕ ਸਧਾਰਨ ਅਤੇ ਇਮਾਨਦਾਰ ਕਿਸਾਨ ਸਨ। ਉਨ੍ਹਾਂ ਦੀ ਭਾਸ਼ਾ ਲੋਕਾਂ ਦੀ ਭਾਸ਼ਾ ਸੀ, ਉਨ੍ਹਾਂ ਦੇ ਪ੍ਰਚਾਰ ਦੇ ਸਥਾਨ ਜੰਤਕ ਸਥਾਨ, ਕੰਮ ਕਾਰ ਕਰਨ ਵਾਲੀਆਂ ਥਾਵਾਂ ਸਨ।

ਸਤਿਆਸ਼ੋਧਕ ਸਮਾਜ ਨੇ ਤਰਕਸ਼ੀਲ ਸੋਚ ਦੇ ਪ੍ਰਸਾਰ ਦੀ ਪ੍ਰਸੰਸਾ ਕੀਤੀ ਅਤੇ ਬ੍ਰਾਹਮਣ ਪੁਜਾਰੀ ਵਰਗ ਦੇ ਵਿਦਿਅਕ ਅਤੇ ਧਾਰਮਿਕ ਆਗੂਆਂ ਵਜੋਂ ਲੋੜ ਨੂੰ ਰੱਦ ਕਰ ਦਿੱਤਾ। ਜਾਤੀ ਜ਼ੁਲਮਾਂ ਨੂੰਸਮਝਾਉਣਦੀਕੋਸ਼ਿਸ਼ਵਿਚਫੂਲਲੇ ਨੇ ਆਰੀਆਂਵਿਤਕਰੇਵਾਦੀ ਥਿਊਰੀ ਨੂੰ ਉਲਟਾ ਦਿੱਤਾ। ਬ੍ਰਾਹਮਣ ਬੇਰਹਿਮ ਅਤੇ ਹਿੰਸਕ ਹਮਲਾਵਰ ਸਨ ਜਿਨ੍ਹਾਂ ਨੇ ਇੱਕ ਅਮੀਰ ਅਤੇ ਸਮਾਨਤਾਵਾਦੀ ਸਮਾਜ ਨੂੰ ਉਲਟਾ ਦਿੱਤਾ ਸੀ। ਬ੍ਰਾਹਮਣ ਰਾਜ, ਰਾਜ ਦੀ ਸ਼ਕਤੀ ਅਤੇ ਧਾਰਮਿਕ ਭਾਈਚਾਰੇ ਦੀ ਸਹਾਇਤਾ ਨਾਲ, ਹੇਠਲੇ ਜਾਤੀ ਦੇ ਆਦਿਵਾਸੀ, ਅਛੂਤ ਅਤੇ ਸ਼ੂਦਰਾਂ ਲਈ ਜੁਰਮ ਅਤੇ ਗੁਲਾਮੀ ਦਾ ਮੂਲ ਕਾਰਨ ਸਮਝਾਇਆ।

ਜੋਤੀਰਾਓ ਦਾ ਪੱਕਾ ਵਿਸ਼ਵਾਸ ਸੀ ਕਿ ਜੇਕਰ ਤੁਸੀਂ ਆਜ਼ਾਦੀ, ਸਮਾਨਤਾ, ਭਾਈਚਾਰੇ, ਮਨੁੱਖੀ ਮਾਣ, ਆਰਥਿਕ ਬਰਾਬਰੀ, ਨਿਆਂ ਅਤੇ ਸ਼ੋਸ਼ਣ ਤੋਂ ਰਹਿਤ ਮੁੱਲ 'ਤੇ ਆਧਾਰਿਤ ਇਕ ਨਵੀਂ ਸਮਾਜਿਕ ਪ੍ਰਣਾਲੀ ਬਣਾਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਪੁਰਾਣੇ, ਅਸਮਾਨਤਾ ਅਤੇ ਸ਼ੋਸ਼ਣ ਵਾਲੀ ਸੋਸ਼ਲ ਪ੍ਰਣਾਲੀ ਨੂੰ ਖ਼ਤਮ ਕਰਨਾ ਹੋਵੇਗਾ। ਇਸ ਤਰਾਂ ਚੰਗੀ ਜਾਣਕਾਰੀ ਦੇ ਕੇ, ਜੋਤੀਬਾ ਫੂਲੇ ਨੇ ਧਾਰਮਿਕ ਵਿਸ਼ਵਾਸਾਂ ਅਤੇ ਅਖੌਤੀ ਦੇਵਤਿਆਂ ਦੇ ਸ਼ਬਦਾਂ ਵਿਚ ਵਿਸ਼ਵਾਸ ਦੇ ਅੰਧਵਿਸ਼ਵਾਸ ਉਤੇ ਹਮਲਾ ਕੀਤਾ। ਉਸ ਨੇ ਗੁੰਮਰਾਹਕਸ਼ੀ ਕਰਨ ਵਾਲੀਆਂ ਮਿੱਥਾਂ,ਕਿਸਮਤ, ਜੋਤਸ਼-ਵਿਹਾਰ ਅਤੇ ਹੋਰ ਅਜਿਹੀਆਂ ਰਸਮਾਂ, ਪਵਿੱਤਰਤਾ, ਈਸ਼ਵਰ-ਪੁਰਸ਼, ਆਦਿ ਨੂੰ ਖੰਡ ਖੰਡ ਕਰ ਦਿਤਾ ਜੋ ਔਰਤਾਂ, ਸ਼ੂਦਰ ਅਤੇ ਅਛੂਤਾਂ ਦੇ ਦਿਮਾਗ ਨੂੰ ਬਰਬਾਦ ਕਰ, ਗੁਲਾਮ ਬਣਾ, ਰਾਜ ਕਰ ਰਹੇ ਸਨ।

ਉਸਨੇ ਆਰਥਿਕ ਅਤੇ ਸਮਾਜਿਕ ਰੁਕਾਵਟਾਂ ਨੂੰ ਦੂਰ ਕਰਨ ਲਈ ਅਗਾਂਹਵਧੂ ਮੁਹਿੰਮ ਵਿਤ ਸਮਾਂ ਲਗਾਇਆ ਜੋ ਔਰਤਾਂ, ਸ਼ੂਦਰ ਅਤੇ ਅਤਿ-ਸ਼ੁਦਰਾਂ ਵਿਚ ਅੰਧਵਿਸ਼ਵਾਸਾਂ ਨੂੰ ਪੈਦਾ ਕਰਦੇ ਹਨ। ਉਸ ਨੇ ਕਿਹਾ ਕਿ ਸਾਰੀਆਂ ਮੁਸੀਬਤਾਂ ਦੀ ਜੜ੍ਹ ਅੰਧਵਿਸ਼ਵਾਸ ਸੀ ਕਿ ਧਾਰਮਿਕ ਕਿਤਾਬਾਂ ਰੱਬ ਦੁਆਰਾ ਬਣਾਈਆਂ ਜਾਂਦੀਆਂ ਸਨ। ਇਸ ਲਈ, ਫੂਲੇ ਪਹਿਲੀ ਸਥਿਤੀ ਵਿਚ ਇਸ ਅੰਧਵਿਸ਼ਵਾਸ ਨੂੰ ਖਤਮ ਕਰਨਾ ਚਾਹੁੰਦਾ ਸੀ। ਸਾਰੇ ਸਥਾਪਤ ਧਾਰਮਿਕ ਅਤੇ ਪਾਦਰੀ ਵਰਗ ਇਸ ਅੰਧ ਵਿਸ਼ਵਾਸ ਨੂੰ ਆਪਣੇ ਉਦੇਸ਼ਾਂ ਲਈ ਉਪਯੋਗੀ ਮੰਨਦੇ ਹਨ ਅਤੇ ਉਹ ਇਸਦਾ ਬਚਾਅ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕਰਦੇ ਹਨ। ਉਹ ਸਵਾਲ ਕਰਦਾ ਹੈ ਕਿ ਕੀ ਕੇਵਲ ਇੱਕੋ ਹੀ ਪਰਮਾਤਮਾ ਹੈ, ਜਿਸ ਨੇ ਸਾਰੀ ਮਨੁੱਖਜਾਤੀ ਨੂੰ ਰਚਿਆ ਹੈ, ਉਸ ਨੇ ਸਾਰੀ ਮਨੁੱਖਤਾ ਦੀ ਭਲਾਈ ਲਈ ਚਿੰਤਤ ਹੋਣ ਦੇ ਬਾਵਜੂਦ ਉਹ ਵੇਦਾਂ ਨੂੰ ਸੰਸਕ੍ਰਿਤ ਭਾਸ਼ਾ ਵਿੱਚ ਕਿਉਂ ਲਿਖਿਆ? ਕੀ ਉਹ ਹੋਰ ਭਾਸ਼ਾ ਨੂੰ ਸਮਝਦੇ ਨਹੀਂ ਹਨ? ਫੂਲੇ ਨੇ ਸਿੱਟਾ ਕੱਢਿਆ ਕਿ ਇਹ ਕਹਿਣਾ ਅਸੰਗਤ ਹੈ ਕਿ ਧਾਰਮਿਕ ਗ੍ਰੰਥਾਂ ਨੂੰ ਪਰਮਾਤਮਾ ਦੁਆਰਾ ਬਣਾਇਆ ਗਿਆ ਸੀ। ਵਿਸ਼ਵਾਸ ਕਰਨ ਲਈ, ਕੇਵਲ ਅਗਿਆਨਤਾ ਅਤੇ ਪੱਖਪਾਤ ਹੀ ਹੈ। ਸਾਰੇ ਧਰਮ ਅਤੇ ਉਹਨਾਂ ਦੇ ਧਾਰਮਿਕ ਗ੍ਰੰਥ ਮਨੁੱਖ ਦੁਆਰਾ ਬਣਾਏ ਗਏ ਹਨ ਅਤੇ ਉਹ ਅਜਿਹੇ ਵਰਗਾਂ ਦੇ ਸੁਆਰਥੀ ਹਿੱਤਾਂ ਦੀ ਪ੍ਰਤੀਨਿਧਤਾ ਕਰਦੇ ਹਨ, ਜੋ ਅਜਿਹੀਆਂ ਕਿਤਾਬਾਂ ਦੇ ਨਿਰਮਾਣ ਦੁਆਰਾ ਆਪਣੇ ਸੁਆਰਥੀਪਣ ਨੂੰ ਅੱਗੇ ਵਧਾਉਣ ਅਤੇ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਫੂਲੇ ਆਪਣੇ ਸਮੇਂ ਦੇ ਇਕੋ-ਇਕ ਸਮਾਜ ਸ਼ਾਸਤਰੀ ਅਤੇ ਮਨੁੱਖਤਾਵਾਦੀ ਸਨ ਜੋ ਅਜਿਹੇ ਦਲੇਰ ਵਿਚਾਰਾਂ ਨੂੰ ਸਾਹਮਣੇ ਲਿਆ ਸਕਦੇ ਸਨ। ਉਸ ਦੇ ਵਿਚਾਰ ਅਨੁਸਾਰ ਹਰ ਧਾਰਮਿਕ ਕਿਤਾਬ ਆਪਣੇ ਸਮੇਂ ਦਾ ਇਕ ਉਤਪਾਦ ਹੈ ਅਤੇ ਇਸ ਵਿਚ ਸ਼ਾਮਲ ਸੱਚਾਈਆਂ ਕੋਲ ਕੋਈ ਸਥਾਈ ਅਤੇ ਵਿਆਪਕ ਪ੍ਰਮਾਣਤਾ ਨਹੀਂ ਹੈ।ਇਹ ਪਾਠ ਪੱਖਪਾਤੀ ਹਨ ਅਤੇਅਜਿਹੀਆਂ ਕਿਤਾਬਾਂ ਦੇ ਲੇਖਕਖ਼ੁਦਗਰਜ਼ੀ ਤੋਂ ਮੁਕਤ ਨਹੀਂ ਹੋ ਸਕਦੇ। ਆਪਣੀਆਂ ਲਿਖਤਾਂ ਅਤੇ ਗਤੀਵਿਧੀਆਂ ਰਾਹੀਂ, ਮਹਾਤਮਾ ਫੂਲੇ ਨੇ ਹਮੇਸ਼ਾਂ ਬ੍ਰਾਹਮਣਵਾਦ ਦੀ ਨਿਖੇਧੀ ਕੀਤੀ ਅਤੇ ਇਸ ਵਿਚ ਉੱਚ ਵਰਗ ਦੇ ਵਿਸ਼ੇਸ਼ ਅਧਿਕਾਰਾਂ ਦੀ ਨਿੰਦਾ ਕੀਤੀ।

ਉਹ ਲਿੰਗ ਸਮਾਨਤਾ ਦੀ ਵਕਾਲਤ ਕਰਦੇ ਹਨ, ਵਰਣ ਵਿਵਸਥਾ ਵਾਲੀ ਅਖੌਤੀਉੱਚ ਵਰਗ ਦੀ ਉੱਤਮਤਾ ਦਾ ਵਿਰੋਧ ਕਰਦਾ ਹੈ ਅਤੇ ਈਮਾਨਦਾਰੀ ਅਤੇ ਸੱਚੀ ਜ਼ਮੀਰ ਦੇ ਵਿਹਾਰ ਦਾ ਪ੍ਰਚਾਰ ਕਰਦੇ ਹਨ। ਕੋਈ ਹੋਰ ਸੰਸਾਰ ਨਹੀਂ ਹੈ ਅਤੇ ਇਸ ਜੀਵਨ ਦੇ ਬਾਅਦ ਜਨਮ ਦਾ ਕੋਈ ਚੱਕਰ ਨਹੀਂ ਹੈ। ਮਨੁੱਖ ਨੂੰ ਆਪਣੀ ਤਰਕਸ਼ੀਲ ਸੋਚ ਦੀ ਵਰਤੋਂ ਨਾਲ ਜੀਵਨ ਦੇ ਪਾਰ ਜਾਣ ਦੀ ਲੋੜ ਹੈ।

ਫੂਲੇ ਨੇ ਗਲ਼-ਸੜ ਚੁੱਕੇ ਸਮਾਜਿਕ ਢਾਂਚੇ ਨੂੰ ਢਾਹੁਣ ਵਿੱਚ ਵਿਸ਼ਵਾਸ ਕੀਤਾ, ਇਹ ਮਨੁੱਖਾਂ ਦਾ ਸ਼ੋਸ਼ਣ ਖਤਮ ਕਰਨ ਲਈ ਉਨ੍ਹਾਂ ਦੀ ਰਣਨੀਤੀ ਸੀ। ਸਿਰਫ ਸਲਾਹ, ਸਿੱਖਿਆ ਅਤੇ ਜੀਵਣ ਦੇ ਵਿਕਲਪਕ ਤਰੀਕੇ ਕਾਫ਼ੀ ਨਹੀਂ ਹਨ, ਜਦੋਂ ਤੱਕ ਕਿ ਸ਼ੋਸ਼ਣ ਦਾ ਆਰਥਿਕ ਢਾਂਚਾ ਖਤਮ ਨਹੀਂ ਹੋ ਜਾਂਦਾ, ਨਿਰੰਤਰ ਕੰਮ ਕਰਨਾ ਪਵੇਗਾ।

**ਪ੍ਰਚਾਰਕ ਦਾ ਪਹਿਰਾਵਾ**

ਸਤਿਆਸ਼ੋਧਕ ਸਮਾਜ ਦੇ ਪ੍ਰਚਾਰਕ ਦੇ ਪਹਿਰਾਵੇ ਵਿੱਚ ਇੱਕ ਕੰਬਲ, ਇੱਕ ਪੱਗ ਅਤੇ ਇੱਕ ਧੋਤੀ ਅਤੇ ਉਸਦੇ ਹੱਥ ਵਿੱਚ ਇੱਕ ਡ੍ਰਮ ਸ਼ਾਮਲ ਸਨ।

ਉਨ੍ਹਾਂ ਨੇ ਕਿਸਾਨਾਂ ਨੂੰ ਸੁਆਰਥੀ ਬ੍ਰਾਹਮਣ ਪੁਜਾਰੀਆਂ ਦੇ ਹੱਥੋਂਲੁੱਟ ਅਤੇ ਪੀੜ੍ਹੀ ਦਰ ਪੀੜ੍ਹੀ ਕਰਜ਼ਿਆਂ ਤੋਂ ਦਰਪੇਸ਼ ਮੁਸ਼ਕਿਲਾਂ ਲਈ ਉਸਨੇ ਉਨ੍ਹਾਂ ਨੂੰ ਅਪੀਲ ਕੀਤੀ ਕਿ ਆਪਣੇ ਬੱਚਿਆਂ ਨੂੰ ਸਕੂਲਾਂ ਵਿੱਚ ਭੇਜਣ ਤਾਂ ਜੋ ਉਹ ਇਹ ਜਾਣ ਸਕਣ ਕਿ ਕਾਨੂੰਨ, ਧਰਮ ਅਤੇਰੱਬ ਕੀ ਹੈ।

ਜੋਤੀਰਾਓ ਦੀ ਸੰਸਥਾ ਜਨਤਾ ਦੀ ਤਰੱਕੀ ਲਈ ਸੰਘਰਸ਼ ਕਰਦੀ ਰਹੀ। ਇਸ ਤਰ੍ਹਾਂ ਆਧੁਨਿਕ ਭਾਰਤ ਵਿਚ ਸਮਾਜਿਕ ਅੰਦੋਲਨ ਸ਼ੁਰੂ ਕਰਨ ਵਾਲਾ ਪਹਿਲਾ ਸ਼ੋਧਕ ਸਮਾਜ ਪਹਿਲੀ ਸੰਸਥਾ ਬਣ ਗਈ ਸੀ। ਇਸ ਨੇ ਸਮਾਜਿਕ ਗੁਲਾਮੀ ਵਿਰੁੱਧ ਆਪਣੀ ਆਵਾਜ਼ ਉਠਾਈ ਅਤੇ ਸਮਾਜਕ ਨਿਆਂ ਦੀ ਮੰਗ ਕੀਤੀ। ਇਹ ਭਾਰਤ ਵਿਚ ਲੰਬੇ ਸਮੇਂ ਤੋਂ ਦਬਾਏ ਹੋਏ ਲੋਕਾਂ ਦੀ ਤੀਬਰ ਦੀ ਆਵਾਜ਼ ਸੀ।

**ਸਤਿਆਸੋਧਕ ਸਮਾਜ ਦੀ ਆਵਾਜ ਦੀਨ ਬੰਧੂ**

ਦੀਨਬੰਧੂ ਨੇ ਸਤਿਅਧਾਰਕ ਸਮਾਜ ਲਹਿਰ ਦੀ ਅਵਾਜ ਬਣ ਮਹੱਤਵਪੂਰਣ ਭੂਮਿਕਾ ਨਿਭਾਈ। ਇਹ ਹਫ਼ਤਾਵਾਰ ਕਿਸਾਨਾਂ ਦੇ ਰੇਤ ਵਰਕਰਾਂ ਦੀਆਂ ਸ਼ਿਕਾਇਤਾਂ ਦੀ ਅਵਾਜ ਸੀ। ਜਦੋਂ ਵਿਸ਼ਨੂਸ਼ਾਸਤਰੀ ਚਿਪੁਲਨਕਰ, ਜੋ ਰੂੜ੍ਹੀਵਾਦੀ ਰਾਸ਼ਟਰਵਾਦੀਆਂ ਦੇ ਇੱਕ ਸ਼ਕਤੀਸ਼ਾਲੀ ਬੁਲਾਰੇ ਸਨ, ਨੇ ਸਭ ਤੋਂ ਵੱਧ ਕਠੋਰ ਸ਼ੈਲੀ ਵਿੱਚ ਜੋਤੀਰਾਸ ਲਿਖਣ ਤੇ ਹਮਲਾ ਕੀਤਾ,ਦੀਨਬੰਧੂ ਨੇ ਜੋਤੀਰਾਓ ਦਾ ਬਚਾਅ ਕੀਤਾ। ਨਾਰਾਇਣ ਮੇਘਗਾਜੀ ਲੋਹਖੰਡੇ ਜੀ ਜੋਤੀਰਾਓ ਦਾ ਇਕ ਹੋਰ ਪ੍ਰਮੁੱਖ ਸਾਥੀ ਸੀ। ਲੋਹਖੰਡੇ ਨੂੰ ਭਾਰਤ ਵਿਚ ਟ੍ਰੇਡ ਯੂਨੀਅਨ ਮੂਵਮੈਂਟ ਦੇ ਪਿਤਾ ਦੇ ਰੂਪ ਵਿਚ ਮੰਨੇ ਜਾਂਦੇ ਹਨ। 1880 ਤੋਂ ਲੈ ਕੇ, ਉਹ ਦੀਨਬੰਧੂ ਦੇ ਪ੍ਰਬੰਧਨ ਨੂੰ ਆਪਣੇ ਹੱਥ ਵਿਚ ਲੈ ਲਿਆ ਜੋ ਕਿ ਬੰਬਈ ਤੋਂ ਛਾਪਿਆ ਗਿਆ ਸੀ। ਦੀਨ ਬੰਧੂ ਨੇ ਪ੍ਰੈਸ ਦੀ ਆਜ਼ਾਦੀ ਦੇ ਹੱਕਾਂ ਤੇ ਪਾਬੰਦੀਆਂ ਦੇ ਵਿਰੋਧ ਦਾ ਵਿਰੋਧ ਕੀਤਾ ਸੀ। ਜੋਤੀਬਾ ਨੂੰ ਲਿਟਟਨ ਵਰਗੇ ਮਹਿਮਾਨ ਦੀ ਸਨਮਾਨ ਵਿੱਚ ਟੈਕਸ ਦੇਣ ਵਿਚ, ਪੈਸੇ ਦੇ ਖਰਚ ਕਰਨ ਦਾ ਵਿਚਾਰ ਨੂੰ ਪਸੰਦ ਨਹੀਂ ਆਇਆ। ਉਨ੍ਹਾਂ ਨੇ ਦਲੇਰੀ ਨਾਲ ਸੁਝਾਅ ਦਿੱਤਾ ਕਿ ਪੂਨਾ ਦੇ ਗਰੀਬ ਲੋਕਾਂ ਦੀ ਸਿੱਖਿਆ 'ਤੇ ਇਹ ਰਕਮ ਕਾਫੀ ਚੰਗੀ ਕੰਮ ਲਈ ਖਰਚ ਹੋ ਸਕਦੀ ਹੈ। ਉਹ ਪੂਨਾ ਨਗਰ ਪਾਲਿਕਾ ਦੇ ਸਾਰੇ ਨਾਮਜ਼ਦ ਮੈਂਬਰਾਂ ਵਿਚੋਂ ਇਕੋ ਇਕ ਮੈਂਬਰ ਸੀ ਜਿਸ ਨੇ ਅਧਿਕਾਰਕ ਮਤਾ ਵਿਰੁੱਧ ਵਿਰੋਧ ਕੀਤਾ।

**ਫੂਲੇ ਤੋਂ ਬਾਅਦ ਸਤਿਆਸੋਧਕ ਸਮਾਜ ਦੀ ਹਾਲਤ**

ਸਤਿਆਸੋਧਕ ਸਮਾਜ ਜੋ ਕਿ ਸੰਪੂਰਨ ਗੈਰ-ਬ੍ਰਾਹਮਣ ਅੰਦੋਲਨਸੀ, ਨੇ 19 ਵੀਂ ਸਦੀ ਵਿਚ ਸਮਾਜ ਦੇ ਕਿਸੇ ਵੀ ਹਿੱਸੇ ਵਿਚ ਬਹੁਤਾ ਅੰਤਰ ਨਹੀਂ ਕੀਤਾ ਸੀ ਅਤੇ ਫੂਲੇ ਦੀ ਮੌਤ ਤੋਂ ਬਾਅਦ ਸੰਸਥਾ ਕੰਮ ਢਿੱਲਾ ਹੋ ਗਿਆ ਸੀ। ਪਰ, ਇਹ 20 ਵੀਂ ਸਦੀ ਦੇ ਸ਼ੁਰੂ ਵਿਚ ਕੋਹਲਾਪੁਰ ਦੀ ਸ਼ਾਹੀ ਰਿਆਸਤ ਦੇ ਮਰਾਠਾ ਸ਼ਾਸਕ ਸ਼ਾਹੂ ਮਹਾਰਾਜ ਦੁਆਰਾ ਪੁਨਰ ਸੁਰਜੀਤ ਕੀਤਾ ਗਿਆ ਸੀ।

1902 ਵਿਚ ਸ਼ਾਹੂਜੀ ਨੇ ਕੋਹਲਾਪੁਰ ਰਾਜ ਵਿਚ ਸਿਵਲ ਸਰਵਿਸ ਪੋਸਟਾਂ ਨੂੰ 50% ਬ੍ਰਾਹਮਣਾਂ, ਅਤੇ 50 ਫੀਸਦੀ ਸਿਵਲ ਸਰਵਿਸ ਪੋਸਟਾਂ ਨੂੰ ਰਾਖਵੇਂ ਪਾਰਸੀ ਤੋਂ ਇਲਾਵਾ ਹੋਰ ਸਾਰੇ ਭਾਈਚਾਰਿਆਂ ਲਈ ਰੱਖਿਆ। ਉਸਨੇ ਉਹ ਸਾਰੇ ਧਾਰਮਿਕ ਸਮਾਰੋਹਾਂ ਨੂੰ ਵੀ ਸਰਪ੍ਰਸਤੀ ਦਿੱਤੀ ਜਿਸ ਨੂੰ ਬ੍ਰਾਹਮਣ ਪੁਜਾਰੀ ਦੀ ਪਦਵੀ ਦੀ ਲੋੜ ਨਹੀਂ ਸੀ।1920 ਦੇ ਦਹਾਕੇ ਵਿਚ, ਸਮਾਜ ਨੇ ਪੱਛਮੀ ਮਹਾਰਾਸ਼ਟਰ ਅਤੇ ਵਿਦਰਭ ਦੇ ਦਿਹਾਤੀ ਲੋਕਾਂ ਵਿਚ ਮਜ਼ਬੂਤ ਜੜ੍ਹਾਂ ਸਥਾਪਿਤ ਕੀਤੀਆਂ ਅਤੇ ਆਪਣੇ ਸੰਦੇਸ਼ ਵਿਚ ਇਕ ਮਜ਼ਬੂਤ ਆਰਥਿਕ ਸਥਾਨ ਬਣਾਇਆ। ਉਸ ਸਮੇਂ ਇਸ ਸੰਸਥਾ ਨੇ ਆਪਣੇ ਆਪ ਨੂੰ ਬਹੁਜਨ ਸਮਾਜ ਦਾ ਪ੍ਰਤੀਨਿਧੀ ਨਿਰਧਾਰਤ ਕਰ ਸਥਾਪਤ ਕਰ ਲਿਆ ਸੀ।

ਇਸ ਸਮਸਥਾ ਨੇ ਬ੍ਰਾਹਮਣ, ਵਪਾਰੀ ਅਤੇ ਪੈਸਾ ਉਧਾਰੀ ਨੂੰ ਜਨਤਾ ਦੇ ਜ਼ਾਲਮ ਵਜੋਂ ਵੀ ਪ੍ਰਭਾਸ਼ਿਤ ਕੀਤਾ। ਸਮਾਜਿਕ ਲਹਿਰ ਨੇ ਸਤਾਰਾ ਜ਼ਿਲ੍ਹੇ, ਕੋਹਲਾਪੁਰ ਰਾਜ ਅਤੇ ਇਸ ਖੇਤਰ ਦੇ ਹੋਰ ਸਥਾਨਾਂ ਨੂੰ ਕੇਂਦਰਿਤ ਕੀਤਾ ਜਿਨ੍ਹਾਂ ਨੂੰ ਬ੍ਰਾਹਮਣਾਂ ਵਲੋਂ ਪਰੇਸ਼ਾਨ ਕੀਤਾ ਜਾਂਦਾ ਸੀ, ਉਨ੍ਹਾਂ ਦੀ ਪੁਜਾਰੀਆਂ, ਸਰਕਾਰੀ ਅਫਸਰੀ, ਧਨ ਉਧਾਰੀ ਅਤੇ ਅਧਿਆਪਕ ਦੀ ਪਦਵੀਆਂ ਤੋਂ ਹਟਾਇਆ ਗਿਆ।

1920 ਤੋਂ ਪਹਿਲਾਂ, ਸਤਿਆ ਸ਼ੋਧਕ ਸਮਾਜ ਦੇ ਭਾਰਤੀ ਰਾਸ਼ਟਰੀ ਅੰਦੋਲਨ ਦਾ ਵਿਰੋਧ ਕੀਤਾ ਕਿਉਂਕਿ ਇਹ ਅਮੀਰਾਂ ਦੀ ਅਗਵਾਈ ਵਾਲੀ ਲਹਿਰ ਸੀ। 20 ਵੀਂ ਸਦੀ ਵਿਚ ਸਮਾਜ ਦੇ ਬਾਅਦ ਦੇ ਅਨੁਆਈਆਂ ਵਿਚ ਵਿਦਵਾਨ ਭਾਊ ਰਾਓਪਤੀ ਲੰਦ ਮਰਾਠਾ ਦੇ ਨੇਤਾ ਜਿਵੇਂ ਕਿ ਕੇਸ਼ਵਰੋ ਜੈਦੇ, ਨਾਨਾ ਪਾਟਿਲ, ਖਾਂਡੇਰਾ ਬਾਗਲ ਅਤੇ ਮਾਧਵਰਾਓ ਬਾਗਲ ਸ਼ਾਮਲ ਸਨ। 1930 ਦੇ ਦਹਾਕੇ ਵਿਚ, ਮਹਾਤਮਾ ਗਾਂਧੀ ਦੇ ਅਧੀਨ ਕਾਂਗਰਸ ਪਾਰਟੀ ਦੀ ਜਨਤਾ ਦੀ ਪ੍ਰਭਾ ਸਮਾਜ ਦੇ ਨੇਤਾ ਜਿਵੇਂ ਕਿ ਨੇਤਾ ਜੈਦੇ ਕਾਂਗਰਸ ਵਿਚ ਸ਼ਾਮਲ ਹੋ ਗਏ ਅਤੇ ਸਤਿਆਸੋਧਕ ਸਮਾਜ ਦੀਆਂ ਸਰਗਰਮੀਆਂ ਖਤਮ ਹੋ ਗਈਆਂ।

**ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜਾਤੀ ਭੇਦ-ਭਾਵ ਦੇ ਵਿਰੁੱਧ ਲਹਿਰ**

ਬਾਬਾ ਸਾਹਿਬ ਦੇ ਭਾਰਤ ਵਾਪਸ ਆਉਣ ਤੋਂ ਬਾਅਦ, ਭੀਮ ਰਾਓ ਅੰਬੇਡਕਰ ਨੇ ਜਾਤਪਾਤ ਦੇ ਵਿਤਕਰੇ ਵਿਰੁੱਧ ਲੜਨ ਦਾ ਫੈਸਲਾ ਕੀਤਾ ਜਿਸ ਨੇ ਉਸ ਨੂੰ ਆਪਣੀ ਸਾਰੀ ਜ਼ਿੰਦਗੀ ਦੌਰਾਨ ਤੰਗ ਕੀਤਾ।1919 ਵਿਚ ਭਾਰਤ ਸਰਕਾਰ ਦੇ ਐਕਟ ਦੀ ਤਿਆਰੀ ਵਿਚ ਸਾਊਥਬਰੋ ਕਮੇਟੀ ਦੇ ਸਾਹਮਣੇ ਉਸ ਦੀ ਗਵਾਹੀ ਵਿਚ ਅੰਬੇਦਕਰ ਨੇ ਕਿਹਾ ਕਿ ਅਛੂਤ ਅਤੇ ਹੋਰ ਪਛੜੇ ਲੋਕਾਂ ਲਈ ਵੱਖਰੀ ਚੋਣ ਪ੍ਰਣਾਲੀ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਦਲਿਤ ਅਤੇ ਹੋਰ ਧਾਰਮਿਕ ਘੱਟ

(ਬਾਕੀ ਅਗਲੇ ਸਫੇ 'ਤੇ)

## ਵਿਸ਼ਵ ਤੰਬਾਕੂ ਵਿਰੋਧੀ ਦਿਵਸ ਸਬੰਧੀ ਵਿਸ਼ੇਸ਼

# ਦੁਨੀਆਂ ਵਿੱਚ ਹਰ ਸਾਲ ਤੰਬਾਕੂ ਨਾਲ ਜੁੜੀ ਬਿਮਾਰੀਆਂ ਨਾਲ ਕਰੀਬ 50 ਲੱਖ ਲੋਕਾਂ ਦੀ ਮੌਤ ਹੁੰਦੀ ਹੈ

31 ਮਈ ਦਾ ਦਿਨ ਪੂਰੀ ਦੁਨੀਆਂ ਵਿੱਚ ਵਿਸ਼ਵ ਤੰਬਾਕੂ ਵਿਰੋਧੀ ਦਿਵਸ ਵਜੋਂ ਮਨਾਇਆ ਜਾ ਰਿਹਾ ਹੈ ਅਤੇ ਵੱਖ ਵੱਖ ਦੇਸ਼ਾਂ ਵਿੱਚ ਵੱਡੇ ਵੱਡੇ ਪ੍ਰੋਗਰਾਮ ਕੀਤੇ ਜਾ ਰਹੇ ਹਨ। ਇਸ ਸਾਲ ਦਾ ਮੁੱਖ ਵਿਸ਼ਾ ਹੈ ਤੰਬਾਕੂ ਅਤੇ ਦਿਲ ਦੀਆਂ ਬਿਮਾਰੀਆਂ ਅਤੇ ਇਸ ਸਾਲ ਇਸ ਸਬੰਧੀ ਵਿਚਾਰ ਵਟਾਂਦਰਾਂ ਕੀਤਾ ਜਾਵੇਗਾ। ਵਿਸ਼ਵ ਸਿਹਤ ਸੰਗਠਨ ਨੇ 1987 ਵਿੱਚ ਮਤਾ ਨੰਬਰ 40.38 ਪਾਸ ਕਰਕੇ 07 ਅਪ੍ਰੈਲ 1988 ਨੂੰ ਵਿਸ਼ਵ ਸਿਗਰਟਨੋਸ਼ੀ ਨਾਂ ਦਿਵਸ ਵਜੋਂ ਮਨਾਉਣ ਦਾ ਫੈਸਲਾ ਕੀਤਾ ਸੀ। ਇਸਤੋਂ ਬਾਦ 1988 ਵਿੱਚ ਮਤਾ ਨੰਬਰ 42.19 ਪਾਸ ਕਰਕੇ 31 ਮਈ ਦਾ ਦਿਨ ਵਿਸ਼ਵ ਤੰਬਾਕੂ ਵਿਰੋਧੀ ਦਿਵਸ ਵਜੋਂ ਮਨਾਉਣ ਦਾ ਫੈਸਲਾ ਕੀਤਾ ਗਿਆ। ਸਾਲ 2008 ਵਿੱਚ ਵਿਸ਼ਵ ਸਿਹਤ ਸੰਗਠਨ ਨੇ ਤੰਬਾਕੂ ਨੂੰ ਉਤਸ਼ਾਹਿਤ ਕਰਨ ਵਾਲੇ ਇਸ਼ਤਿਹਾਰਾਂ ਅਤੇ ਹੋਰ ਪ੍ਰੋਗਰਾਮਾਂ ਤੇ ਪਾਬੰਦੀ ਲਗਾ ਦਿਤੀ। ਤੰਬਾਕੂ ਵਿੱਚ ਲਗਭੱਗ 4000 ਤੋਂ ਵੱਧ ਜ਼ਹਿਰੀਲੇ ਤੱਤ ਹਨ ਜੋ ਕਿ ਕਈ ਗੰਭੀਰ ਬਿਮਾਰੀਆਂ ਦਾ ਕਾਰਨ ਬਣਦੇ ਹਨ। ਇਸ ਵਿੱਚ ਨਿਕੋਟੀਨ, ਅਮੋਨੀਆਂ, ਭਿਆਨਕ ਗੈਸ ਕਾਰਬਨ ਮੋਨੋਆਕਸਾਈਡ, ਗੈਸ ਚੈਂਬਰਾਂ ਵਿੱਚ ਵਰਤੀ ਜਾਣ ਵਾਲੀ ਜ਼ਹਿਰੀਲੀ ਗੈਸ ਹਾਈਡਰੋਜਨ ਸਾਈਆਨਾਈਡ, ਫਿਨਾਈਲ ਦੀਆਂ ਗੋਲੀਆਂ ਲਈ ਵਰਤੀ ਜਾਣ ਵਾਲੀ ਨੈਪਥਾਲੀਨ, ਤਾਰਕੋਲ, ਰੇਡੀਓਐਕਟਿਵ ਤੱਤ ਆਦਿ ਸਮੇਤ ਬਹੁਤ ਸਾਰੇ ਜ਼ਹਿਰੀਲੇ ਤੱਤ ਹੁੰਦੇ ਹਨ। ਤੰਬਾਕੂ ਮੁੱਖ ਰੂਪ ਵਿੱਚ ਖੈਣੀ, ਜ਼ਰਦਾ, ਗੁਟਕਾ, ਪਾਨ ਮਸਾਲਾ, ਸਿਗਰਟ ਅਤੇ ਬੀੜੀ ਆਦਿ ਦੇ ਰੂਪ ਵਿੱਚ ਮਿਲਦਾ ਹੈ।

ਕੈਂਸਰ ਦੀਆਂ ਵੱਖ-ਵੱਖ ਕਿਸਮਾਂ ਵਿਚੋਂ ਬਹੁਤੀਆਂ ਦਾ ਕਾਰਨ ਤੰਬਾਕੂ ਹੀ ਹੈ। ਹਰ ਪ੍ਰਕਾਰ ਦੇ ਕੈਂਸਰ ਰੋਗੀਆਂ ਵਿੱਚੋਂ 40 ਫਿਸਦੀ ਤੰਬਾਕੂ ਦੀ ਵਰਤੋਂ ਕਾਰਨ ਹੀ ਸ਼ਿਕਾਰ ਬਣਦੇ ਹਨ ਜਦਕਿ ਮੂਹੰ ਦੇ ਕੈਂਸਰ ਦਾ 90 ਫਿਸਦੀ ਕਾਰਨ ਸਿਰਫ ਤੰਬਾਕੂ ਦੀ ਹੀ ਵਰਤੋਂ ਹੈ। ਦੁਨੀਆਂ ਦੇ ਸਭਤੋਂ ਵੱਧ ਲੱਗਭੱਗ 63.6 ਫਿਸਦੀ ਸਿਗਰਟਨੋਸ਼ੀ ਕਰਨ ਵਾਲੇ ਵਿਅਕਤੀ ਭਾਰਤ ਵਿੱਚ ਹੀ ਰਹਿੰਦੇ ਹਨ। ਇੱਕ ਸੰਸਥਾ ਗਲੋਵਲ ਅਡਲਟ ਤੰਬਾਕੂ ਸਰਵੇ ਵਲੋਂ ਕਰਵਾਏ ਗਏ ਸਰਵੇਖਣ ਅਨੁਸਾਰ ਪੰਜਾਬ ਦੀ 13.4 ਫਿਸਦੀ ਅਬਾਦੀ ਕਿਸੇ ਨਾ ਕਿਸੇ ਰੂਪ ਵਿੱਚ ਤੰਬਾਕੂ ਦੀ ਵਰਤੋਂ ਕਰਦੇ ਹਨ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਵਲੋਂ 2015-2016 ਵਿੱਚ ਕਰਵਾਏ ਗਏ ਸਰਵੇਖਣ ਅਨੁਸਾਰ ਪੰਜਾਬ ਵਿੱਚ ਸਿਰਫ 9.65 ਫਿਸਦੀ ਵਿਅਕਤੀ ਹੀ ਤੰਬਾਕੂ ਦੀ ਵਰਤੋਂ ਕਰ ਰਹੇ ਹਨ ਅਤੇ ਪੀ ਜੀ ਆਈ ਵਲੋਂ ਜਾਰੀ ਰਿਪੋਰਟ ਅਨੁਸਾਰ 2017 ਵਿੱਚ ਪੰਜਾਬ ਵਿੱਚ 8.1 ਫਿਸਦੀ ਹੀ ਤੰਬਾਕੂ ਦੀ ਵਰਤੋਂ ਕਰ ਰਹੇ ਹਨ। ਪੰਜਾਬ ਸਰਕਾਰ ਵਲੋਂ ਸਾਰੇ ਜਿਲ੍ਹੇ ਸਿਗਰਟ ਬੀੜੀ ਮੁੱਕਤ ਘੋਸ਼ਿਤ ਕੀਤੇ ਗਏ ਹਨ। ਪੰਜਾਬ ਦੇ 626 ਪਿੰਡਾਂ ਜਿੱਥੇ ਲੱਗਭੱਗ 9.39 ਲੱਖ ਲੋਕ ਰਹਿੰਦੇ ਹਨ ਨੇ ਮਤੇ ਪਾਕੇ ਅਪਣੇ ਪਿੰਡਾਂ ਨੂੰ ਤੰਬਾਕੂ ਮੁੱਕਤ ਘੋਸਿਤ ਕੀਤਾ ਹੈ। ਵਿਸ਼ਵ ਸਿਹਤ ਸੰਗਠਨ ਨੇ ਤੰਬਾਕੂ ਦੀ ਵਰਤੋਂ ਰੋਕਣ ਲਈ ਪੰਜਾਬ ਸਰਕਾਰ ਵਲੋਂ ਕੀਤੇ ਜਾ ਰਹੇ ਕੰਮਾਂ ਨੂੰ ਵੇਖਦੇ ਹੋਏ 2015 ਵਿੱਚ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਹੈ।

ਦੁਨੀਆਂ ਵਿੱਚ ਹਰ ਸਾਲ ਤੰਬਾਕੂ ਕਾਰਨ ਹੋਣ ਵਾਲੀਆਂ ਬਿਮਾਰੀਆਂ ਨਾਲ ਕਰੀਬ 50 ਲੱਖ ਲੋਕਾਂ ਦੀ ਮੌਤ ਹੁੰਦੀ ਹੈ ਭਾਵ ਹਰ ਰੋਜ ਲੱਗਭੱਗ 13700 ਵਿਅਕਤੀਆਂ ਦੀ ਮੌਤ ਹੁੰਦੀ ਹੈ ਅਤੇ ਸਾਡੇ ਦੇਸ਼ ਭਾਰਤ ਵਿੱਚ ਰੋਜ਼ਾਨਾ ਲੱਗਭੱਗ 3500 ਅਤੇ ਪੰਜਾਬ ਵਿੱਚ ਵੀ ਰੋਜਾਨਾ ਲੱਗਭੱਗ 75-80 ਵਿਅਕਤੀਆਂ ਦੀ ਮੌਤ ਤੰਬਾਕੂ ਕਾਰਨ ਹੀ ਹੁੰਦੀ ਹੈ। ਤੰਬਾਕੂ ਪੀਣ ਵਾਲੇ 89ਗ ਵਿਅਕਤੀ 18 ਸਾਲ ਦੀ ਉਮਰ ਤੱਕ ਇਸ ਦੇ ਆਦੀ ਹੋ ਜਾਂਦੇ ਹਨ। ਤੰਬਾਕੂ ਦੀ ਵਰਤੋਂ ਨਾ ਕਰਨ ਵਾਲੇ ਦੇ ਮੁਕਾਬਲੇ ਪੀਣ ਵਾਲੇ ਦੀ ਜ਼ਿੰਦਗੀ 22 ਤੋਂ 26 ਸਾਲ ਤੱਕ ਘਟ ਜਾਂਦੀ ਹੈ। ਤੰਬਾਕੂ ਦੀ ਵਰਤੋਂ ਮੂੰਹ, ਗਲਾ, ਫੇਫੜਿਆਂ, ਘੰਡੀ ਭੋਜਨ-ਨਲੀ, ਪਿਸ਼ਾਬ ਦਾ ਬਲੈਡਰ, ਗੁਰਦਾ, ਪਾਚਕ ਰਸ ਗਿਲਟੀ ਅਤੇ ਗਰਦਨ ਦੇ ਕੈਂਸਰ ਦਾ ਕਾਰਨ ਬਣਦੀ ਹੈ। ਤੰਬਾਕੂ ਨਾਲ ਦਿਲ ਅਤੇ ਖੂਨ ਦੀਆਂ ਬੀਮਾਰੀਆਂ ਵਿੱਚ ਵਾਧਾ ਹੁੰਦਾ ਹੈ। ਤੰਬਾਕੂ ਕਾਰਨ ਹੋਣ ਵਾਲੀਆਂ ਜ਼ਿਆਦਾ ਮੌਤਾਂ ਦਿਲ ਦੇ ਦੌਰੇ ਨਾਲ ਹੁੰਦੀਆਂ ਹਨ। ਤੰਬਾਕੂ ਦਾ ਧੂੰਆਂ ਬੱਚਿਆਂ ਲਈ ਬਹੁਤ ਹਾਨੀਕਾਰਕ ਹੈ ਕਿਉਂਕਿ ਬੱਚੇ ਵੱਡਿਆਂ ਦੇ ਮੁਕਾਬਲੇ ਵੱਧ ਵਾਰ ਸਾਹ ਲੈਂਦੇ ਹਨ। ਇੱਕ ਵੱਡਾ ਵਿਅਕਤੀ ਆਮ ਤੋਰ ਤੇ ਲੱਗਭੱਗ ਇੱਕ ਮਿੰਟ ਵਿੱਚ 16 ਵਾਰ ਸਾਹ ਲੈਂਦਾ ਹੈ ਜਦਕਿ ਇੱਕ ਬੱਚਾ ਆਮ ਤੋਰ ਤੇ ਇੱਕ ਮਿੰਟ ਵਿੱਚ 20 ਵਾਰ ਸਾਹ ਲੈਂਦਾ ਹੈ ਜਦਕਿ ਕੁੱਝ ਖਾਸ ਹਾਲਤਾਂ ਵਿੱਚ ਇੱਕ ਬੱਚਾ ਇੱਕ ਮਿੰਟ ਵਿੱਚ ਲੱਗਭੱਗ 60 ਵਾਰ ਸਾਹ ਲੈਂਦਾ ਹੈ। ਇਸਦਾ ਭਾਵ ਹੈ ਕਿ ਇੱਕ ਬੱਚੇ ਦੇ ਸ਼ਰੀਰ ਵਿੱਚ ਤੰਬਾਕੂ ਦਾ ਜ਼ਹਰੀਲਾ ਧੂੰਆ ਵੱਡੇ ਵਿਅਕਤੀ ਦੇ ਮੁਕਾਬਲੇ ਵੱਧ ਜਾਂਦਾ ਹੈ।




ਇਸ ਨਾਲ ਨਮੋਨੀਆ ਅਤੇ ਸਾਹ ਦੀ ਨਲੀ ਦੀ ਸੋਜ, ਦਮਾ, ਫੇਫੜਿਆਂ ਦੇ ਵਿਕਾਸ ਵਿੱਚ ਕਮੀ, ਜਨਮ ਵੇਲੇ ਬੱਚਿਆਂ ਦੇ ਵਜ਼ਨ ਦੀ ਕਮੀ, ਅਚਾਨਕ ਮੌਤ ਅਤੇ ਕਈ ਹੋਰ ਪੇਚੀਦਗੀਆ ਪੈਦਾ ਹੋ ਸਕਦੀਆਂ ਹਨ। ਹਰੇਕ ਪੀਤੀ ਗਈ ਸਿਗਰਟ ਜ਼ਿੰਦਗੀ ਦੇ 4 ਮਿੰਟ ਘਟਾ ਦਿੰਦੀ ਭਾਰਤ ਸਰਕਾਰ ਨੇ 2003 ਵਿੱਚ ਤੰਬਾਕੂ ਕੰਟਰੋਲ ਐਕਟ ਲਾਗੂ ਕੀਤਾ ਹੈ ਜਿਸ ਅਨੁਸਾਰ ਤੰਬਾਕੂ ਅਤੇ ਤੰਬਾਕੂ ਉਤਪਾਦਾਂ ਦੇ ਵਿਉਪਾਰ, ਪ੍ਰਚਾਰ ਆਦਿ ਤੇ ਨਿਯੰਤਰਣ ਕੀਤਾ ਗਿਆ ਹੈ। ਇਸ ਐਕਟ ਵਿੱਚ ਸਮੇਂ-ਸਮੇਂ ਤੇ ਸੋਧ ਕੀਤੀ ਜਾਂਦੀ ਰਹੀ ਹੈ। ਇਸ ਐਕਟ ਅਨੁਸਾਰ ਕਿਸੇ ਵੀ ਤੰਬਾਕੂ ਉਤਪਾਦਨ ਦਾ ਪ੍ਰਚਾਰ ਨਹੀਂ ਕੀਤਾ ਜਾਵੇਗਾ। ਵਿਦਿਅਕ ਅਦਾਰਿਆਂ ਦੇ 100 ਗਜ਼ ਦੇ ਘੇਰੇ ਅੰਦਰ ਤੰਬਾਕੂ ਉਤਪਾਦਨ ਨਹੀਂ ਵੇਚੇ ਜਾ ਸਕਦੇ ਹਨ। ਨਾਬਾਲਗ ਬੱਚਿਆਂ ਨੂੰ ਤੰਬਾਕੂ ਉਤਪਾਦਨ ਵੇਚਣਾ ਕਾਨੂੰਨਨ ਜੁਰਮ ਕਰਾਰ ਦਿਤਾ ਗਿਆ ਹੈ।

ਤੰਬਾਕੂ ਉਤਪਾਦਾਂ ਸਬੰਧੀ ਸੱਖਤ ਨਿਯਮ ਬਣਾਏ ਗਏ ਹਨ। 2 ਅਕਤੂਬਰ 2008 ਤੋਂ ਜਨਤਕ ਸਥਾਨਾਂ ਤੇ ਸਿਗਰਟਨੋਸ਼ੀ ਤੇ ਮੁਕੰਮਲ ਪਬੰਦੀ ਲਗਾਈ ਗਈ ਹੈ ਅਤੇ ਅਜਿਹਾ ਕਰਨ ਵਾਲ਼ਿਆਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਸਰਕਾਰ ਵਲੋਂ ਤੰਬਾਕੂ ਦੀ ਵਰਤੋਂ ਕਾਰਨ ਪੈਦਾ ਹੋ ਰਹੀਆਂ ਸਮੱਸਿਆਵਾਂ ਨਾਲ ਨਜਿੱਠਣ ਲਈ ਰਾਸ਼ਟਰ ਪੱਧਰ ਤੇ ਤੰਬਾਕੂ ਕੰਟਰੋਲ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ। ਪੰਜਾਬ ਵਿੱਚ ਸਰਕਾਰ ਵਲੋਂ ਰਾਜ ਪੱਧਰ ਅਤੇ ਜਿਲ੍ਹਾ ਪੱਧਰ ਤੇ ਤੰਬਾਕੂ ਕੰਟਰੋਲ ਸੈਲ ਬਣਾਏ ਗਏ ਹਨ। ਇਸ ਐਕਟ ਦੀ ਉਲੰਘਣਾ ਕਰਕੇ ਵਪਾਰ ਕਰਨ ਅਤੇ ਉਤਪਾਦਨ ਵੇਚਣ ਵਾਲੇ ਵਿਅਕਤੀ ਨੂੰ ਪਹਿਲੀ ਵਾਰ 2 ਸਾਲ ਤੱਕ ਦੀ ਸਜਾ ਅਤੇ 1000/- ਰੁਪਏ ਜੁਰਮਾਨਾ ਹੋ ਸਕਦਾ ਹੈ ਅਤੇ ਦੁਬਾਰਾ ਪਕੜੇ ਜਾਣ ਤੇ 5 ਸਾਲ ਤੱਕ ਦੀ ਕੈਦ ਅਤੇ 5000/- ਰੁਪਏ ਜੁਰਮਾਨਾ ਹੋ ਸਕਦਾ ਹੈ। ਇਸ ਕਾਨੂੰਨ ਅਨੁਸਾਰ ਜਨਤਕ ਥਾਵਾਂ ਤੇ ਸਿਗਰਟਨੋਸ਼ੀ ਕਰਨ ਵਾਲੇ ਵਿਅਕਤੀ ਨੂੰ 200/- ਰੁਪਏ ਜੁਰਮਾਨਾ ਹੋ ਸਕਦਾ ਹੈ। ਇਸ ਐਕਟ ਅਨੁਸਾਰ ਪੰਜਾਬ ਸਰਕਾਰ ਨੇ ਕਾਰਵਾਈ ਕਰਦੇ ਹੋਏ ਨੋਟੀਫਿਕੇਸ਼ਨ ਨੰਬਰ 21/51/95-5 ਐਚ ਬੀ ਵੀ /1022 ਮਿਤੀ 24 ਮਈ 2010 ਨੂੰ ਪੰਜਾਬ ਦੇ ਰਾਜਪਾਲ ਵਲੋਂ ਜਾਰੀ ਕੀਤੀ ਗਈ ਹੈ ਜਿਸ ਅਨੁਸਾਰ ਇਸ ਐਕਟ ਅਧੀਨ ਲੱਗਭੱਗ ਸਾਰੇ ਵਿਭਾਗਾਂ ਦੇ ਮੁਖੀਆਂ ਨੂੰ ਕਾਰਵਾਈ ਕਰਨ ਦੇ ਅਧਿਕਾਰ ਦਿਤੇ ਹਨ। ਇਸ ਅਨੁਸਾਰ ਰਾਜ ਦੇ ਸਮੂਹ ਡਿਪਟੀ ਕਮਿਸਨਰਾਂ ਅਤੇ ਸਿਵਲ ਸਰਜਨਾਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ ਕਿ ਹਰ ਵਿਦਿਅਕ ਅਦਾਰੇ ਦੇ 100 ਗਜ਼ ਘੇਰੇ ਵਿੱਚ ਆਂਦੇ ਤੰਬਾਕੂ ਉਤਪਾਦਨ ਵੇਚਣ ਵਾਲ਼ੀਆਂ ਦੁਕਾਨਾ ਹਟਾ ਦਿੱਤੀਆਂ ਗਈਆਂ ਹਨ ਅਤੇ ਤੰਬਾਕੂ ਉਤਪਾਦਾਂ ਦੀ ਵਿਕਰੀ ਸਬੰਧੀ ਮਨਾਹੀ ਬੌਰਡ ਲਗਾਉਣੇ ਯਕੀਨੀ ਬਣਾਉਣ ਲਈ ਕਿਹਾ ਹੈ। ਇਸ ਸਬੰਧੀ ਹੋਰ ਕਾਰਵਾਈ ਕਰਦਿਆਂ ਪੰਜਾਬ ਸਰਕਾਰ ਦੇ ਸਿਹਤ ਅਤੇ ਪਰਿਵਾਰ ਕਲਿਆਣ ਵਿਭਾਗ ਦੇ ਫੂਡ ਸੇਫਟੀ ਕਮਿਸ਼ਨਰ ਕਮ ਸਕੱਤਰ ਨੇ ਪੱਤਰ ਨੰਬਰ 11/10/12-3 ਐਚ ਬੀ 4/2524 ਮਿਤੀ 05.09.2012 ਰਾਹੀਂ ਨੋਟੀਫਿਕੇਸ਼ਨ ਜਾਰੀ ਕਰਕੇ ਤੰਬਾਕੂ, ਪਾਨ ਮਸਾਲਾ ਅਤੇ ਨਿਕੋਟੀਨ ਯੁਕਤ ਪਦਾਰਥਾਂ ਦੇ ਉਤਪਾਦਨ, ਸਟੋਰ ਕਰਨ ਅਤੇ ਵਿਕਰੀ ਕਰਨ ਤੇ ਪਾਬੰਦੀ ਲਗਾ ਦਿੱਤੀ ਹੈ। ਪੰਜਾਬ ਨੂੰ ਤੰਬਾਕੂ ਮੁਕਤ ਰਾਜ ਬਣਾਉਣ ਦੀ ਮੁਹਿੰਮ ਅਧੀਨ 31 ਮਈ 2011 ਨੂੰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮੋਹਾਲੀ ਨੂੰ ਪੰਜਾਬ ਦਾ ਪਹਿਲਾਂ ਮਾਡਲ ਸਮੋਕ ਫਰੀ ਜ਼ਿਲ੍ਹਾ ਐਲਾਨ ਕਰ ਦਿੱਤਾ ਸੀ ਅਤੇ 23 ਫਰਵਰੀ 2012 ਨੂੰ ਰਾਜ ਦਾ ਪਹਿਲਾਂ ਮਾਡਲ ਸਮੋਕ ਫਰੀ ਜ਼ਿਲ੍ਹਾ ਐਲਾਨ ਕਰ ਦਿੱਤਾ ਗਿਆ ਹੈ। ਪੰਜਾਬ ਵਿੱਚ ਐਂਟੀ ਤੰਬਾਕੂ ਟਾਸਕ ਫੋਰਸ ਬਣਾਈ ਗਈ ਹੈ ਜੋ ਕਿ ਸਰਵਜਨਕ ਸਥਾਨਾਂ ਤੇ ਸਿਗਰਟਨੋਸ਼ੀ ਕਰਨ ਵਾਲਿਆਂ ਦੇ ਚਲਾਨ ਕੱਟਦੀ ਹੈ। ਪੰਜਾਬ ਵਿੱਚ ਸਰਵਜਨਕ ਸਥਾਨਾਂ ਤੇ ਤੰਬਾਕੂ ਦਾ ਉਪਯੋਗ ਕਰਨ ਤੇ ਅਕਤੂਬਰ, 2008 ਤੋਂ ਅਪ੍ਰੈਲ 2018 ਤੱਮ 150366 ਚਲਾਨ ਕੱਟੇ ਗਏ ਹਨ ਅਤੇ ਜੁਰਮਾਨਾ ਵਸੂਲਿਆ ਗਿਆ ਹੈ। ਪੰਜਾਬ ਸਰਕਾਰ ਵਲੋਂ ਤੰਬਾਕੂ ਦੀ ਆਦਤ ਤੋਂ ਲੋਕਾਂ ਨੂੰ ਬਚਾਉਣ ਲਈ ਵਿਸੇਸ਼ ਸੇਵਾਵਾਂ ਸ਼ੁਰੂ ਕੀਤੀਆਂ ਗਈਆਂ ਹਨ। ਪੰਜਾਬ ਰਾਜ ਵਲੋਂ ਅਪਣੇ ਪੱਧਰ ਤੇ 01 ਨਵੰਬਰ ਦਾ ਦਿਹਾੜਾ ਵੀ ਤੰਬਾਕੂ ਵਿਰੋਧੀ ਦਿਵਸ ਵਜੋਂ ਮਨਾਇਆ ਜਾਂਦਾ ਹੈ। ਪੰਜਾਬ ਸਰਕਾਰ ਵਲੋਂ ਤੰਬਾਕੂ ਦੇ ਖਾਤਮੇ ਲਈ ਮਈ 2017 ਵਿੱਚ ਹੀ ਰਾਜ ਪੱਧਰੀ ਜਾਗਰੂਕਤਾ ਮੁਹਿੰਮ ਦੀ ਪਟਿਆਲਾ ਤੋਂ ਸ਼ੁਰੂਆਤ ਕੀਤੀ ਗਈ ਹੈ।


ਕੁਲਦੀਪ ਚੰਦ
91-94175-63054

ਬੇਸ਼ੱਕ ਸਰਕਾਰ ਵਲੋਂ ਗੈਰ ਸਰਕਾਰੀ ਸੰਸਥਾਵਾਂ ਨਾਲ ਮਿਲਕੇ ਇਸ ਸਬੰਧੀ ਕੰਮ ਕੀਤਾ ਜਾ ਰਿਹਾ ਹੈ ਪ੍ਰੰਤੂ ਕਈ ਥਾਵਾਂ ਤੇ ਆਮ ਲੋਕਾਂ ਵਿੱਚ ਜਾਗਰੂਕਤਾ ਦੀ ਘਾਟ ਕਾਰਨ ਅਜੇ ਵੀ ਦਫ਼ਤਰਾਂ, ਬੱਸਾਂ, ਰੇਲਾਂ ਅਤੇ ਸਰਵਜਨਕ ਥਾਵਾਂ ਤੇ ਸਿਗਰਟ ਅਤੇ ਬੀੜੀਆਂ ਪੀਤੀਆਂ ਜਾਂਦੀਆ ਹਨ। ਤੰਬਾਕੂ ਦੀ ਵਰਤੋਂ ਕਾਰਨ ਹੋ ਰਹੇ ਨੁਕਸਾਨਾਂ ਨੂੰ ਵੇਖਦੇ ਹੋਏ ਸਰਕਾਰ ਨੂੰ ਇਸਦੀ ਵਰਤੋਂ ਤੇ ਮੁਕੰਮਲ ਪਬੰਦੀ ਲਗਾਉਣ ਲਈ ਹੋਰ ਪ੍ਰਭਾਵਸ਼ਾਲੀ ਕਦਮ ਚੁੱਕਣੇ ਚਾਹੀਦੇ ਹਨੇ ਤਾਂ ਜੋ ਤੰਬਾਕੂ ਵਿਰੋਧੀ ਮੁਹਿੰਮ ਨੂੰ ਅਮਲੀ ਜਾਮਾ ਪਹਿਨਾਇਆ ਜਾ ਸਕੇ ਤੇ ਤੰਬਾਕੂ ਦੀ ਵਰਤੋਂ ਕਾਰਨ ਹੋ ਰਹੇ ਨੁਕਸਾਨ ਨੂੰ ਰੋਕਿਆ ਜਾ ਸਕੇ।

# ਭਾਰਤੀ ਲੋਕਾਂ ਨੂੰ ਸਮਾਜਿਕ ਸੁਧਾਰਾਂ ਦੀ ਕਿਉਂ ਲੋੜ ਪਈ

**(ਸਫਾ 19 ਦੀ ਬਾਕੀ)**

ਗਿਣਤੀਆਂ ਨੂੰ ਰਾਖਵਾਂਕਰਨ ਦੇ ਪ੍ਰਬੰਧ'ਤੇ ਵਿਚਾਰ ਕੀਤਾ।

ਅੰਬੇਡਕਰ ਨੇ ਲੋਕਾਂ ਤੱਕ ਪਹੁੰਚਣ ਦੇ ਤਰੀਕਿਆਂ ਦਾ ਪਤਾ ਲਗਾਉਣਾ ਸ਼ੁਰੂ ਕਰ ਦਿੱਤਾ ਅਤੇ ਉਹਨਾਂ ਨੂੰ ਮੌਜੂਦਾ ਸਮਾਜਿਕ ਬੁਰਾਈਆਂ ਦੀ ਘਾਟ ਨੂੰ ਸਮਝਣ ਲਈ ਕਿਹਾ. ਉਸਨੇ ਕੋਹਲਾਪੁਰਾ ਦੇ ਮਹਾਰਾਜਾ ਸ਼ਾਹੂਜੀ ।।ਦੀ ਸਹਾਇਤਾ ਨਾਲ 1920 ਵਿੱਚ ਇੱਕ ਅਖਬਾਰ "ਮੂਕਨਾਇਕ" (ਚੁੱਪ ਦਾ ਨੇਤਾ) ਅਰੰਭ ਕੀਤਾ। ਕਿਹਾ ਜਾਂਦਾ ਹੈ ਕਿ ਇਕ ਰੈਲੀ ਵਿਚ ਆਪਣੇ ਭਾਸ਼ਣ ਸੁਣਨ ਤੋਂ ਬਾਅਦ, ਕੋਹਹਾਪੁਰ ਦੇ ਇੱਕ ਪ੍ਰਭਾਵਸ਼ਾਲੀ ਸ਼ਾਸਕ ਸ਼ਾਹੂ ਚੌਥੇ ਨੇਤਾ ਦੇ ਨਾਲ ਖਾਣਾ ਖਾਧਾ। ਇਸ ਘਟਨਾ ਨੇ ਦੇਸ਼ ਦੇ ਸਮਾਜਿਕ-ਸਿਆਸੀ ਖੇਤਰ ਵਿਚ ਵੀ ਭਾਰੀ ਹੰਗਾਮਾ ਕੀਤਾ।

ਅੰਬੇਦਕਰ ਨੇ ਗ੍ਰੇਸ ਇਨ ਵਿਚ ਬਾਰ ਕੋਰਸ ਪਾਸ ਕਰਨ ਤੋਂ ਬਾਅਦ ਆਪਣਾ ਕਾਨੂੰਨੀ ਕਰੀਅਰ ਸ਼ੁਰੂ ਕੀਤਾ। ਉਨ੍ਹਾਂ ਨੇ ਜਾਤਪਾਤ ਦੇ ਵਿਤਕਰੇ ਦੇ ਕੇਸਾਂ ਦੀ ਵਕਾਲਤ ਕਰਨ ਲਈ ਆਪਣੇ ਪੁਰਾਤਨ ਕੁਸ਼ਲਤਾਵਾਂ ਨੂੰ ਲਾਗੂ ਕੀਤਾ। ਭਾਰਤ ਨੂੰ ਬਰਬਾਦ ਕਰਨ ਵਾਲੇ ਬ੍ਰਾਹਮਣਾਂ 'ਤੇ ਦੋਸ਼ ਲਗਾਉਂਦੇ ਹੋਏ ਕਈ ਗੈਰ-ਬ੍ਰਾਹਮਣ ਆਗੂਆਂ ਦੀ ਰਾਖੀ ਵਿਚ ਉਨ੍ਹਾਂ ਦੀ ਸ਼ਾਨਦਾਰ ਜਿੱਤ ਨੇ ਉਨ੍ਹਾਂ ਦੀਆਂ ਭਵਿੱਖ ਦੀਆਂ ਲੜਾਈਆਂ ਦਾ ਆਧਾਰ ਸਥਾਪਤ ਕੀਤਾ।

1927 ਤਕ, ਅੰਬੇਡਕਰ ਨੇ ਦਲਿਤ ਅਧਿਕਾਰਾਂ ਲਈ ਪੂਰੀ ਤਰ੍ਹਾਂ ਅੰਦੋਲਨ ਸ਼ੁਰੂ ਕੀਤਾ. ਉਸਨੇ ਜਨਤਾ ਦੇ ਪੀਣ ਵਾਲੇ ਪਾਣੀ ਦੇ ਸ੍ਰੋਤਾਂ ਨੂੰ ਸਾਰਿਆਂ ਦੇ ਲਈ ਖੋਲ੍ਹਣ ਅਤੇ ਸਾਰੀਆਂ ਜਾਤਾਂ ਨੂੰ ਮੰਦਰਾਂ ਵਿੱਚ ਦਾਖਲ ਹੋਣ ਦੀ ਮੰਗ ਕੀਤੀ। ਉਸਨੇ ਨਾਸਿਕ ਵਿੱਚ ਕੱਲਾਰਾਮ ਮੰਦਰ ਵਿੱਚ ਦਾਖਲ ਹੋਣ ਲਈ ਭੇਦਭਾਵ ਦੀ ਵਕਾਲਤ ਕਰਨ ਅਤੇ ਭਾਰੀ ਪ੍ਰਦਰਸ਼ਨਾਂ ਦੀ ਵਿਵਸਥਾ ਕੀਤੀ।

1932 ਵਿਚ, ਡਾ. ਅੰਬੇਦਕਰ ਵਲੋਂ ਮਿਹਨਤ ਨਾਲ ਦੂਹਰੀ ਵੋਟ ਦਾ ਹੱਕ ਲਿਆ। ਇਸ ਨਾਲ ਅਛੂਤਾਂ ਲਈ ਅਛੂਤਾਂ ਵਿਚੋਂ ਅਛੂਤਾਂ ਦੀ ਵੋਟ ਨਾਲ ਅਛੂਤ ਨੇਤਾ ਚੁਣਨ ਦਾ ਹੱਕ ਲਿਆ। ਅਤੇ ਦੂਜੀ ਵੋਟ ਨਾਲ ਅਛੂਤਾਂ ਨੇ ਜਰਨਲ ਸਮਾਜ ਦੇ ਨੇਤਾ ਨੂੰ ਪਾਉਣੀ ਸੀ। ਪਰ ਗਾਂਧੀ ਨੇ ਇਸ ਦੇ ਖਿਲਾਫ ਮਰਨ ਵਰਤ ਰੱਖ ਅੰਗਰੇਜਾਂ ਵਲੋਂ ਦਿਤਾ ਹੱਕ ਜਬਰਦਸਤੀ ਵਾਪਸ ਕਰਵਾ ਦਿਤਾ। ਜੋ ਸਰਾਸਰ ਅਛੂਤਾਂ ਨਾਲ ਧੱਕਾ ਸੀ। ਗਾਂਧੀ ਨੇ ਅਛੂਤਾਂ ਨੇ ਕੇਵਲਹੱਕ ਹੀ ਨਹੀਂ ਖੋਹੇ, ਉਹਨਾਂ ਦੀ ਸਦਾ ਲਈ ਜੀਭ ਹੀ ਕੱਟ ਦਿਤੀ,ਇਸ ਨਾਲ ਅਛੂਤ ਨੇਤਾ ਹਮੇਸ਼ਾ ਲਈ ਅਛੂਤਾਂ ਦੇ ਮਸਲਿਆਂ ਲਈ ਮੂਕਨਾਇਕ ਬਣ ਗਏ, ਕਿਉਂਕਿ ਅਛੂਤ ਨੇਤਾ ਦੀ ਚੋਣ ਅਛੂਤ ਲੋਕਾਂ ਕੋਲੋ ਖੋ ਕੇ ਗਾਂਧੀ ਨੇ ਸਵਰਣ ਵਰਗਾਂ ਦੇ ਹੱਥ ਦੇ ਦਿਤੀ।ਅਛੂਤ ਵੋਟਰ ਉਸ ਨੂੰ ਵੋਟ ਪਾਉਣ ਜਾਂ ਨਾਂ ਪਾਉਣ ਸਵਰਣ ਲੋਕ ਆਪਣੇ ਮਨ ਪਸੰਦ (ਚਮਚੇ) ਅਛੂਤ ਨੂੰ ਆਪਣੀਆਂ ਹੀ ਵੋਟਾਂ ਨਾਲ ਜਿੱਤਾਉਂਣ ਦੀ ਗਿਣਤੀ ਰਖਦੇ ਹਨ।

ਸੰਸਦ ਵਿਚ ਬਹੁਗਿਣਤੀ ਦੀ ਹੀ ਸਰਕਾਰ ਬਣਨ ਦੀ ਪ੍ਰੀਕਿਰਿਆ ਹੈ। ਜੋ ਗੇਂਦ ਅੰਗਰੇਜਾਂ ਨੇ ਜਾਣੇ ਅਣਜਾਣੇ ਸਿਆਸਤ ਦੇ ਮੈਦਾਨ ਵਿਚ ਹਿੰਦੂ, ਮੁਸਲਮਾਨਾਂ ਵਿਚ ਛੂੱਟ ਦਿਤੀ ਸੀ ਉਸ ਨੂੰ ਹਿੰਦੂਵਾਦੀ ਨੇਤਾਵਾਂ ਨੇ ਆਪਣੀ ਬੇਸਮਝੀ ਜਾਂ ਬਹੁਗਿਣਤੀ ਦਾ ਘੁਮੰਡ ਕਾਰਨ ਦੇਸ਼ ਦੇ ਟੁੱਕੜੇ ਕਰਨ ਦਾ ਕਾਰਨ ਬਣਿਆ। ਬੇਸ਼ਕ ਦੋਨਾਂ ਧਿਰਾਂ ਵਿਚ ਵੱਖਵਾਦੀ ਲੋਕਾਂ ਦੇ ਸੁਰ ਤਿੱਖੇ ਸਨ, ਪਰ ਸਿਆਸੀ ਸਮਝਦਾਰੀ ਵਾਲੇ ਲੋਕ ਮੂਕ ਦਰਸ਼ਕ ਹੀ ਬਣੇ ਰਹੇ।

ਉਧਰ ਮੁਸਲਮਾਨ ਨੇਤਾ ਸਮਝਦੇ ਸਨ ਕਿ ਉਹਨਾਂ ਕੋਲ ਸੰਸਦ ਵਿਚ ਬਹੁਗਿਣਤੀ ਬਨਾਉਣ ਦੇ ਸਾਇਦ ਕਦੀ ਵੀ ਨੰਬਰ ਨਾਂ ਆ ਸਕਣ, ਇਸ ਤਰਾਂ ਉਹ ਕਦੀ ਵੀ ਸ਼ਕਤੀ ਵਿਚ ਨਹੀਂ ਆ ਸਕਦੇ ਸਨ। ਇਸ ਤਰਾ ਉਹ ਸੰਸਦ ਵਿਚ ਆਪਣੀ ਕੋਈ ਵੀ ਮੰਗ ਨੂੰ ਮਨਵਾਉਣ ਦਾ ਹੱਕ ਗੁਆ ਸਕਦੇ ਹਨ।

ਦੂਜੇ ਪਾਸੇ ਅੰਗਰੇਜਾਂ ਨੇ ਉਹਨਾਂ ਲਈ ਇਕ ਵੱਖਰੇ ਰਾਜ ਦੇ ਵਿਕਲਪ ਨੂੰ ਵੀ ਖੁੱਲਾ ਰਖਿਆ ਸੀ। ਮੇਰੇ ਵਿਚਾਰ ਅਨੂਸਾਰ ਕਾਂਗਰਸੀ ਹਿੰਦੂਵਾਦੀ ਲੋਕਾਂ ਨੂੰ ਇਸ ਸਮੇ ਹੋਰ ਵੀ ਵੱਧ ਸਿਆਣਪ ਕੋਲੋ ਕੰਮ ਲੈਣਾ ਬਣਦਾ ਸੀ। ਬੇਸ਼ਕ ਕਾਂਗਰਸ ਅਤੇ ਮੁਸਲਮਲੀਗ ਦੀਆਂ ਲਖਨਊ ਵਿਚ ਅਤੇ ਹੋਰ ਵੀ ਕਈ ਥਾਵਾਂ ਉਤੇ ਸਾਂਝੀਆਂ ਮੀਟਿੰਗਾਂ ਹੋਈਆਂ, ਅਤੇ ਮੁਸਲਮਾਲ ਨੇਤਾਵਾਂ ਨੂੰ ਬਰਾਬਰੀ ਦਾ ਭਰੋਸਾ ਵੀ ਦਿਤਾ। ਕਾਂਗਰਸ ਦੇਅਗਲੀ ਹੀ ਮੀਟਿੰਗ ਵਿਚ ਸਭ ਰੰਗ ਬਦਲ ਗਏ ਸਨ। ਪਰ ਉਹ ਮੁਸਲਮਾਨਾਂ ਦੇ ਮਨ ਵਿਚ ਉਹਨਾਂ ਅਤੇ ਸਮੁੱਚੇ ਸਮਾਜ ਲਈ ਸਮਤਾ, ਸਮਾਨਤਾ, ਭਾਈਚਾਰਾ ਅਤੇ ਬਰਾਬਰ ਇਨਸਾਫ ਨਿਆਇਕ ਵਿਵਸਥਾ ਵਾਲੀ ਭਵਿਖ ਦੀ ਸਰਕਾਰ ਦਾ ਨਾਂ ਹੀ ਕੋਈ ਠੋਸ ਤੱਥ ਪੇਸ਼ ਕਰ ਸਕੇ ਅਤੇ ਭਰੋਸਾ ਵੀ ਨਹੀਂ ਜਿੱਤ ਸਕੇ।

ਮੁਸਲਮਾਨ ਨੇਤਾ ਬਾਬਾ ਸਾਹਿਬ ਅੰਬੇਡਕਰ ਦੀ ਤਰਾਂ ਸਮਾਜਿਕ ਅਤੇ ਆਰਥਿਕ ਤੌਰ ਤੇ ਕਮਜੋਰ ਜਾਂ ਮਜਬੂਰ ਵੀ ਨਹੀ ਸਨ। ਅੰਦਰ ਖਾਤੇ ਕਾਂਗਰਸ ਅਤੇ ਹਿੰਦੂਆਂ ਦੇ ਇਕ ਸਮੂਹ ਨੂੰ ਇਹ ਨਜ਼ਰ ਆਉਣ ਲਗਾ ਕਿ ਮੁਸਲਮਾਨਾਂ ਦੇ ਅਲਗ ਰਾਜ ਬਣ ਜਾਣ ਨਾਲ ਭਾਰਤ ਨੂੰ ਇਕ ਹਿੰਦੂ ਰਾਜ ਬਣਾ ਸਦਾ ਲਈ ਹਿੰਦੂ ਰਾਜ ਕਾਇਮ ਕਰ ਲੈਣਗੇ, ਇਕ ਭਾਵਨਾ ਕਾਰਨ ਵੀ ਭਾਰਤੀ ਸਮਾਜ ਨੂੰ ਟੁੱਟਣ ਤੋਂ ਰੇਕਣ ਵਿਚ ਨਾਕਾਮ ਰਹੇ।ਜਿਕਰ ਕਰਨ ਵਾਲੀ ਗਲ ਹੈ ਕਿ ਇਕ ਵਾਰ ਅੰਗਰੇਜਾਂ ਨੇ ਬ੍ਰਾਹਮਣਾਂ ਦੇ ਜੱਜ ਬਣਨ ਉਤੇ ਰੋਕ ਲਗਾ ਦਿਤੀ ਸੀ । ਉਸ ਦਾ ਕਾਰਨ ਉਹਨਾ ਬ੍ਰਾਹਮਣ ਦਾ ਚ੍ਰਿੱਤਰ ਨਿਆਇਕ ਤਰਕ ਸੰਗਤ ਨਹੀ ਹੋਣਾ ਦਸਿਆ।


1936 ਵਿਚ ਅੰਬੇਦਕਰ ਨੇ ਸੁਤੰਤਰ ਲੇਬਰ ਪਾਰਟੀ ਦੀ ਸਥਾਪਨਾ ਕੀਤੀ। ਕੇਂਦਰੀ ਵਿਧਾਨ ਸਭਾ ਦੀਆਂ 1937 ਦੀਆਂ ਚੋਣਾਂ ਵਿਚ ਉਨ੍ਹਾਂ ਦੀ ਪਾਰਟੀ ਨੇ 15 ਸੀਟਾਂ ਜਿੱਤੀਆਂ ਸਨ। ਅੰਬੇਡਕਰ ਨੇ ਆਪਣੇ ਰਾਜਨੀਤਿਕ ਦਲ ਨੂੰ ਆਲ ਇੰਡੀਆ ਅਨੁਸੂਚਿਤ ਜਾਤਾਂ ਫੈਡਰੇਸ਼ਨ ਵਿਚ ਬਦਲਦੇ ਹੋਏ ਦੇਖਿਆ, ਹਾਲਾਂਕਿ ਇਹ ਭਾਰਤ ਦੀ ਸੰਵਿਧਾਨ ਸਭਾ ਲਈ 1946 ਵਿਚ ਹੋਈਆਂ ਚੋਣਾਂ ਵਿਚ ਬਹੁਤ ਮਾੜਾ ਪ੍ਰਦਰਸ਼ਨ ਸੀ। ਅੰਬੇਡਕਰ ਨੂੰ ਰੱਖਿਆ ਸਲਾਹਕਾਰ ਕਮੇਟੀ ਅਤੇ ਵਾਇਸਰਾਏ ਦੀ ਕਾਰਜਕਾਰਨੀ ਕੌਂਸਲ ਦੇ ਰੂਪ ਵਿੱਚ ਕਿਰਤ ਮੰਤਰੀ ਵਜੋਂ ਨਿਯੁਕਤ ਕੀਤਾ ਗਿਆ ਸੀ। ਬਾਅਦ ਵਿਚ ਉਹਨਾਂ ਰਿਪਬਲਿਕ ਪਾਰਟੀ ਆਫ ਇੰਡੀਆ ਵੀ ਬਣਾਈ। ਇਕ ਵਿਦਵਾਨ ਦੇ ਰੂਪ ਵਿਚ ਉਨ੍ਹਾਂ ਦੀ ਨੇਕਨਾਮੀ ਨੇ ਆਜ਼ਾਦ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਅਤੇ ਸੁਤੰਤਰ ਭਾਰਤ ਦੇ ਸੰਵਿਧਾਨ ਦੀ ਜ਼ਿੰਮੇਵਾਰ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਜੋ ਉਸ ਨੇ ਬਹੁਤ ਹੀ ਕਾਰਗਰ ਢੰਗ ਨਾਲ ਨਿਭਾਇਆ।ਡਾ. ਅੰਬੇਦਕਰ ਨੂੰ 29 ਅਗਸਤ, 1947 ਨੂੰ ਸੰਵਿਧਾਨ ਡਰਾਫਟ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਸੀ। ਅੰਬੇਦਕਰ ਨੇ ਸਮਾਜ ਦੇ ਸਾਰੇ ਵਰਗਾਂ ਵਿਚਕਾਰ ਵਰਚੁਅਲ ਪੁਲ ਦੇ ਨਿਰਮਾਣ 'ਤੇ ਜ਼ੋਰ ਦਿੱਤਾ। ਉਨ੍ਹਾਂ ਦੇ ਅਨੁਸਾਰ, ਜੇਕਰ ਦੇਸ਼ ਦੇ ਵਰਗਾਂ ਵਿਚਲਾ ਫਰਕ ਨਹੀਂ ਮਿਟੇ ਤਾਂ ਦੇਸ਼ ਦੀ ਏਕਤਾ ਨੂੰ ਕਾਇਮ ਰੱਖਣਾ ਔਖਾ ਹੋਵੇਗਾ। ਉਨ੍ਹਾਂ ਨੇ ਧਾਰਮਿਕ, ਲਿੰਗ ਅਤੇ ਜਾਤੀ ਸਮਾਨਤਾ 'ਤੇ ਵਿਸ਼ੇਸ਼ ਜ਼ੋਰ ਦਿੱਤਾ। ਉਹ ਸਿੱਖਿਆ, ਸਰਕਾਰੀ ਨੌਕਰੀਆਂ ਅਤੇ ਸਿਵਲ ਸੇਵਾਵਾਂ ਵਿਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਲਈ ਰਾਖਵੇਂਕਰਨ ਲਈ ਅਸੈਂਬਲੀ ਦਾ ਸਮਰਥਨ ਪ੍ਰਾਪਤ ਕਰਨ ਵਿਚ ਕਾਮਯਾਬ ਰਿਹਾ।

# ਗੁਰਦੇ ਦਾ ਕੈਂਸਰ ਕਾਰਨ ਲੱਛਣ ਇਲਾਜ ਅਤੇ ਪ੍ਰਹੇਜ



ਡਾ ਅਜੀਤਪਾਲ ਸਿੰਘ
ਐਮ ਡੀ
91-98156-29301

ਪਿਸ਼ਾਬ ਦੇ ਬਲੈਡਰ ਤੇ ਗੁਰਦੇ ਦੇ ਕੈਂਸਰ ਦੇ ਕਾਰਨ ਅਤੇ ਲੱਛਣ ਇੱਕੋ ਜਿਹੇ ਹੁੰਦੇ ਹਨ। ਦੋਨਾਂ ਦਾ ਆਪਸੀ ਸਬੰਧ ਨੇੜਲਾ ਹੋਣ ਕਰਕੇ ਦੋਨਾਂ ਦਾ ਵੇਰਵਾ ਕੀਤੀ ਇਕੱਠਾ ਹੀ ਦਿੱਤਾ ਜਾ ਸਕਦਾ ਹੈ। ਗਰਭ ਕਾਲ 'ਚ ਕੁੱਖ ਅੰਦਰ ਜਦ ਬੱਚਾ ਵਧਦਾ ਫੁੱਲਦਾ ਤੇ ਵਿਕਾਸ ਕਰਦਾ ਹੈ ਤਾਂ ਉਦੋਂ ਉਸ ਦੇ ਸਰੀਰ ਚ ਗੁਰਦੇ ਹੀ ਵੀ ਬਣਨ ਲੱਗਦੇ ਹਨ। ਪਰ ਕਈ ਵਾਰ ਗੁਰਦਿਆਂ ਨੂੰ ਬਣਾਉਣ ਵਾਲੇ ਤੰਤੂਆਂ ਦਾ ਵਿਕਾਸ ਏਨੀ ਤੇਜ਼ ਰਫਤਾਰ ਨਾਲ ਹੋਣ ਲੱਗਦਾ ਹੈ ਅਤੇ ਉਸੇ ਅਨੁਪਾਤ ਚ ਉਹ ਦਾ ਵਾਧਾ ਇੰਨਾ ਹੁੰਦਾ ਹੈ ਕਿ ਉਹ ਕੈਂਸਰ ਵਰਗੇ ਭਿਅੰਕਰ ਰੋਗ ਦਾ ਰੂਪ ਧਾਰਨ ਕਰ ਲੈਂਦਾ ਹੈ।ਇਸ ਹਾਲਤ ਵਿੱਚ ਜੋ ਕੈਂਸਰ ਹੁੰਦਾ ਹੈ ਉਸ ਨੂੰ ਵੇਲਸ ਟਿਊਮਰ ਕਿਹਾ ਜਾਂਦਾ ਹੈ। ਗੁਰਦੇ ਅੰਦਰ ਛੋਟੀਆ ਜਾਂ ਵੱਡੀਆ ਨਲਿਕਾਵਾਂ ਦੇ ਰਾਹੀਂ ਇਹ ਪੈਦਾ ਹੋ ਸਕਦਾ ਹੈ। ਫਿਰ ਵੀ ਇਹ ਵੇਖਿਆ ਗਿਆ ਹੈ ਕਿ ਜ਼ਿਆਦਾਤਰ ਛੋਟੀਆਂ ਨਲਿਕਾਵਾਂ ਰਾਹੀਂ ਹੀ ਇਸ ਦੀ ਉਤਪਤੀ ਹੁੰਦੀ ਹੈ। ਰੀਨਲ ਪੈਲਵਿਸ ਚ ਜਦ ਪੱਥਰੀ ਪੈ ਜਾਂਦੀ ਹੈ ਤਾਂ ਉਸ ਅਵਸਥਾ 'ਚ ਇਹੀ ਉਸ ਦੀ ਉਤਪਤੀ ਦਾ ਕਾਰਨ ਬਣ ਜਾਂਦਾ ਹੈ। ਪੱਥਰੀ ਕਾਰਨ ਰੀਨਲ ਪੈਲੇਸ ਚ ਇਨਫੈਕਸ਼ਨ ਵੀ ਹੋਣ ਲੱਗਦੀ ਹੈ ਅਤੇ ਇਸ ਪਿੱਛੋਂ ਕੈਂਸਰ ਵਿੱਚ ਤਬਦੀਲ ਹੋ ਜਾਂਦਾ ਹੈ। ਔਰਤ ਮਰਦ ਦੋਨੋਂ ਦੇ ਹੀ ਸਰੀਰ ਚ ਉਸ ਦੀ ਉਤਪਤੀ ਹੋ ਸਕਦੀ ਹੈ। ਫੇਫੜੇ ਜਾਂ ਕਿਸੇ ਹੋਰ ਥਾਂ ਦੇ ਕੈਂਸਰ ਵਿੱਚ ਜਿੱਥੇ ਔਰਤ ਮਰਦ ਦੀ ਔਸਤ ਚ ਫਰਕ ਹੁੰਦਾ ਹੈ ਗੁਰਦੇ ਦੇ ਕੈਂਸਰ ਚ ਇਹ ਕੋਈ ਔਸਤ ਨਹੀਂ ਹੈ। ਹਾਂ ਪਿਸ਼ਾਬ ਦੇ ਬਲੇਡ ਚ ਕਿਸੇ ਪ੍ਰਕਾਰ ਦੀ ਔਸਤ ਹੋ ਸਕਦੀ ਹੈ। ਇਹ ਕੈਂਸਰ ਔਰਤਾਂ ਚ ਵੱਡੀ ਗਿਣਤੀ ਚ ਤੇ ਮਰਦਾਂ ਚ ਘੱਟ ਪਾਇਆ ਜਾਂਦਾ ਹੈ।ਗੁਰਦੇ ਦਾ ਕੈਂਸਰ ਨਜ਼ਦੀਕੀ ਚ ਬੜੀ ਸ਼ਰਲਤਾ ਨਾਲ ਫੈਲ ਜਾਂਦਾ ਹੈ, ਪਸਰ ਜਾਂਦਾ ਹੈ। ਅਤੇ ਲਸੀਕਾ ਪ੍ਰਣਾਲੀ ਦੀਆਂ ਵਹਿਣੀਆਂ ਰਾਹੀਂ ਪੇਟ ਦੀਆਂ ਲਸੀਕਾ ਗ੍ਰੰਥੀਆਂ ਚ ਵੀ ਫੈਲ ਸਕਦਾ ਹੈ ਅਤੇ ਜਦ ਲਸੀਕਾ ਗ੍ਰੰਥੀਆਂ ਅਸਰ ਅੰਦਾਜ਼ ਹੋ ਜਾਂਦੀਆਂ ਹਨ ਤਾਂ ਉਹ ਪਿਸ਼ਾਬ ਦੇ ਰਸਤਿਆਂ ਤੇ ਦਬਾਅ ਪਾਉਣ ਲੱਗਦੀਆਂ ਹਨ। ਸਿੱਟੇ ਵਜੋਂ ਗੁਰਦਾ ਕੰਮ ਕਰਨਾ ਬੰਦ ਕਰ ਦਿੰਦਾ ਹੈ। ਸਿੱਟੇ ਵਜੋਂ ਪਿਸ਼ਾਬ ਨਹੀਂ ਉਤਰਦਾ ਤੇ ਸੋਜ ਇਨਫੈਕਸ਼ਨ ਹੋਰ ਵੱਧ ਜਾਂਦੀ ਹੈ। ਇਹ ਕੈਂਸਰ ਖ਼ੂਨ ਦੀ ਸਪਲਾਈ ਚ ਪਹੁੰਚ ਜਾਵੇ ਤਾਂ ਜਿਗਰ ਅਤੇ ਫੇਫੜੇ ਵੀ ਉਸ ਦੀ ਮਾਰ ਹੇਠ ਆ ਜਾਂਦੇ ਹਨ। ਗੁਰਦੇ ਦੇ ਕੈਂਸਰ ਚ ਸ਼ੁਰੂਆਤੀ ਲੱਛਣ ਤਾਂ ਇਹੀ ਹਨ ਕਿ ਪਿਸ਼ਾਬ ਕਰਦੇ ਸਮੇਂ ਦਰਦ ਨਾ ਵੀ ਹੋਵੇ ਪਰ ਫਿਰ ਵੀ ਉਸ ਵਿੱਚ ਖ਼ੂਹ ਆਵੇ। ਇਸ ਨਾਲ ਪਿਸ਼ਾਬ ਲਾਲ ਹੋ ਜਾਂਦਾ ਹੈ ਅਤੇ ਹੋਲੀ ਹੋਲੀ ਕੈਂਸਰ ਦੀ ਗੰਢ ਵਧਣ ਲੱਗਦੀ ਹੈ। ਉਸ ਮੁਤਾਬਕ ਉਸ ਦੇ ਲੱਛਣ ਵੀ ਪ੍ਰਗਟ ਹੋਣ ਲੱਗਦੇ ਹਨ। ਇਸ ਨਾਲ ਗੰਢ ਦੇ ਦਬਾਅ ਕਾਰਨ ਅੰਤੜੀਆਂ ਦੀਆਂ ਆਮ ਆਦਤਾਂ ਚ ਤਬਦੀਲੀ ਹੋਣ ਲੱਗਦੀ ਹੈ।ਪੇਟ ਅੰਦਰ ਕਿਸੇ ਗੰਢ ਜਾਂ ਕਿਸੇ ਭਾਰੀ ਚੀਜ਼ ਦਾ ਅਨੁਭਵ ਹੋਣ ਲੱਗਦਾ ਹੈ। ਪੇਟ ਚ ਵੱਖ ਵੱਖ ਤਰ੍ਹਾਂ ਨਾਲ ਅਤੇ ਵੱਖ ਵੱਖ ਮੌਕਿਆਂ ਤੇ ਦਰਦ ਉੱਠਣ ਲੱਗਦਾ ਹੈ ਅਤੇ ਉੱਥੋਂ ਕੈਂਸਰ ਜਦ ਕਿਸੇ ਹੋਰ ਪਾਸੇ ਪਸਰਨ ਲਗਦਾ ਹੈ ਤਾਂ ਉਸ ਮੁਤਾਬਿਕ ਲੱਛਣ ਪੈਦਾ ਹੋਣ ਲੱਗਦੇ ਹਨ। ਇਹ ਰੋਗ ਭਾਵ ਕੈਂਸਰ ਦੀ ਪਹਿਚਾਣ ਕਰਨ ਦੇ ਲਈ ਹੋਰਨਾਂ



ਜਾਂਚਾਂ ਤੋਂ ਇਲਾਵਾ ਪਿਸ਼ਾਬ ਦੇ ਟੈਸਟ ਐਕਸਰੇ, ਅਲਟਰਾਸਾਊਂਡ ਕੀਤੇ ਜਾਂਦੇ ਹਨ। ਰੰਗੀਨ ਐਕਸਰੇ ਇੰਟਰਾਵੀਨਸ ਪਾਇਲੋ ਗ੍ਰਾਫੀ (ਆਈ ਵੀ ਪੀ) ਵੀ ਕਰਨੀ ਹੁੰਦੀ ਹੈ। ਕਦੀ ਕਦੀ ਸੀਟੀ ਸਕੈਨ ਜਾਂ ਐੱਮਆਰਆਈ ਵੀ ਕਰਨੀ ਪੈਂਦੀ ਹੈ।ਫਿਰ ਵੀ ਜੇ ਬੀਮਾਰੀ ਦੀ ਸ਼ਨਾਖਤ ਨਾ ਹੋਵੇ ਤਾਂ ਬਾਇਪਸੀ ਕੀਤੀ ਜਾਂਦੀ ਹੈ।ਭਾਵ ਗੁਰਦੇ ਦੇ ਅੰਦਰੋਂ ਪੀਸ ਲੈ ਕੇ ਟੈਸਟ ਕੀਤਾ ਜਾਂਦਾ ਹੈ।

### ਗੁਰਦੇ ਦੇ ਕੈਂਸਰ ਦਾ ਇਲਾਜ:

ਹੋਰਾਂ ਕੈਂਸਰਾਂ ਵਾਂਗੂੰ ਸ਼ੁਰੂ ਦੇ ਪੜਾਅ ਤੇ ਇਸ ਕੈਂਸਰ ਦਾ ਇਲਾਜ ਆਪ੍ਰੇਸ਼ਨ ਜ਼ਰੀਏ ਆਸਾਨੀ ਨਾਲ ਹੋ ਜਾਂਦਾ ਹੈ।ਕੈਂਸਰ ਦੀ ਗੰਢ ਨੂੰ ਚੰਗੀ ਤਰ੍ਹਾਂ ਪੂਰੇ ਦਾ ਪੂਰਾ ਕੱਢ ਕੇ ਜੜੋਂ ਖਤਮ ਕਰ ਦਿੱਤਾ ਜਾਂਦਾ ਹੈ। ਪਰ ਜੇ ਰੋਗ ਫੈਲ ਕੇ ਲਸੀਕਾ ਗ੍ਰੰਥੀਆਂ ਤੱਕ ਪਹੁੰਚ ਗਿਆ ਹੋਵੇ ਤਾਂ ਵਿਕਿਰਨ ਭਾਵ ਰੇਡੀਓਥੈਰੇਪੀ ਰਾਹੀਂ ਵੀ ਇਲਾਜ ਸੰਭਵ ਹੁੰਦਾ ਹੈ।ਅਪਰੇਸ਼ਨ ਕਈ ਵਾਰ ਸੰਭਵ ਨਹੀਂ ਹੁੰਦਾ। ਇਹ ਕੈਂਸਰ ਲਸੀਕਾ ਜਾਂ ਖ਼ੂਨ ਰਾਹੀਂ ਫੇਫੜਿਆਂ ਚ ਪਹੁੰਚ ਜਾਵੇ ਤਾਂ ਕੀਮੋਥੈਰੇਪੀ ਨਾਲ ਇਲਾਜ ਕੀਤਾ ਜਾਂਦਾ ਹੈ।ਅਜਿਹੀ ਹਾਲਤ ਵਿੱਚ ਰੋਗ ਦੇ ਠੀਕ ਹੋਣ ਦੀ ਗਰੰਟੀ ਕੋਈ ਨਹੀਂ ਹੁੰਦੀ। ਪਿਸ਼ਾਬ ਦੇ ਬਲੈਡਰ ਦਾ ਕੈਂਸਰ ਅਕਸਰ ਬਲੈਡਰ ਦੇ ਅੰਦਰ ਹੀ ਰਹਿ ਕੇ ਵਧਦਾ ਫੁੱਲਦਾ ਤੇ ਪਸਰਦਾ ਹੈ। ਪਰ ਫਿਰ ਵੀ ਪਿਸ਼ਾਬ ਰਾਹੀਂ ਕੈਂਸਰ ਸੈੱਲ ਫੈਲ ਜਾਣ ਪਿੱਛੋਂ ਮੂਤਰ ਪ੍ਰਣਾਲੀ ਦੇ ਹੋਰਨਾਂ ਹਿੱਸਿਆਂ ਨੂੰ ਅਸਰਅੰਦਾਜ਼ ਕਰਦੇ ਹਨ ਇਹ ਕਲੈਂਡਰ ਦੀਆਂ ਦੀਵਾਰਾਂ ਵਿੱਚ ਵੀ ਫੈਲ ਜਾਂਦਾ ਹੈ ਬਾਹਰੀ ਦੀਵਾਰ ਤੇ ਆਉਣ ਨਾਲ ਕੈਂਸਰ ਪੇਟ ਦੀ ਦਿੱਲੀ ਤੱਕ ਪਹੁੰਚ ਜਾਂਦਾ ਹੈ। ਔਰਤਾਂ ਚ ਕਦੀ ਕਦੀ ਬੱਚੇਦਾਨੀ ਤੱਕ ਪਹੁੰਚ ਜਾਂਦਾ ਹੈ।ਲਸੀਕਾ ਵਹਿਣੀਆਂ ਰਾਹੀਂ ਵੀ ਲਸੀਕਾ ਗ੍ਰੰਥੀਆਂ ਤੱਕ ਪਹੁੰਚ ਜਾਂਦਾ ਹੈ।ਇਸ ਦਾ ਪਸਾਰਾ ਰਕਤ ਧਾਰਾ ਵਿੱਚ ਵੀ ਹੋ ਸਕਦਾ ਹੈ। ਜਿਸ ਨਾਲ ਫਿਰ ਇਹ ਸਰੀਰ ਦੇ ਹੋਰਨਾਂ ਅੰਗਾਂ ਨੂੰ ਨਜ਼ਰ ਅੰਦਾਜ ਕਰ ਸਕਦਾ ਹੈ। ਪਰ ਇਸ ਤਰ੍ਹਾਂ ਬਹੁਤ ਘੱਟ ਲੋਕਾਂ ਨੂੰ ਹੁੰਦਾ ਹੈ। ਬਾਕੀ ਕੈਂਸਰਾਂ ਵਾਂਗੂੰ ਇਸ ਦਾ ਵੀ ਸ਼ੁਰੂਆਤੀ ਇਲਾਜ ਆਪ੍ਰੇਸ਼ਨ ਹੈ। ਇਸ ਦੇ ਨਾਲ ਹੀ ਰੇਡੀਓ ਥੈਰਪੀ ਦਿੱਤੀ ਜਾ ਸਕਦੀ ਹੈ। ਸਰਜਰੀ ਦੇ ਨਾਲ ਪੂਰੀ ਤਰ੍ਹਾਂ ਪੂਰੀ ਦੀ ਪੂਰੀ ਗੰਢ ਕੱਢ ਦਿੱਤੀ ਜਾਂਦੀ ਹੈ।ਉਸ ਪਿੱਛੋਂ ਬਾਕੀ ਦੇ ਕੈਂਸਰ ਸੈੱਲ ਵਕਿਰਨ ਭਾਵ ਰੇਡੀਓ ਥੈਰਪੀ ਰਾਹੀਂ ਨਸ਼ਟ ਕਰ ਦਿੱਤੇ ਜਾਂਦੇ ਹਨ। ਪੇਸ਼ਾਬ ਦੇ ਬਲੈਡਰ ਦੀਆਂ ਦੀਵਾਰਾਂ ਜਦੋਂ ਪ੍ਰਭਾਵਿਤ ਹੋਣ ਤਾਂ ਫਿਰ ਰੇਡੀਓ ਐਕਟਿਵ ਗੋਲਡ ਦੇ ਬੀਜਾਂ ਨੂੰ ਇਸ ਰੋਗ ਨੂੰ ਖਤਮ ਕਰਨ ਦੇ ਇਰਾਦੇ ਨਾਲ ਬਲੈਡਰ ਦੀਆਂ ਦੀਵਾਰਾਂ ਤੇ ਜੜ੍ਹ ਦਿੱਤਾ ਜਾਂਦਾ ਹੈ ਫਿਰ ਕੀਮੋਥੈਰਪੀ ਕੀਤੀ ਜਾਂਦੀ ਹੈ।

### ਕੈਂਸਰ ਤੋਂ ਬਚਣ ਦੇ ਉਪਾਅ

ਰੋਗ ਦੀ ਪਹਿਚਾਣ ਤੇ ਮੌਕੇ ਸਿਰ ਇਲਾਜ ਦੀ ਬਜਾਏ,ਚੰਗਾ ਹੈ ਜੇ ਰੋਗ ਪੈਦਾ ਹੀ ਨਾ ਹੋਣ ਦਿੱਤਾ ਜਾਵੇ। ਜੇ ਪੈਦਾ ਹੋ ਜਾਵੇ ਤਾਂ ਉਸ ਨੂੰ ਵਧਣ ਤੋਂ ਰੋਕਿਆ ਜਾਵੇ। ਸਾਵਧਾਨੀ ਰੱਖਣ ਚ ਹੀ ਬਚਾਅ ਹੈ।ਜੇ ਪਿਸ਼ਾਬ ਚ ਖ਼ੂਨ ਆਵੇ ਤਾਂ ਤੁਰੰਤ ਰੰਗੀਨ ਐਕਸਰੇ ਕਰਾਓ। ਰੰਗ ਦੇ ਕਾਰਖਾਨੇ ਤੇ ਕੋਲੇ ਦੀਆਂ ਖਾਨਾਂ ਚ ਕੰਮ ਕਰਦੇ ਮਜ਼ਦੂਰਾਂ ਤੇ ਹੋਰਨਾਂ ਬੰਦਿਆਂ ਨੂੰ ਚਾਹੀਦਾ ਹੈ ਕਿ ਉਹ ਮੂੰਹ ਤੇ ਕੱਪੜਾ ਬੰਨ੍ਹ ਕੇ ਰੱਖਣ ਜਾਂ ਫਿਰ ਕੋਈ ਮਾਸਕ(ਨਕਾਬ) ਲਾ ਲੈਣ। ਜਿਸ ਨਾਲ ਧੂੜ ਦੇ ਕਣ, ਜਿਨ੍ਹਾਂ ਚ ਜ਼ਹਿਰੀਲੇ ਕਣ ਰਲੇ ਹੁੰਦੇ ਹਨ, ਉਹ ਸਰੀਰ ਅੰਦਰ ਦਾਖਲ ਨਾਂ ਹੋਣ। ਨੱਕ ਰਾਹੀਂ ਵੀ ਕਿਸੇ ਕਿਸਮ ਦਾ ਜ਼ਹਿਰੀਲਾ ਧੂੰਆਂ ਸਰੀਰ ਚ ਦਾਖਲ ਨਾ ਹੋਣ ਦਿੱਤਾ ਜਾਵੇ। ਲੋਕ ਜੇ ਪਿਸ਼ਾਬ ਦੀ ਪੱਥਰੀ ਹੋਵੇ ਜਾਂ ਹੋਰ ਕੋਈ ਰੋਗ ਹੋਵੇ ਤਾਂ ਲਾਪਰਵਾਹੀ ਵਰਤਦੇ ਹਨ,ਜਦੋਂ ਤੱਕ ਕਿ ਦਰਦ ਅਸਹਿ ਨਾ ਹੋ ਜਾਵੇ।

ਇਲਾਜ ਖੁਣੋਂ ਰੋਗ ਵਧ ਜਾਂਦਾ ਹੈ ਤੇ ਵਿਗੜ ਕੇ ਭਿਅੰਕਰ ਰੂਪ ਧਾਰਨ ਕਰ ਲੈਂਦਾ ਹੈ ਤੇ ਫਿਰ ਕੈਂਸਰ 'ਚ ਤਬਦੀਲ ਹੋ ਜਾਂਦਾ ਹੈ ਪਿਸ਼ਾਬ ਦਾ ਰੰਗ ਲਾਲ ਹੋਵੇ ਤਾਂ ਕੁਝ ਦਵਾਈ ਲੈ ਲਈ ਜਾਂਦੀ ਹੈ।

ਜਿਸ ਨਾਲ ਔੜ ਪੌੜ ਹੋ ਸਕਦਾ ਹੈ ਪਰ ਰੋਗ ਦੀ ਜੜ੍ਹ ਨਹੀਂ ਖਤਮ ਹੁੰਦੀ। ਭਰਮ ਚ ਰਹਿ ਕੇ ਪਿੱਛੋਂ ਪਛਤਾਉਣਾ ਪੈਂਦਾ ਹੈ। ਜੇ ਪਹਿਲਾਂ ਹੀ ਸਾਵਧਾਨੀ ਵਰਤੀ ਜਾਵੇ ਤਾਂ ਪਿਸ਼ਾਬ ਪ੍ਰਣਾਲੀ ਦੇ ਕੈਂਸਰ ਤੋਂ ਬਚਿਆ ਜਾ ਸਕਦਾ ਹੈ।

SUNSHINE AUTO CARE INC.
DBA
PHILLIPS AUTO CARE

Auto Services:
* Oil Change Services
* Fectory Scheduled Maintenance
* Transmission Repair / Replacement
* 4WD Repairs Clutch Replacement
* Power Door Lock & Windows Repairs
* Electrical / Battery Service & Repair
* Engine Diagnostic Service
* Air Conditioning Service & Repair
* Cooling System Service & Repair
* Major Engine Repair
* Brake Repairs
* And Much More...

Trucks & Trailers Services:
* DPF Filter Cleaning
* Clutch
* Computer Check
* Transmission
* Differential
* New / Use Tires
* Inspections
* Oil changes
* Van/Reefer Work
* Wheel Balancing
* Truck & Trailer Repair
* All Major & Minor Repairs
* We Do Aluminium Welding




ਅਸੀਂ ਕਸਟਮਰ ਨੂੰ ਪਿਕ ਅਪ ਅਤੇ ਡਰੋਪ ਵੀ ਕਰਦੇ ਹਾਂ
ਅਸੀਂ ਪੰਜਾਬੀ ਤੇ ਸਪੈਨਿਸ਼ ਵੀ ਬੋਲਦੇ ਹਾਂ
hablamos español
We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

ACCEPTED HERE
Com-Check
T-Check
EFS Check
VISA MasterCard AMERICAN EXPRESS DISCOVER

We Provide All Autos, Trucks & Trailers Repair





Contact: Deep Suman: (408) 561-1846, (209) 239-1551 (24/7 Available)
Address: 1003 Moffat Blvd, Manteca CA 95336

## ਸਾਹਿਤਕ ਪੈੜਾਂ- ਕੁਝ ਰਚਨਾਵਾਂ

### 'ਗਿਆਨ ਦੀ ਖ਼ੁਮਾਰੀ'

ਜੀਹਨੂੰ ਗਿਆਨ ਦੀ ਚੜ੍ਹਜੇ ਖ਼ੁਮਾਰੀ ਸਾਥੀਓ!
ਫਿਰ ਉਤਰੇ ਨਾ ਮੁੜਕੇ ਉਤਾਰੀ ਸਾਥੀਓ!
ਸੱਚ ਨੂੰ ਸੱਚ ਉਹ ਝੂਠ ਨੂੰ ਝੂਠ ਆਖਦਾ,
ਭਾਵੇਂ ਚੱਲ ਜਾਵੇ ਸੀਸ ਉਤੇ ਆਰੀ ਸਾਥੀਓ!
ਉਹ ਸੋਚਦਾ ਹੈ ਭਲਾ ਹਰ- ਇਕ ਦਾ,
ਕਿਸੇ ਦੀ ਕਰਦਾ ਨਾ ਮਾੜੀ ਸਾਥੀਓ!
ਮੇਜਰ ਕਦਰ ਕਰਨੀ ਚਾਹੀਦੀਆ ਸੱਚ ਦੀ,
ਕਹਿੜਾ ਜੱਗ ਉਤੇ ਆਉਣਾ ਵਾਰੀ-ਵਾਰੀ ਸਾਥੀਓ!



– ਮੇਜਰ ਸਿੰਘ 'ਬੁਢਲਾਡਾ'
91-94176-42327

### 'ਯਾਦਗਾਰ ਦਾ ਦਿਨ' ਸਜਾਵਟ ਦਾ ਦਿਨ

ਆ ਵੀਰ-ਬਹਾਦਰਾਂ
ਨੂੰ ਯਾਦ ਕਰੀਏ।

ਆ ਯਾਦਾਂ ਸਜਾ ਲਈਏ
ਆ ਬਹਾਦਰਾਂ ਦੀ,
ਗੱਲ ਕਰੀਏ।

ਆ ਵਾਰਾਂ ਗਾ ਲਈਏ
ਕੁਰਬਾਨੀਆਂ ਦਾ ਮੁੱਲ ਪਾਈਏ।

ਜਾਨਾਂ ਵਾਰ ਕੇ ਮਿਲੀ ਆਜ਼ਾਦੀ,
ਦਾ ਮੁੱਲ ਪਾਈਏ।

ਝੰਡਾ ਉਚਾ ਲਹਿਰਾਈਏ
ਉਹ ਲੜੇ ਕਿ ਕੌਮ ਆਜ਼ਾਦ ਰਹੇ।

ਝੱਲ ਕੇ ਦੁਖੜੇ ਹੱਸਦੇ ਮੁਖੜੇ,
ਜਰ ਗਏ ਸਾਰਾ ਦਰਦ ਮਰਜੀਵੜੇ।
ਕਿ ਕੌਮ ਖੁਸ਼ਹਾਲ ਰਹੇ।

ਆਜ਼ਾਦੀ ਦੀ ਚਾਹਤ ਵਿਚ,
ਵਾਰ ਗਏ ਹਾਂ ਆਪਣੀ ਜਾਨ।

ਯਾਦ ਵਸਾ ਕੇ ਰੱਖੀਓ ਦਿਲਾਂ ਵਿਚ,
ਇਹੀ ਸਾਡਾ ਰਹੇ ਨਿਸ਼ਾਨ।

ਜਦ ਜਦ ਮੇਲੇ ਲੱਗਦੇ ਰਹਿਣਗੇ,
ਵੀਰ-ਬਹਾਦਰ ਅਮਰ ਰਹਿਣਗੇ।

'ਪ੍ਰਵਾਨਾ' ਵਾਰ ਗਏ ਜੋ ਆਪਣੀ ਜਾਨ,
ਕੌਮ ਦਾ ਹੈ ਕੌਮੀ ਸਲਾਮ।



-ਪ੍ਰਮਿੰਦਰ ਸਿੰਘ 'ਪ੍ਰਵਾਨਾ'
510-781-0487

### ਇਕੋ ਜਿਹਾ

ਪੁੱਛਣੇ ਹੋ ਕੌਣ ਹਾਂ? ਕੌਣ ਵਿਚ ਕੀ ਪਿਆ ਹੈ।
ਧਰਤੀ ਦਾ ਹਰੇਕ ਪੁਤਲਾ, ਇਕੋ ਜਿਹਾ ਹੈ।

ਜੇ ਪਿਆਰ ਹੀ ਕਰਨਾ ਤਾਂ ਸ਼ੋਰ ਦੀ ਲੋੜ ਨਹੀਂ,
ਰੰਗ ਕਾਲਾ ਭੂਰਾ ਚਿੱਟਾ, ਦਿਲ ਤਾਂ ਇਕੋ ਜਿਹਾ ਹੈ।

ਇਹ ਬਾਗ ਸਾਰਾ ਰੱਬ ਦਾ ਤੇ ਬੂਟੇ ਨੇ ਵੱਖੋ ਵੱਖਰੇ,
ਤਾਰੇ ਵੀ ਛੋਟੇ ਵੱਡੇ, ਪਰ ਚਮਕਾਰਾ ਇਕੋ ਜਿਹਾ ਹੈ।

ਕਲਮ ਵੀ ਤਾਂ ਸਾਂਝੀ, ਸਿਆਹੀ ਕਾਲੀ-ਲਾਲ-ਨੀਲੀ,
ਲਿਖਣ ਦਾ ਥੋੜ੍ਹਾ ਫਰਕ, ਵਰਕਾ ਇਕੋ ਜਿਹਾ ਹੈ।

ਉਂਝ ਵੀ ਸਾਰੇ ਇਨਸਾਨ ਬਰਾਬਰ ਕੁਦਰਤੀ ਹੀਰੇ,
ਕਿਸੇ ਨੂੰ ਮਨੂ ਤੇ ਗਰੀਬੀ ਨੇ ਮਾਰਿਆ ਇਕੋ ਜਿਹਾ ਹੈ।

ਰੱਬੀ ਰੂਪ ਮਨੁੱਖਤਾ ਸਾਰੀ, ਰੰਗ-ਢੰਗ-ਅੰਗ ਸੋਹਣੇ,
ਰਾਮ, ਮੁਹੰਮਦ ਤੇ ਸਿੰਘ ਦਾ, ਮੁੱਲ ਇਕੋ ਜਿਹਾਹੈ।

ਕਿਸੇ ਦੀ ਜਾਤ ਧਰਮ ਨੀਵੇਂ ਨਹੀਂ, ਨਾਹੀਂ ਨੀਵੇਂ ਹੋਣਗੇ,
ਬੱਸ ਕਹਿਣ ਵਾਲੇ ਨੀਵੇਂ, ਜੀਵਨ ਪੰਧ ਇਕੋ ਜਿਹਾ ਹੈ।

ਬੰਦਾ ਹੀ ਬੰਦੇ ਦਾ ਦਾਰੂ ਰਿਹਾ ਹੈ ਅਜ਼ਲਾਂ ਤੋਂ,
ਅੱਜ ਵੀ ਕੱਲ੍ਹ ਵੀ, ਚੰਗੀ ਸੋਚ ਦਾ ਰੰਗ ਇਕੋ ਜਿਹਾ ਹੈ।

ਅੱਗੇ ਆਓ ਹੱਥ ਮਿਲਾਓ, ਗਲਵੱਕੜੀ ਪਾਓ 'ਕਮਲ'
ਹਰ ਇਕ ਇਨਸਾਨ ਦਾ, ਸਾਹ ਸਾਹ ਇਕੋ ਜਿਹਾ ਹੈ।



– ਕਮਲ ਬੰਗਾ
ਸੈਕਰਾਮੈਂਟੋ
916-897-8570

### ਮਨੁੱਖਤਾ ਨੂੰ ਬਚਾਓ

ਮਨੁੱਖਤਾ ਨੂੰ ਖਤਰਾ ਹੈ ਚਾਰੇ ਪਾਸੇ
ਹਰ ਪਾਸੇ ਲੁੱਟਾਂ-ਖੋਹਾਂ, ਕਤਲੋਗਾਰਤ, ਬਲਾਤਕਾਰ
ਬੇਈਮਾਨੀ, ਫਰੇਬ, ਕਪਟ ਅਤੇ ਭ੍ਰਿਸ਼ਟਾਚਾਰ ਦਾ ਆਲਮ ਏ
ਮਨੁੱਖਤਾ ਨੂੰ ਬਚਾਓ
ਪਸ਼ੂ, ਵਹਿਸ਼ੀ ਤੇ ਹੈਵਾਨਾਂ ਤੋਂ
ਮਨੁੱਖਤਾ ਨੂੰ ਬਚਾਓ
ਸਾਮਰਾਜੀ ਤਾਕਤਾਂ, ਖੁਦਗਰਜ਼
ਭ੍ਰਿਸ਼ਟ ਤੇ ਸੱਤਾ ਦੇ ਭੁੱਖੇ ਰਾਜਨੀਤਿਕਾਂ ਤੋਂ
ਮਨੁੱਖਤਾ ਨੂੰ ਬਚਾਓ
ਗੁੰਡੇ, ਡਾਕੂ, ਚੋਰਾਂ, ਵਿਭਚਾਰੀਆਂ,
ਧੱਕੇਸ਼ਾਹਾਂ ਤੇ ਲੁਟੇਰਿਆਂ ਤੋਂ
ਮਨੁੱਖਤਾ ਨੂੰ ਬਚਾਓ
ਜਜ਼ਬਾਤਾਂ, ਅਹਿਸਾਸਾਂ, ਭਾਵਨਾਂਵਾਂ
ਜ਼ਮੀਰ, ਗੈਰਤ, ਨੈਤਿਕਤਾ, ਹਮਦਰਦੀ
ਤੇ ਦਇਆ ਤੋਂ ਸੱਖਣੇ ਮਨੁੱਖਾਂ ਪਾਸੋਂ
ਮਨੁੱਖਤਾ ਨੂੰ ਬਚਾਓ
ਅਗਿਆਨੀਆਂ, ਮੂਰਖਾਂ, ਝੂਠੇ
ਖੁਦਗਰਜ਼, ਗਦਾਰਾਂ ਤੇ ਪੱਖਪਾਤੀ ਮਨੁੱਖਾਂ ਤੋਂ
ਬਣੋ ਇਨਸਾਨ ਤੇ ਕਰੋ ਪਿਆਰ ਮਨੁੱਖਤਾ ਨੂੰ
ਪਰ ਮਨੁੱਖ ਬਣਨਾ ਸੌਖਾ ਨਹੀਂ
ਫਰਿਸ਼ਤੋਂ ਸੇ ਬਿਹਤਰ ਹੈ, ਇਨਸਾਨ ਬਣਨਾ
ਮਗਰ ਇਸ ਸਮੇਂ ਲਗਤੀ ਹੈ, ਮਿਹਨਤ ਜ਼ਿਆਦਾ
ਪਿਆਰ ਸਿਰਫ ਹੁਸਨ ਇਸ਼ਕ ਦੀਆਂ
ਬਾਤਾਂ ਪਾਉਣਾ ਹੀ ਨਹੀਂ ਹੁੰਦਾ
ਪਿਆਰ ਮਨੁੱਖਤਾ ਨੂੰ ਵੀ ਕੀਤਾ ਜਾਂਦਾ ਏ
ਔਰ ਭੀ ਗਮ ਹੈਂ ਜ਼ਮਾਨੇ ਮੇਂ, ਮੁਹੱਬਤ ਦੇ ਸਿਵਾ
ਰਾਹ ਤੇ ਔਰ ਭੀ ਹੈ, ਬੱਸਬਕੀ ਰਾਹਤ ਕੇ ਸਿਵਾ
ਆਦਮੀ ਮੇਂਰਾਖੋਜੌਹਰ ਜੋ,
ਅਗਰ ਆਦਮੀਅਤ ਨਹੀ ਤੋਂ ਕੁਛ ਭੀ ਨਹੀਂ
ਕਰੋ ਪਿਆਰ ਮਨੁੱਖਤਾ ਨੂੰ
ਤੇ ਬਚਾਓ ਮਨੁੱਖਤਾ ਨੂੰ।



-ਮਾਸਟਰ ਨਿਰਮਲ ਸਿੰਘ ਲਾਲੀ

### ਟੈਸਟ



ਪਾਪਾ ਜੀ ਦੇ ਹੱਥ ਮੇਰਾ ਟੈਸਟ ਲੱਗਿਆ
ਜੋ ਮੈਂ ਛੁਪਾਕੇ ਡਾਇਰੀ 'ਚ ਸੀ ਰੱਖਿਆ।
ਨੰਬਰ ਆਏ ਮੇਰੇ ਤੀਹਾਂ ਵਿੱਚੋਂ ਚਾਰ,
ਦੱਸਦਾ ਮੈਂ ਉਹਨਾਂ ਨੂੰ ਕਿਸ ਮੂੰਹ ਨਾਲ।
ਵੇਖ ਕੇ ਪੇਪਰ ਮੇਰਾ, ਮਨ ਸਭ ਦਾ ਉਦਾਸ,
ਮੇਰੇ ਅਫ਼ਸਰ ਬਣਨ ਦੀ ਲਗਾਈ ਬੈਠੇ ਆਸ।
ਗੁੱਸੇ ਵਿੱਚ ਪਾਪਾ ਜੀ ਹੋ ਗਏ ਲਾਲ,
ਪੁੱਛਣ ਲੱਗੇ ਮੈਨੂੰ ਸਵਾਲ ਤੇ ਸਵਾਲ।
ਦੱਸ ਤੇਰਾ ਟੈੱਸਟ ਵਿੱਚ ਕਿਉਂ ਬੁਰਾ ਹਾਲ?
ਟਿਊਸ਼ਨ ਵੀ ਜਾਂਦਾ ਏ ਤੂੰ ਸਾਰਾ ਸਾਲ।
ਦੇਖ ਕੇ ਹਾਲਾਤ ਮੈਂ ਤਾਂ ਬਹੁਤ ਘਬਰਾਇਆ,
ਪਤਾ ਨਹੀਂ ਕਿਸਨੇ ਪਾਪਾ ਨੂੰ ਡੰਡਾ ਫੜਾਇਆ।
ਕਰ ਲਈ ਸੀ ਉਹਨਾਂ ਮਾਰਨ ਦੀ ਤਿਆਰੀ,
ਵਿੱਚ ਆ ਕੇ ਖੜ ਗਈ ਮਾਂ ਮੇਰੀ ਪਿਆਰੀ।
ਕੋਈ ਨਾ ਹੁਣ ਪੜ੍ਹ ਲਊ, ਕਹਿ ਕੇ ਛੁਡਾਇਆ,
ਫਿਰ ਯਾਰੋਂ ਮੇਰੇ ਸਾਹ 'ਚ ਸਾਹ ਆਇਆ।
ਗਲਤੀ ਆਪਣੀ ਲਈ ਮੋਹੀ ਨੇ ਸੌਰੀ ਮੰਗੀ,
ਅਗਲੇ ਟੈੱਸਟਾਂ ਵਿੱਚੋਂ ਪਾਪਾ ਰਿਪੋਰਟ ਆਊ ਚੰਗੀ।
ਪਾਪਾ ਜੀ ਨੇ ਕਰ ਦਿੱਤਾ ਮੈਨੂੰ ਮਾਫ਼,
ਮੇਹਨਤ ਕਰੂੰ ਹੁਣ ਮੈਂ ਵੀ ਬੇਹਿਸਾਬ।
"ਚਮਨ" ਮਾਪਿਆਂ ਨਾਲ ਹਰ ਗੱਲ ਕਰੀਏ,
ਉਹਨਾਂ ਕੋਲੋਂ ਬਿਲਕੁਲ ਨਾ ਡਰੀਏ।
ਦੇਣਗੇ ਤੁਹਾਨੂੰ ਸਦਾ ਚੰਗੀ ਸਲਾਹ,
ਜਿੰਦਗੀ 'ਚ ਚੱਲੋਗੇ ਸਿੱਧੇ ਰਾਹ।

– ਚਮਨਦੀਪ ਸ਼ਰਮਾ
91-95010 33005

# ਸਾਹਿਤ ਦਾ ਨਿਰੰਤਰ ਵਗਦਾ ਚਸ਼ਮਾ- ਵਰਿੰਦਰ ਕੌਰ ਰੰਧਾਵਾ



ਪ੍ਰੀਤਮ ਲੁਧਿਆਣਵੀ
9876428641

ਵਰਿੰਦਰ ਕੌਰ ਰੰਧਾਵਾ ਪੰਜਾਬੀ ਸਾਹਿਤ ਤੇ ਸੱਭਿਆਚਾਰਕ ਖੇਤਰ ਵਿਚ ਨਿਰੰਤਰ ਵਗਦਾ ਇਕ ਐਸਾ ਸ਼ੀਤਲ ਝਰਨਾ ਹੈ, ਜਿਹੜਾ ਕਿ ਕਹਾਣੀ, ਕਵਿਤਾ, ਗੀਤ ਅਤੇ ਰੁਬਾਈਆਂ ਦੇ ਰੂਪ ਵਿਚ ਪਾਠਕਾਂ ਦੇ ਹਿਰਦਿਆਂ ਨੂੰ ਸਕੂਨ ਦੇ ਰਿਹਾ ਹੈ। ਇਹੀ ਝਰਨਾ ਜਦੋਂ ਸਟੇਜੀ ਰੂਪ ਵਿਚ ਵਿਚਰਦਾ ਹੈ, ਤਾਂ ਕਦੀ 'ਗਿੱਧਿਆਂ ਦੀ ਰਾਣੀ', ਕਦੀ ਲਾ-ਜੁਵਾਬ ਸਟੇਜ-ਸੰਚਾਲਕਾ ਅਤੇ ਕਦੀ ਲੋਕ-ਗਾਇਕਾ ਵਜੋਂ ਨਾਮਣਾ ਖੱਟ ਰਿਹਾ ਹੁੰਦਾ ਹੈ।

ਵਰਿੰਦਰ ਦੱਸਦੀ ਹੈ ਕਿ ਲਿਖਣ ਅਤੇ ਸੱਭਿਆਚਾਰਕ ਗਤੀ-ਵਿਧੀਆਂ ਦਾ ਸ਼ੌਕ ਤਾਂ ਭਾਂਵੇ ਉਸ ਨੂੰ ਸਕੂਲ ਟਾਈਮ ਤੋਂ ਹੀ ਜਾਗ ਪਿਆ ਸੀ, ਪਰ ਇਸ ਸ਼ੌਕ ਨੂੰ ਪੂਰਾ ਕਰਨ ਲਈ ਖੁੱਲਕੇ ਸਟੇਜੀ ਪਲੇਟਫਾਰਮ ਨਹੀ ਸੀ ਮਿਲ ਰਿਹਾ। ਫਿਰ ਚੱਲਦੇ-ਚੱਲਦਿਆਂ ਅਚਾਨਕ 2014 ਵਿਚ ਉਸ ਦਾ ਸਬੰਧ ਸਾਹਿਤਕ ਹਲਕਿਆਂ ਦੀ ਜਾਣੀ-ਪਛਾਣੀ ਸੰਸਥਾ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ.) ਨਾਲ ਉਸ ਵਕਤ ਹੋਇਆ ਜਦੋਂ ਇਹ ਸੰਸਥਾ ਆਪਣਾ ਛੇਵਾਂ ਸਾਂਝਾ ਕਾਵਿ-ਸੰਗ੍ਰਹਿ ਪ੍ਰਕਾਸ਼ਤ ਕਰਵਾ ਰਹੀ ਸੀ। ਵਰਿੰਦਰ ਨੇ ਦੱਸਿਆ ਕਿ ਸੰਸਥਾ ਨੂੰ ਦੇਰੀ ਨਾਲ ਪਹੁੰਚ ਕਰਨ ਕਰਕੇ ਅਤੇ ਰਚਨਾਵਾਂ ਪੁਸਤਕ ਦੇ ਮਿਆਰ ਤੇ ਨਾ ਢੁੱਕਦੀਆਂ ਹੋਣ ਕਰਕੇ ਉਹ ਇਸ ਸੰਗ੍ਰਹਿ ਵਿਚ ਸ਼ਾਮਲ ਤਾਂ ਭਾਂਵੇ ਨਹੀ ਹੋ ਸਕੀ ਪਰ, ਉਸ ਦਾ ਇਸ ਸੰਸਥਾ ਦੇ ਪ੍ਰਧਾਨ ਸੁਪ੍ਰਸਿੱਧ ਗੀਤਕਾਰ ਲਾਲ ਸਿੰਘ ਲਾਲੀ ਅਤੇ ਸੰਸਥਾ ਨਾਲ ਸਬੰਧ ਜਰੂਰ ਕਾਇਮ ਹੋ ਗਿਆ। ਜਿਸ ਸਦਕਾ ਉਸ ਨੂੰ ਕਾਫੀ ਕੁਝ ਸਿੱਖਣ ਨੂੰ ਮਿਲਣ ਲੱਗਿਆ। ਉਸ ਦੀ ਕਲਮ ਅੱਜ ਹੋਰ ਤੇ ਕੱਲ੍ਹ ਹੋਰ, ਭਾਵ ਕਲਮ ਵਿਚ ਲਗਾਤਾਰ ਸੁਧਾਰ ਤੇ ਨਿਖਾਰ ਆਉਂਦਾ ਗਿਆ। ਨਤੀਜੇ ਵਜੋਂ ਉਸ ਨੇ 'ਸੱਚ ਦਾ ਸੂਰਜ' (ਨਾਵਲ) ਅਤੇ 'ਕਲਮ ਦੀਆਂ ਕਿਰਨਾਂ' (ਕਾਵਿ-ਸੰਗ੍ਰਹਿ) ਦੀ ਸਿਰਜਣਾ ਕੀਤੀ। ਇਸ ਸੰਸਥਾ ਨੇ ਇਨ੍ਹਾਂ ਦੋਵਾਂ ਪੁਸਤਕਾਂ ਨੂੰ ਜਿੱਥੇ ਪੇਸ਼-ਕਰਤਾ ਵਜੋ ਪੇਸ਼ ਕੀਤਾ, ਉਥੇ ਮੁਹਾਲੀ ਸ਼ਹਿਰ ਦੇ ਫੇਸ-6 ਦੇ ਸ਼ਿਵਾਲਿਕ ਪਬਲਿਕ ਸਕੂਲ ਦੇ ਸ਼ਾਨਦਾਰ ਆਡੋਟੋਰੀਅਮ ਵਿਚ ਇਨ੍ਹਾਂ ਦੋਵਾਂ ਪੁਸਤਕਾਂ ਨੂੰ ਬੜੀ ਸ਼ਾਨੋ-ਸ਼ੌਕਤ ਨਾਲ ਰੀਲੀਜ ਕਰਦਿਆਂ ਰੰਧਾਵਾ ਨੂੰ 'ਧੀ ਪੰਜਾਬ ਦੀ ਐਵਾਰਡ-2017' ਨਾਲ ਸਨਮਾਨਿਤ ਕਰ ਕੇ ਉਸ ਦੀ ਕਲਮ ਦੀ ਕਦਰ ਪਾਈ। ਬਸ, ਫਿਰ ਤਾਂ ਵਰਿੰਦਰ ਜਾਣੋ ਹੋਰ ਵੀ ਲਗਨ, ਮਿਹਨਤ ਅਤੇ ਸ਼ੌਕ ਨਾਲ ਸਾਹਿਤਕ-ਮੈਦਾਨ ਵਿਚ ਨਿਕਲ ਤੁਰੀ। ਉਪਰੰਤ ਦੇਸ਼-ਵਿਦੇਸ਼ ਦਾ ਪੰਜਾਬੀ ਦਾ ਸ਼ਾਇਦ ਹੀ ਕੋਈ ਐਸਾ ਪੇਪਰ ਜਾਂ ਮੈਗਜੀਨ ਬਚਿਆ ਹੋਵੇ ਜਿੱਥੇ ਤੱਕ ਉਸ ਦੀ ਕਲਮ ਦੀ ਸਿਰਜਣਾ ਨਾ ਪਹੁੰਚੀ ਹੋਵੇ।



ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਕਹਿੰਦਿਆਂ ਖੁੱਲ੍ਹਕੇ ਲਿਖਣ ਦੀ ਹਿੰਮਤ ਕਰਨ ਵਾਲੀ, ਜਿਲ੍ਹਾ ਗੁਰਦਾਸਪੁਰ ਦੇ ਬਟਾਲਾ ਸ਼ਹਿਰ ਵਿਚ ਅਧਿਆਪਕਾ ਦੀਆਂ ਜਿੰਮੇਵਾਰੀਆਂ ਨਿਭਾਉਦੀ, ਲਾਗਲੇ ਪੈਂਦੇ ਪਿੰਡ ਜੈਤੋ ਸਰਜਾ ਵਿਚ ਡੇਰੇ ਲਾਈ ਬੈਠੀ, ਇਸ ਮੁਟਿਆਰ ਕਲਮਕਾਰਾ ਨੇ ਵਧਦੇ ਕਦਮੀ ਹੁਣ 'ਬੁਝਦੇ ਦੀਵੇ ਦੀ ਲੋਅ' (ਕਹਾਣੀ-ਸੰਗ੍ਰਹਿ) ਸਾਹਿਤ ਦੀ ਝੋਲੀ ਪਾਉਣ ਦਾ ਉਪਰਾਲਾ ਕੀਤਾ ਹੈ। ਜਿਸ ਨੂੰ ਹੁਣੇ-ਹੁਣ 31 ਮਾਰਚ 2018 ਨੂੰ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ.) ਨੇ ਸ਼ਹਿਰ ਮੁਹਾਲੀ ਦੇ ਫੇਸ -1 ਵਿਚ ਲੋਕ-ਅਰਪਣ ਕਰਦਿਆਂ ਉਸ ਨੂੰ 'ਦਲੀਪ ਕੌਰ ਟਿਵਾਣਾ ਐਵਾਰਡ-2018' ਨਾਲ ਨਿਵਾਜਿਆ ਹੈ।

ਵਰਿੰਦਰ ਦੀਆਂ ਜਿੱਥੇ ਕਵਿਤਾਵਾਂ ਅਤੇ ਗੀਤ ਸਮਾਜਿਕ ਕੁਰੀਤੀਆਂ ਦੇ ਵਿਰੁੱਧ ਬੁਲੰਦ ਅਵਾਜ ਉਠਾਉਂਦੇ ਹਨ, ਉਥੇ ਉਸ ਦੀਆਂ ਕਹਾਣੀਆਂ ਅਤੇ ਨਾਵਲ 'ਸੱਚ ਦਾ ਸੂਰਜ' ਵੀ ਸਮਾਜਿਕ ਕੁਰੀਤੀਆਂ ਦੀ ਵਿਰੋਧਤਾ ਅਤੇ ਆਪਣੇ ਸੱਭਿਆਚਾਰਕ ਵਿਰਸੇ ਦੀ ਸੰਭਾਲ ਦੇ ਵਿਸ਼ਿਆਂ ਦੁਆਲੇ ਹੀ ਘੁੰਮਦਾ ਹੈ। ਖੁਦ ਨਾਰੀ-ਵਰਗ ਨਾਲ ਸਬੰਧਤ ਹੋਣ ਕਰਕੇ ਨਾਰੀ-ਵਰਗ ਨੂੰ ਸਮਾਜ ਵਿਚ ਪੈਰ-ਪੈਰ ਉਤੇ ਦਰਪੇਸ਼ ਅੜਚਨਾ, ਮੁਸ਼ਕਲਾਂ, ਉਸ ਨਾਲ ਹੋ ਰਹੇ ਜ਼ੁਲਮ ਅਤੇ ਵਧੀਕੀਆਂ ਨੂੰ ਭਲੀ-ਭਾਂਤ ਸਮਝਦੀ ਹੈ ਉਹ। ਇਸੇ ਕਰਕੇ ਨਾਰੀ-ਵਰਗ ਦੇ ਦੁਖਾਂਤ ਨੂੰ ਉਸ ਦੀ ਕਲਮ ਨੇ ਖੁੱਲ੍ਹਕੇ ਛੋਹਿਆ ਹੈ। ਧੀਆਂ-ਭੈਣਾਂ ਦੇ ਹੱਕ 'ਚ ਹਾਅ ਦਾ ਨਾਹਰਾ ਮਾਰਦੀਆਂ ਉਸ ਦੀਆਂ ਇਸ ਵਿਸ਼ੇ ਦੀਆਂ ਰਚਨਾਵਾਂ ਪੱਥਰਾਂ ਨੂੰ ਵੀ ਮੋਮ ਕਰਨ ਦਾ ਦਮ ਰੱਖਦੀਆਂ ਹਨ। ਇਸ ਤੋਂ ਇਲਾਵਾ ਆਪਣੇ ਖੁੱਸਦੇ ਜਾ ਰਹੇ ਵੱਡਮੁੱਲੇ ਸੱਭਿਆਚਾਰਕ ਵਿਰਸੇ ਪ੍ਰਤੀ ਵੀ ਬਹੁਤ ਚਿੰਤਤ ਹੈ, ਉਹ।

ਵਰਿੰਦਰ ਦੀ ਕਲਮ ਸਿਰਫ ਤਿੰਨ ਮੌਲਿਕ ਪੁਸਤਕਾਂ ਸਾਹਿਤ ਦੀ ਝੋਲੀ ਪਾਉਣ ਤੱਕ ਹੀ ਸੀਮਿਤ ਨਹੀ, 'ਕਲਮਾਂ ਦਾ ਸਫਰ' (ਕਾਵਿ-ਸੰਗ੍ਰਹਿ), 'ਜੋੜੀਆਂ ਜੱਗ ਥੋੜ੍ਹੀਆਂ' (ਕਹਾਣੀ-ਸੰਗ੍ਰਹਿ) ਅਤੇ 'ਹੋਕਾ ਕਲਮਾਂ ਦਾ' (ਕਾਵਿ-ਸੰਗ੍ਰਹਿ) ਆਦਿ ਵਿਚ ਵੀ ਭਰਵੀਂ ਹਾਜਰੀ ਲਗਵਾ ਚੁੱਕੀ ਹੈ ਉਹ। ਇਸ ਤੋਂ ਇਲਾਵਾ ਸੰਪਾਦਨਾ ਖੇਤਰ ਵਿਚ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ.) ਦੇ 254 ਕਲਮਾਂ ਦੇ ਕਾਵਿ-ਸੰਗ੍ਰਹਿ 'ਕਲਮਾਂ ਦਾ ਸਫਰ' ਅਤੇ ਇਸੇ ਸੰਸਥਾ ਦੀ 906 ਕਲਾ-ਪ੍ਰੇਮੀਆਂ ਦੀ ਟੈਲੀਫੋਨ ਡਾਇਰੈਕਟਰੀ, 'ਵਿਰਸੇ ਦੇ ਪੁਜਾਰੀ' ਦੇ ਸੰਪਾਦਕੀ ਬੋਰਡ ਵਿਚ ਵੀ ਅਹਿਮ ਰੋਲ ਨਿਭਾਇਆ ਹੈ ਉਸ ਨੇ। ਇਸ ਸੰਸਥਾ ਦੇ ਪ੍ਰਚਾਰ ਸਕੱਤਰ ਦੀਆਂ ਜਿੰਮੇਵਾਰੀਆਂ ਨਿਭਾ ਰਹੀ ਵਰਿੰਦਰ ਦੀਆਂ ਕਲਾਵਾਂ ਦੀ ਇੱਥੇ ਹੀ ਬਸ ਨਹੀ : ਉਹ ਇਕ ਵਧੀਆ ਸਟੇਜ-ਸੰਚਾਲਕਾ, ਵਧੀਆ ਕਵਿੱਤਰੀ ਅਤੇ ਗਿੱਧਿਆਂ ਦੀ ਰਾਣੀ ਗਿੱਧਾ ਕੋਚ ਵੀ ਹੈ।

ਵਰਿੰਦਰ ਦੀਆਂ ਸਮਾਜਿਕ, ਸਾਹਿਤਕ, ਸੱਭਿਆਚਾਰਕ ਅਤੇ ਧਾਰਮਿਕ ਸੇਵਾਵਾਂ ਦੀ ਕਦਰ ਪਾਉਂਦਿਆਂ ਜਿੱਥੇ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ.) ਉਸਨੂੰ ਸਨਮਾਨਿਤ ਕਰ ਚੁੱਕੀ ਹੈ, ਉਥੇ ਹੋਰ ਵੀ ਕਈ ਸੰਸਥਾਵਾਂ ਆਪੋ-ਆਪਣੇ ਢੰਗ-ਤਰੀਕੇ ਨਾਲ ਸਮਨਾਮਿਤ ਕਰ ਕੇ ਉਸ ਦੀਆਂ ਕਲਾਵਾਂ ਦੀ ਕਦਰ ਪਾ ਚੁੱਕੀਆਂ ਹਨ।

ਇਕ ਮੁਲਾਕਾਤ ਦੌਰਾਨ ਆਪਣੀਆਂ ਸਤਿਕਾਰਤ ਭਾਵਨਾਵਾਂ ਜਾਹਰ ਕਰਦਿਆਂ ਉਸ ਕਿਹਾ, 'ਇਸ ਮੁਕਾਮ ਤੱਕ ਪਹੁੰਚਣ ਲਈ ਜਿੱਥੇ ਮੈਂ ਆਪਣੀ ਮਾਤਾ ਜਤਿੰਦਰ ਕੌਰ ਜੀ ਦੇ ਨਾਲ-ਨਾਲ ਸੁਪ੍ਰਸਿੱਧ ਗੀਤਕਾਰ ਲਾਲ ਸਿੰਘ ਲਾਲੀ, ਸੰਸਥਾ ਦੇ ਚੇਅਰਮੈਨ ਬਲਵੰਤ ਸੱਲ੍ਹਣ, ਅਤੇ ਉਨ੍ਹਾਂ ਦੀ ਟੀਮ ਦੇ ਕ੍ਰਿਸ਼ਨ ਰਾਹੀ, ਸ਼ਮਸ਼ੇਰ ਸਿੰਘ ਪਾਲ, ਪ੍ਰਿੰ. ਬਲਬੀਰ ਛਿੱਬਰ ਅਤੇ ਕੁਲਵਿੰਦਰ ਕੌਰ ਮਹਿਕ ਵਰਗੇ ਸੁਹਿਰਦ ਸਾਥੀਆਂ ਦੀ ਸ਼ੁਕਰਗੁਜਾਰ ਹਾਂ, ਉਥੇ ਆਪਣੇ ਬਲਾਕ ਐਜੂਕੇਸ਼ਨ ਦਫਤਰ ਬਟਾਲਾ ਦੇ ਸਾਥੀ-ਕਰਮਚਾਰੀਆਂ ਅਤੇ ਅਧਿਕਾਰੀਆਂ ਵਲੋ ਮਿਲਦੀ ਆ ਰਹੀ ਹੱਲਾ-ਸ਼ੇਰੀ, ਸਹਿਯੋਗ ਅਤੇ ਸੁਚੱਜੀ ਅਗਵਾਈ ਲਈ ਉਨ੍ਹਾਂ ਦੀ ਵੀ ਦੇਣਦਾਰ ਹਾਂ।'

ਰੱਬ ਕਰੇ ! ਪੰਜਾਬੀ ਮਾਂ-ਬੋਲੀ ਦੀ ਸੇਵਾ ਲਈ ਸੰਘਰਸ਼ਸ਼ੀਲ ਕਲਾ ਤੇ ਸੱਭਿਆਚਾਰ ਦੀ ਪੁਜਾਰਨ ਵਰਿੰਦਰ ਕੌਰ ਰੰਧਾਵਾ ਇਵੇਂ ਹੀ ਨਵੀਆਂ ਪੈੜਾਂ ਸਿਰਜਦੀ ਪਹਾੜੀ ਝਰਨੇ ਵਾਂਗ ਨਿਰੰਤਰ ਵਗਦੀ, ਪਾਠਕਾਂ ਦੇ ਹਿਰਦਿਆਂ ਨੂੰ ਠੰਡਕ ਵਰਤਾਉਦੀ, ਆਪਣੇ ਗੌਰਵ-ਮਈ ਸਾਹਿਤਕ-ਖਜਾਨੇ ਨੂੰ ਮਾਲੋ-ਮਾਲ ਕਰਨ ਵਿਚ ਜੁਟੀ ਨਾਮਣਾ ਖੱਟਦੀ ਰਵ੍ਹੇ ! ਮੰਜਲਾਂ ਉਸਦੇ ਕਦਮ ਚੁੰਮਣ ! ਆਮੀਨ !

# Vaisakhi Mela 2018



## ਵਿਸਾਖੀ ਮੇਲਾ 2018

ਪੰਜਾਬੀ ਅਮੈਰਿਕਨ ਸਿੱਖ ਸੁਸਾਇਟੀ (ਪੀ. ਏ. ਐਸ. ਐਸ.) ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਿਸਾਖੀ ਮੇਲਾ 2 ਜੂਨ 2018 ਨੂੰ ਸ਼ਾਮੀ 5 ਵਜੇ ਤੋਂ 10 ਵਜੇ ਰਾਤ ਤੱਕ ਬੜੀ ਧੂੰਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਸਮੂਹ, ਪੰਜਾਬੀਆਂ, ਬੀਬੀਆਂ, ਭੈਣਾਂ, ਬੱਚਿਆਂ ਨੂੰ ਬੇਨਤੀ ਹੈ ਕਿ ਉਹ ਪੂਰੇ ਉਤਸ਼ਾਹ ਨਾਲ ਇਸ ਸਭਿਆਚਾਰਕ ਅਤੇ ਵਿਰਾਸਤੀ ਤਿਉਹਾਰ ਨੂੰ ਮਨਾਉਣ ਲਈ ਹੁੰਮ-ਹੁੰਮਾ ਕੇ ਵਿਸਾਖੀ ਮੇਲੇ ਦਾ ਆਨੰਦ ਮਾਨਣ ਲਈ ਪਹੁੰਚੋ।

**Presented by Punjabi American Sikh Society (P.A.S.S.)**




**Music, Food, Culture, Dance Performances, Raffle, Entertainment**

**Location: 1500 South Jachson St., Red Bluff, CA 96080**

**Date: June 2nd, 2018**
**Time: 5 P.M.- 10 P.M.**

**For particapation or more information call:**

Jatinder Thiara (530-936-4185), Davinder Badwal (916-662-4943), Major Singh (530-514-2485), Balwinder Johal (530-646-7369), Tarsem Singh (530-227-0436)

---

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

### ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
**530-824-5134**

### ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

### NEW & USED TIRES
### WASH, LUBE, BRAKES

Call:
**650-642-0697**

## 3525 Highway 99, West Corning, CA 96021
**Across the Street from TA Truck Stop**







ਮੱਖਣ ਸਿੰਘ ਬੈਂਸ

ਸ਼ਹੀਦਾਂ ਦੇ ਸਿਰਤਾਜ, ਕੁਰਬਾਨੀ ਦੇ ਪੁੰਜ, ਧਰਮ ਦੀ ਚੜ੍ਹਦੀਕਲਾ ਲਈ ਹਰ ਜ਼ੁਲਮ-ਸਿਤਮ ਮੂਹਰੇ ਡੱਟ ਕੇ ਖੜ੍ਹੇ ਹੋਣ ਵਾਲੇ, ਮਹਾਨ ਗੁਰੂ ਸਾਹਿਬ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਰਚੇਤਾ ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਅਤੇ ਪਵਿੱਤਰ ਸ਼ਹਾਦਤ 'ਤੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕੋਟਿ-ਕੋਟਿ ਪ੍ਰਣਾਮ ਕਰਦੇ ਹਾਂ ਜੀ



ਗਿਆਨੀ ਰਵਿੰਦਰ ਸਿੰਘ


Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Toll Free 1-866-FOR-RAJA
www.rajasweets.com
msbains@rajasweets.com

Follow us on:

Fresh Sweets, Snacks & Food
Catering for All occasions up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders



ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party 1-866-FOR RAJA www.RajaSweets.com